INTERNATIONAL
# ਪੰਜਾਬੀ ਟ੍ਰਿਬਿਊਨ
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.32 / No.19
8 May, 2026
੨੫ ਵੈਸਾਖ ਨਾਨਕਸ਼ਾਹੀ ਸੰਮਤ ੫੫੭

# ਲੋਬਲਾਅ (ਸੁਪਰ ਸਟੋਰ) ਦੀ ਆਮਦਨ ’ਚ ਮਹਿੰਗਾਈ ਦੇ ਦੌਰ ਵਿੱਚ ਵੀ ਅਥਾਹ ਵਾਧਾ

## ਆਮ ਲੋਕ ਮਹਿੰਗਾਈ ਦੀ ਮਾਰ ਹੇਠ, ਫੂਡ ਬੈਂਕ ਦੀਆਂ ਲਾਈਨਾਂ ’ਚ ਅਥਾਹ ਵਾਧਾ




**ਸਰੀ, (ਏਕਜੋਤ ਸਿੰਘ):** ਕੈਨੇਡਾ ਦੀ ਸਭ ਤੋਂ ਵੱਡੀ ਕਰਿਆਨਾ ਅਤੇ ਰਿਟੇਲ ਕੰਪਨੀ ਲੋਬਲਾਅ ਕੰਪਨੀਜ਼ ਲਿਮਟਿਡ ਨੇ ਸਾਲ 2026 ਦੀ ਪਹਿਲੀ ਤਿਮਾਹੀ ਦੇ ਵਿੱਤੀ ਨਤੀਜੇ ਜਾਰੀ ਕਰ ਦਿੱਤੇ ਹਨ। 6 ਮਈ 2026 ਨੂੰ ਜਾਰੀ ਕੀਤੀ ਗਈ ਇਸ ਅਧਿਕਾਰਤ ਰਿਪੋਰਟ ਅਨੁਸਾਰ ਕੰਪਨੀ ਨੇ ਆਮਦਨ ਅਤੇ ਸ਼ੁੱਧ ਮੁਨਾਫੇ ਦੇ ਮਾਮਲੇ ਵਿੱਚ ਬਹੁਤ ਹੀ ਮਜ਼ਬੂਤ ਪ੍ਰਦਰਸ਼ਨ ਦਰਜ ਕੀਤਾ ਹੈ। 28 ਮਾਰਚ 2026 ਨੂੰ ਖਤਮ ਹੋਈ ਇਸ ਤਿਮਾਹੀ

### ਲੋਬਲਾਅ ਦੀ ਆਮਦਨ 18.1% ਦੇ ਵਾਧੇ ਨਾਲ 14.72 ਬਿਲੀਅਨ ਡਾਲਰ ਤੱਕ ਪਹੁੰਚੀ

ਦੌਰਾਨ ਕੰਪਨੀ ਦੀ ਕੁੱਲ ਆਮਦਨ ਵਿੱਚ 4.2% ਦਾ ਵਾਧਾ ਦੇਖਿਆ ਗਿਆ ਹੈ ਜਿਸ ਨਾਲ ਇਹ ਅੰਕੜਾ 14.72 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ। ਇਹ ਵਿੱਤੀ ਨਤੀਜੇ ਅਜਿਹੇ ਸਮੇਂ ਸਾਹਮਣੇ ਆਏ ਹਨ ਜਦੋਂ ਦੇਸ਼ ਵਿੱਚ ਖਾਣ-ਪੀਣ ਦੀਆਂ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਲਗਾਤਾਰ ਬਹਿਸ ਚੱਲ ਰਹੀ ਹੈ। ਵਿੱਤੀ ਰਿਪੋਰਟ ਦੇ ਸਭ ਤੋਂ ਹੈਰਾਨੀਜਨਕ ਅੰਕੜੇ ਕੰਪਨੀ ਦੇ ਮੁਨਾਫੇ ਨਾਲ ਸਬੰਧਤ ਹਨ। ਲੋਬਲਾਅ ਦਾ ਸ਼ੁੱਧ ਮੁਨਾਫਾ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 18.1% ਵਧ ਕੇ 594 ਮਿਲੀਅਨ ਡਾਲਰ ਰਿਹਾ ਹੈ। ਕੰਪਨੀ ਦੇ ਪ੍ਰਬੰਧਕਾਂ ਅਨੁਸਾਰ ਇਸ ਵਾਧੇ ਪਿੱਛੇ ਕਈ ਅਹਿਮ ਕਾਰਨ ਹਨ ਜਿਨ੍ਹਾਂ ਵਿੱਚ ਕੰਪਨੀ

» ਬਾਕੀ ਸਫ਼ਾ 30 ’ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
✓ First-time home buyers
✓ Mortgage renewals
✓ Refinancing solutions
✓ Construction mortgage
✓ Purchase or Refinance
Amarpal Singh
Mortgage Advisor
Call : 604.338.7310
CENTUM MORTGAGE

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
AANCHAL GHAI NOTARY PUBLIC
NAVDEEP KAUR GILL NOTARY PUBLIC
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

# ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਰਿਸੋਰਸ ਸੈਂਟਰ ਦੇ ਰੰਗ-ਰੋਗਨ ਦਾ ਕੰਮ ਮੁਕੰਮਲ ਹੋਇਆ










ਵੈਨਕੂਵਰ, (ਜੁਗਿੰਦਰ ਸਿੰਘ ਸੁੰਨੜ): ਖਾਲਸਾ ਦੀਵਾਨ ਸੁਸਾਈਟੀ ਵੈਨਕੂਵਰ ਦਾ ਰਿਸੋਰਸ ਸੈਂਟਰ 1996 'ਚ ਮੁਕੰਮਲ ਹੋਇਆ ਸੀ। 2014 ਵਿੱਚ ਇਸ ਵਿੱਚ ਕਾਮਾਗਾਟਾ ਮਾਰੂ ਦੀ ਯਾਦ ਵਿੱਚ ਮਿਊਜ਼ੀਅਮ ਬਣਵਾਇਆ ਗਿਆ ਸੀ। ਲਗਭਗ 30 ਸਾਲ ਤੋਂ ਵੱਧ ਹੋ ਚੁੱਕੇ ਇਸ ਬਿਲਡਿੰਗ ਨੂੰ ਪੇਂਟਿੰਗ ਦੀ ਸਖਤ ਜਰੂਰਤ ਸੀ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਬੰਧਕ ਕਮੇਟੀ ਵੱਲੋਂ A.B Stucco Ltd. ਕੰਪਨੀ ਤੋਂ ਪੇਂਟਿੰਗ ਦਾ ਕੰਮ ਕਰਵਾਇਆ ਗਿਆ ਹੈ।

ਸਾਰੀ ਬਿਲਡਿੰਗ ਨੂੰ ਪਾਣੀ ਨਾਲ ਧੋ ਕੇ ਪੇਂਟਿੰਗ ਦਾ ਕੰਮ ਪਿਛਲੇ ਦੋ ਹਫਤਿਆਂ ਵਿੱਚ ਮੁਕੰਮਲ ਕੀਤਾ ਗਿਆ। ਕੰਪਨੀ ਦੇ ਨਾਲ All Season Stucco ਕੰਪਨੀ ਨੇ ਬੜੀ ਸਖਤ ਮਿਹਨਤ ਨਾਲ ਕੰਮ ਕੀਤਾ ਹੈ। ਬਹੁਤ ਹੀ ਘੱਟ ਰੇਟ ਤੇ ਇਹ ਕੰਮ ਕੀਤਾ ਗਿਆ ਹੈ। ਸੰਗਤਾਂ ਵੱਲੋਂ ਉਹਨਾਂ ਦੇ ਕੰਮ ਦੀ ਸਲਾਗਾ ਕੀਤੀ ਗਈ ਹੈ।

ਪ੍ਰਬੰਧਕ ਕਮੇਟੀ ਵੱਲੋਂ ਦੋਹਾਂ ਕੰਪਨੀਆਂ ਦਾ ਧੰਨਵਾਦ ਕੀਤਾ ਗਿਆ ਹੈ। ਹੁਣ ਇਸ ਬਿਲਡਿੰਗ ਨਵੀਂ ਨਕੋਰ ਬਣ ਗਈ।


# ਬਿਲਨ ਫਾਰਮਜ਼ ਲਿਮਟਡ



## ਸਾਨੂੰ ਬੇਰੀ ਤੋੜਨ ਵਾਲੇ ਵਰਕਰਾਂ ਦੀ ਲੋੜ ਹੈ।

- ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬੀ.ਸੀ. ਤੋਂ ਬਾਹਰੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

**ਪਰੂਨਿੰਗ ਲਈ ਘੰਟਿਆਂ ਤੇ ਕੰਮ ਕਰਨ ਵਾਲੇ ਵੀ ਸੰਪਰਕ ਕਰਨ**

**ਭੁਪਿੰਦਰ ਕੌਰ ਸਰਾਂ**
ਸੂਪਰਵਾਈਜ਼ਰ
778-837-4410

**ਗੁਰਜੀਤ ਬੋਇਆਲ**
ਸੂਪਰਵਾਈਜ਼ਰ
604-812-1115

**ਭਜਨ ਸਿੰਘ**
604-726-3405

**ਜਸਵਿੰਦਰ ਬੱਲ**
604-230-9506

**ਜਰਨੈਲ ਬਿਲਨ**
604-250-2703

**ਜਗਤਾਰ ਸਿੰਘ ਨਾਗਰਾ**
604-724-3813

**ਬਲਵੀਰ ਸਿੰਘ ਭੁੱਲਰ**
778-871-0066

# ਹੈਲੀਫੈਕਸ ਬੰਦਰਗਾਹ 'ਤੇ 250 ਕਿਲੋ ਕੋਕੀਨ ਬਰਾਮਦ



ਸਰੀ, (ਏਕਜੋਤ ਸਿੰਘ): ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਹੈਲੀਫੈਕਸ ਦੀ ਇੱਕ ਬੰਦਰਗਾਹ 'ਤੇ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਲਗਭਗ 250 ਕਿਲੋਗ੍ਰਾਮ ਸ਼ੱਕੀ ਕੋਕੀਨ ਬਰਾਮਦ ਕੀਤੀ ਹੈ। ਇਹ ਨਸ਼ੀਲਾ ਪਦਾਰਥ ਡੋਮਿਨਿਕਨ ਰਿਪਬਲਿਕ ਤੋਂ ਕੈਨੇਡਾ ਭੇਜਿਆ ਗਿਆ ਸੀ, ਜਿਸ ਨੂੰ ਸਰਹੱਦੀ ਅਧਿਕਾਰੀਆਂ ਨੇ ਆਪਣੀ ਮੁਸਤੈਦੀ ਸਦਕਾ ਰਸਤੇ ਵਿੱਚ ਹੀ ਰੋਕ ਲਿਆ। ਏਜੰਸੀ ਦੁਆਰਾ ਜਾਰੀ ਕੀਤੇ ਗਏ ਬਿਆਨ ਅਨੁਸਾਰ, ਨਸ਼ੇ ਦੀ ਇਹ ਖੇਪ ਬਹੁਤ ਹੀ ਗੁੰਝਲਦਾਰ ਤਰੀਕੇ ਨਾਲ ਲੁਕੋ ਕੇ ਰੱਖੀ ਗਈ ਸੀ ਤਾਂ ਜੋ ਸੁਰੱਖਿਆ ਏਜੰਸੀਆਂ ਦੀਆਂ ਨਜ਼ਰਾਂ ਤੋਂ ਬਚਿਆ ਜਾ ਸਕੇ। ਅਧਿਕਾਰੀਆਂ ਨੇ ਜਾਂਚ ਦੌਰਾਨ ਕੁੱਲ 1,178 ਪੈਕੇਟ ਬਰਾਮਦ ਕੀਤੇ ਹਨ।

ਇਸ ਮਾਮਲੇ ਦੀ ਖਾਸ ਗੱਲ ਨਸ਼ੇ ਨੂੰ ਛੁਪਾਉਣ ਦਾ ਤਰੀਕਾ ਸੀ। ਜਾਂਚਕਰਤਾਵਾਂ ਨੇ ਪਾਇਆ ਕਿ ਤਸਕਰਾਂ ਨੇ ਕੋਕੀਨ ਦੇ ਪੈਕੇਟਾਂ ਨੂੰ ਕਾਰਬਨ ਪੇਪਰ ਵਿੱਚ ਲਪੇਟਿਆ ਹੋਇਆ ਸੀ ਅਤੇ ਫਿਰ ਉਨ੍ਹਾਂ ਨੂੰ ਫਲੈਟਬ੍ਰੈੱਡ (ਰੋਟੀਆਂ) ਦੇ ਅੰਦਰ ਬਹੁਤ ਹੀ ਸਾਵਧਾਨੀ ਨਾਲ ਛੁਪਾਇਆ ਹੋਇਆ ਸੀ। CBSA ਅਨੁਸਾਰ ਇਸ ਮਾਮਲੇ ਦੀ ਜਾਂਚ ਐਤਵਾਰ ਨੂੰ ਸ਼ੁਰੂ ਹੋਈ ਸੀ ਜਦੋਂ ਅਧਿਕਾਰੀਆਂ ਨੇ ਸ਼ੱਕ ਦੇ ਅਧਾਰ 'ਤੇ ਇੱਕ ਖਾਸ ਸ਼ਿਪਮੈਂਟ ਨੂੰ ਨਿਰੀਖਣ ਲਈ ਚੁਣਿਆ। ਅਫਰੀਕਵਿਲੇ ਸੀਸਾਈਡਜ਼ ਮਰੀਨ ਕੰਟੇਨਰ ਐਗਜ਼ਾਮੀਨੇਸ਼ਨ ਫੈਸਿਲਿਟੀ ਵਿਖੇ ਤਾਇਨਾਤ ਅਧਿਕਾਰੀਆਂ ਨੇ ਐਕਸ-ਰੇ ਤਕਨਾਲੋਜੀ ਦੀ ਵਰਤੋਂ ਕੀਤੀ, ਜਿਸ ਨਾਲ ਕੰਟੇਨਰ ਦੇ ਅੰਦਰ ਕੁਝ ਅਸਾਧਾਰਨ ਵਸਤੂਆਂ ਹੋਣ ਦਾ ਸੰਕੇਤ ਮਿਲਿਆ।

ਐਕਸ-ਰੇ ਤੋਂ ਮਿਲੇ ਸਬੂਤਾਂ ਤੋਂ ਬਾਅਦ ਜਦੋਂ ਅਧਿਕਾਰੀਆਂ ਨੇ ਕੰਟੇਨਰ ਨੂੰ ਖੋਲ੍ਹ ਕੇ ਬਾਰੀਕੀ ਨਾਲ ਜਾਂਚ ਕੀਤੀ, ਤਾਂ ਉਨ੍ਹਾਂ ਨੂੰ ਫਲੈਟਬ੍ਰੈੱਡ ਦੇ ਵਿੱਚ ਨਸ਼ੀਲੇ ਪਦਾਰਥਾਂ ਦੇ ਪੈਕੇਟ ਮਿਲੇ। ਮੌਕੇ 'ਤੇ ਕੀਤੇ ਗਏ ਕਈ ਫੀਲਡ ਟੈਸਟਾਂ ਨੇ ਪੁਸ਼ਟੀ ਕੀਤੀ ਕਿ ਇਹ ਨਸ਼ੀਲਾ ਪਦਾਰਥ ਕੋਕੀਨ ਹੀ ਹੈ। ਇਸ ਤੋਂ ਤੁਰੰਤ ਬਾਅਦ CBSA ਨੇ ਸਾਰੀ ਖੇਪ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਅਗਲੇਰੀ ਕਾਰਵਾਈ ਲਈ ਇਸ ਮਾਮਲੇ ਦੀ ਜਾਂਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਦੀ ਫੈਡਰਲ ਪੁਲਿਸਿੰਗ ਸੈਂਟਰਲ ਰੀਜਨ ਨੂੰ ਸੌਂਪ ਦਿੱਤੀ। ਪੁਲਿਸ ਅਨੁਸਾਰ ਇਸ ਕਾਰਵਾਈ ਨੇ ਨਸ਼ਾ ਤਸਕਰੀ ਦੇ ਇੱਕ ਵੱਡੇ ਅੰਤਰਰਾਸ਼ਟਰੀ ਰੈਕੇਟ ਨੂੰ ਤੋੜ ਦਿੱਤਾ ਹੈ।

ਪੁਲਿਸ ਦੀ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਇਸ ਸ਼ਿਪਮੈਂਟ ਦਾ ਮੁੱਖ ਦਰਾਮਦਕਾਰ ਮਾਂਟਰੀਅਲ ਦਾ ਇੱਕ 58 ਸਾਲਾ ਵਿਅਕਤੀ ਸੀ। ਪੁਲਿਸ ਦਾ ਦੋਸ਼ ਹੈ ਕਿ ਇਸ ਵਿਅਕਤੀ ਨੇ ਓਨਟਾਰੀਓ ਦੇ ਦੋ ਹੋਰ ਵਿਅਕਤੀਆਂ ਨਾਲ ਮਿਲ ਕੇ ਇਸ ਗੈਰ-ਕਾਨੂੰਨੀ ਕੰਮ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚੀ ਸੀ। ਪੁਲਿਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂ ਸਾਰਿਆਂ ਵਿਰੁੱਧ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸਾਜ਼ਿਸ਼ ਰਚਣ ਨਾਲ ਸਬੰਧਤ ਕਈ ਗੰਭੀਰ ਅਪਰਾਧਿਕ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। This report was written by Ekjot Singh as part of the Local Journalism Initiative.

# ਹਾਲਟਨ ਰੀਜਨ ਦੇ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲਣ ਨਾਲ ਦਹਿਸ਼ਤ

ਸਰੀ, (ਏਕਜੋਤ ਸਿੰਘ): ਹਾਲਟਨ ਰੀਜਨ ਵਿੱਚ ਵੀਰਵਾਰ ਸਵੇਰੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਕਈ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਗੁਮਨਾਮ ਧਮਕੀਆਂ ਮਿਲੀਆਂ। ਪੁਲਿਸ ਅਨੁਸਾਰ ਇਹ ਧਮਕੀਆਂ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਅਤੇ ਹਾਲਟਨ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੂੰ ਭੇਜੀਆਂ ਗਈਆਂ ਸਨ। ਹਾਲਾਂਕਿ ਅਜੇ ਤੱਕ ਸਕੂਲਾਂ ਵਿੱਚ ਹੋਲਡ ਐਂਡ ਸਕਿਓਰ ਵਰਗੇ ਸਖ਼ਤ ਕਦਮ ਨਹੀਂ ਚੁੱਕੇ ਗਏ ਹਨ ਪਰ ਸੁਰੱਖਿਆ ਦੇ ਮੱਦੇਨਜ਼ਰ ਹਰ ਪ੍ਰਭਾਵਿਤ ਸਕੂਲ ਵਿੱਚ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਹੈ ਅਤੇ ਸਕੂਲ ਦੀਆਂ ਇਮਾਰਤਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਜਾ ਰਹੀ ਹੈ। ਇਸ ਘਟਨਾ ਨਾਲ ਪ੍ਰਭਾਵਿਤ ਹੋਣ ਵਾਲੇ ਸਕੂਲਾਂ ਵਿੱਚ ਓਕਵਿਲ ਟਰਾਫਲਗਰ ਹਾਈ ਸਕੂਲ, ਇਰੋਕੁਆਇਸ ਰਿਜ ਹਾਈ ਸਕੂਲ, ਐਬੇ ਪਾਰਕ ਹਾਈ ਸਕੂਲ, ਵ੍ਹਾਈਟ ਓਕਸ ਸੈਕੰਡਰੀ ਸਕੂਲ, ਗਾਰਥ ਵੈਬ ਸੈਕੰਡਰੀ ਸਕੂਲ ਅਤੇ ਐਪਲਬੀ ਕਾਲਜ ਸ਼ਾਮਲ ਹਨ। ਇਸ ਤੋਂ ਇਲਾਵਾ ਹੋਲੀ ਟ੍ਰਿਨਿਟੀ ਕੈਥੋਲਿਕ ਸੈਕੰਡਰੀ ਸਕੂਲ, ਲੋਇਓਲਾ ਕੈਥੋਲਿਕ ਸੈਕੰਡਰੀ ਸਕੂਲ ਅਤੇ ਸੇਂਟ ਥਾਮਸ ਐਕੁਆਇਨਾਸ ਕੈਥੋਲਿਕ ਸੈਕੰਡਰੀ ਸਕੂਲ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਪੁਲਿਸ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਧਮਕੀਆਂ ਦੇਣ ਵਾਲੇ ਸ਼ਰਾਰਤੀ ਅਨਸਰਾਂ ਦਾ ਪਤਾ ਲਗਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਇਹ ਧਮਕੀਆਂ ਟੋਰਾਂਟੋ ਦੇ ਕਈ ਸਕੂਲਾਂ ਵਿੱਚ ਆਈਆਂ ਅਜਿਹੀਆਂ ਹੀ ਘਟਨਾਵਾਂ ਤੋਂ ਕੁਝ ਦਿਨ ਬਾਅਦ ਮਿਲੀਆਂ ਹਨ। ਟੋਰਾਂਟੋ ਪੁਲਿਸ ਪਹਿਲਾਂ ਹੀ ਦੱਸ ਚੁੱਕੀ ਹੈ ਕਿ ਉੱਥੇ ਵੀ ਕਈ ਸਕੂਲਾਂ ਨੂੰ ਫੋਨ ਰਾਹੀਂ ਧਮਕੀਆਂ ਦਿੱਤੀਆਂ ਗਈਆਂ ਸਨ ਜੋ ਸੰਭਵ ਤੌਰ 'ਤੇ ਇੱਕੋ ਵਿਅਕਤੀ ਨਾਲ ਸਬੰਧਤ ਸਨ। ਹਾਲਟਨ ਪੁਲਿਸ ਹੁਣ ਇਸ ਗੱਲ ਦੀ ਪੜਤਾਲ ਕਰ ਰਹੀ ਹੈ ਕਿ ਕੀ ਇਨ੍ਹਾਂ ਦੋਵਾਂ ਘਟਨਾਵਾਂ ਵਿਚਕਾਰ ਕੋਈ ਆਪਸੀ ਸਬੰਧ ਹੈ। ਫਿਲਹਾਲ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਗਈ ਹੈ।

# ਕੈਨੇਡਾ ਵਿੱਚ ਨਵੀਂ ਮਰਦਮਸ਼ੁਮਾਰੀ ਦੀ ਸ਼ੁਰੂਆਤ, ਸਰਕਾਰ ਨੇ ਲੋਕਾਂ ਨੂੰ ਫਾਰਮ ਭਰਨ ਦੀ ਕੀਤੀ ਅਪੀਲ

ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਨਵੀਂ ਮਰਦਮਸ਼ੁਮਾਰੀ ਦੀ ਸ਼ੁਰੂਆਤ ਹੋ ਗਈ ਹੈ, ਜਿਸ ਦਾ ਮੁੱਖ ਮਕਸਦ ਦੇਸ਼ ਅਤੇ ਇੱਥੋਂ ਦੇ ਵਸਨੀਕਾਂ ਬਾਰੇ ਅਪਡੇਟ ਕੀਤੀ ਜਾਣਕਾਰੀ ਇਕੱਠੀ ਕਰਨਾ ਹੈ। ਕਾਨੂੰਨ ਅਨੁਸਾਰ ਇਹ ਪ੍ਰਕਿਰਿਆ ਹਰ 5 ਸਾਲ ਬਾਅਦ ਕਰਵਾਈ ਜਾਂਦੀ ਹੈ ਅਤੇ ਇਸ ਵਾਰ ਇਹ 4 ਮਈ ਤੋਂ ਸ਼ੁਰੂ ਹੋ ਚੁੱਕੀ ਹੈ। ਦੇਸ਼ ਭਰ ਵਿੱਚ ਲੋਕਾਂ ਨੂੰ ਡਾਕ ਰਾਹੀਂ ਚਿੱਠੀਆਂ ਮਿਲ ਰਹੀਆਂ ਹਨ, ਜਿਨ੍ਹਾਂ ਵਿੱਚ ਮਰਦਮਸ਼ੁਮਾਰੀ ਦੇ ਫਾਰਮ ਭਰਨ ਸਬੰਧੀ ਵਿਸਥਾਰਪੂਰਵਕ ਹਦਾਇਤਾਂ ਦਿੱਤੀਆਂ ਗਈਆਂ ਹਨ। ਮੁੱਖ ਅੰਕੜਾ ਵਿਗਿਆਨੀ ਆਂਡਰੇ ਲੌਰਾਨਜੇ ਨੇ ਇਸ ਸਬੰਧੀ ਇੱਕ ਨਿਊਜ਼ ਰਿਲੀਜ਼ ਜਾਰੀ ਕਰਦਿਆਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪ੍ਰਸ਼ਨਾਵਲੀ ਨੂੰ ਜ਼ਰੂਰ ਭਰਨ ਤਾਂ ਜੋ ਦੇਸ਼ ਵਿੱਚ ਹੋ ਰਹੇ ਬਦਲਾਅ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕੇ। ਵੈਸਟਰਨ ਯੂਨੀਵਰਸਿਟੀ ਵਿਖੇ ਸਟੈਟਿਸਟਿਕਸ ਕੈਨੇਡਾ ਰਿਸਰਚ ਡਾਟਾ ਸੈਂਟਰ ਦੇ ਡਾਇਰੈਕਟਰ ਮਾਈਕਲ ਹੈਨ ਅਨੁਸਾਰ ਇਹ ਜਾਣਕਾਰੀ ਸਰਕਾਰੀ ਨੀਤੀਆਂ ਦੀ ਬੁਨਿਆਦ ਹੁੰਦੀ ਹੈ। ਉਨ੍ਹਾਂ ਨੇ ਇੱਕ ਪ੍ਰੋਗਰਾਮ ਦੌਰਾਨ ਦੱਸਿਆ ਕਿ ਇਹ ਅੰਕੜੇ ਹੀ ਤੈਅ ਕਰਦੇ ਹਨ ਕਿ ਨਵੇਂ ਹਸਪਤਾਲ ਅਤੇ ਸਕੂਲ ਕਿੱਥੇ ਬਣਾਏ ਜਾਣੇ ਹਨ ਅਤੇ ਉਨ੍ਹਾਂ ਦਾ ਆਕਾਰ ਕੀ ਹੋਵੇਗਾ। ਇੱਥੋਂ ਤੱਕ ਕਿ ਸੜਕਾਂ ਦੀ ਚੌੜਾਈ ਅਤੇ ਹੋਰ ਜਨਤਕ ਸਹੂਲਤਾਂ ਬਾਰੇ ਫੈਸਲੇ ਵੀ ਇਸੇ ਜਾਣਕਾਰੀ ਦੇ ਆਧਾਰ 'ਤੇ ਲਏ ਜਾਂਦੇ ਹਨ। ਸਾਲ 2021 ਦੀ ਮਰਦਮਸ਼ੁਮਾਰੀ ਕੋਵਿਡ-19 ਮਹਾਂਮਾਰੀ ਦੌਰਾਨ ਹੋਈ ਸੀ, ਜਿਸ ਕਾਰਨ ਲੋਕਾਂ ਦੇ ਰਹਿਣ-ਸਹਿਣ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਵੱਡੇ ਬਦਲਾਅ ਦੇਖਣ ਨੂੰ ਮਿਲੇ ਸਨ ਅਤੇ ਹੁਣ ਨਵੀਂ ਜਾਣਕਾਰੀ ਇਨ੍ਹਾਂ ਬਦਲਾਵਾਂ ਨੂੰ ਅਪਡੇਟ ਕਰੇਗੀ। ਇਸ ਪ੍ਰਕਿਰਿਆ ਦੇ ਨਾਲ-ਨਾਲ ਖੇਤੀਬਾੜੀ ਨਾਲ ਜੁੜੀ ਇੱਕ ਵੱਖਰੀ ਮਰਦਮਸ਼ੁਮਾਰੀ ਵੀ ਕੀਤੀ ਜਾ ਰਹੀ ਹੈ, ਜੋ ਵਿਸ਼ੇਸ਼ ਤੌਰ 'ਤੇ ਦੇਸ਼ ਦੇ ਕਿਸਾਨਾਂ ਅਤੇ ਫਾਰਮਾਂ ਨੂੰ ਭੇਜੀ ਗਈ ਹੈ। ਆਂਡਰੇ ਲੌਰੈਂਜੇ ਮੁਤਾਬਕ ਇਸ ਰਾਹੀਂ ਖੇਤੀਬਾੜੀ ਖੇਤਰ ਦੇ ਆਰਥਿਕ, ਸਮਾਜਿਕ ਅਤੇ ਵਾਤਾਵਰਣੀ ਪੱਖਾਂ ਬਾਰੇ ਅਹਿਮ ਅੰਕੜੇ ਪ੍ਰਾਪਤ ਹੋਣਗੇ। ਇਹ ਜਾਣਕਾਰੀ ਭਵਿੱਖ ਵਿੱਚ ਖੇਤੀਬਾੜੀ ਨਾਲ ਸਬੰਧਤ ਯੋਜਨਾਵਾਂ ਬਣਾਉਣ ਵਿੱਚ ਸਹਾਈ ਹੋਵੇਗੀ। ਸਰਕਾਰ ਵੱਲੋਂ ਉਮੀਦ ਜਤਾਈ ਜਾ ਰਹੀ ਹੈ ਕਿ ਇਸ ਵਾਰ ਵੀ ਲੋਕ ਪੂਰੀ ਜ਼ਿੰਮੇਵਾਰੀ ਨਾਲ ਆਪਣੇ ਫਾਰਮ ਭਰਨਗੇ ਤਾਂ ਜੋ ਦੇਸ਼ ਦੀ ਤਰੱਕੀ ਲਈ ਸਹੀ ਫੈਸਲੇ ਲਏ ਜਾ ਸਕਣ।




# ਭਾਰਤ ਸਰਕਾਰ ਦੇ ਪੰਜਾਬ ਵਿਚਲੇ ਆਰਮੀ ਸਕੂਲਾਂ 'ਚ ਪੰਜਾਬੀ ਨਾਲ ਹੋ ਰਹੇ ਧੱਕੇ ਦੀ ਪੰਜਾਬੀ ਸਾਹਿਤ ਸਭਾ ਮੁੱਢਲੀ, ਐਬਸਫੋਰਡ ਵੱਲੋਂ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ

ਸਰੀ (ਗੁਰਵਿੰਦਰ ਸਿੰਘ ਧਾਲੀਵਾਲ): ਕੈਨੇਡਾ ਵਿੱਚ ਤਾਂ ਅਸੀਂ ਮਰਦਮਸ਼ੁਮਾਰੀ 2026 'ਚ ਘਰਾਂ ਚ ਬੋਲੀ ਜਾਣ ਵਾਲੀ ਜ਼ਬਾਨ ਪੰਜਾਬੀ ਲਿਖਵਾਉਣ 'ਤੇ ਜ਼ੋਰ ਦੇ ਰਹੇ ਹਾਂ, ਪਰ ਪੰਜਾਬ ਵਿੱਚ ਪੰਜਾਬੀ ਦੀ ਥਾਂ 'ਤੇ ਸੰਸਕ੍ਰਿਤ ਲਾਜ਼ਮੀ ਕਰਾਰ ਦੇ ਕੇ, ਭਾਰਤ ਸਰਕਾਰ ਦੇ ਆਪਣੇ ਆਰਮੀ ਸਕੂਲਾਂ ਵਿੱਚ ਪੰਜਾਬੀ ਨਾਲ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਜਲੰਧਰ ਸਥਿਤ ਆਰਮੀ ਸਕੂਲ ਨੇ ਪੰਜਾਬ ਵਿੱਚ ਹੀ ਪੰਜਾਬੀ ਬੋਲੀ ਨੂੰ ਬੇਗਾਨੀ ਕਰਦਿਆਂ, ਇਹ ਫਰਮਾਨ ਜਾਰੀ ਕੀਤਾ ਹੈ ਕਿ ਬੱਚਿਆਂ ਨੂੰ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾਈ ਜਾਏਗੀ ਤੇ ਪੰਜਾਬੀ ਦੀ ਥਾਂ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ਾ ਬਣਾਇਆ ਗਿਆ ਹੈ। ਮੰਦਭਾਗੀ ਗੱਲ ਇਹ ਹੈ ਕਿ ਪੰਜਾਬੀ ਸਿਰਫ ਉਹਨਾਂ ਬੱਚਿਆਂ ਨੂੰ ਹੀ ਵਿਕਲਪਕ ਵਿਸ਼ੇ ਵਜੋਂ ਪੜ੍ਹਾਈ ਜਾਏਗੀ, ਜਿਹਨਾਂ ਦੇ ਮਾਪੇ ਪੰਜਾਬੀ ਪੜਾਉਣ ਲਈ ਲਿਖਤੀ ਬੇਨਤੀ ਕਰਨਗੇ। ਭਾਰਤ ਦੀ ਭਗਵੀਂ ਕੇਂਦਰੀ ਬੀਜੇਪੀ ਸਰਕਾਰ ਦੇ ਫੌਜੀ ਸਕੂਲ ਨੇ 'ਸੰਸਕ੍ਰਿਤ ਲਾਜ਼ਮੀ' ਅਤੇ 'ਪੰਜਾਬੀ ਆਰਜ਼ੀ' ਕਰਕੇ, ਜਿਥੇ ਭਾਰਤ ਸਰਕਾਰ ਦੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ, ਉੱਥੇ ਪੰਜਾਬ ਦੀ ਆਪ ਸਰਕਾਰ ਵੱਲੋਂ ਇਸ ਪ੍ਰਤੀ ਬੇਰੁਖੀ ਹੋਰ ਵੀ ਵੱਧ ਦੁਖਦਾਈ ਹੈ। ਕੈਨੇਡਾ ਸਮੇਤ ਦੁਨੀਆਂ ਦੇ ਹਰ ਕੋਨੇ ਵਿੱਚ ਬੈਠੇ ਪੰਜਾਬੀਆਂ ਤੇ ਪੰਜਾਬੀ ਸੰਸਥਾਵਾਂ ਨੂੰ ਮੂੰਹ ਖੋਲਣਾ ਚਾਹੀਦਾ ਹੈ ਅਤੇ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਪੰਜਾਬ ਦੀਆਂ ਸਾਹਿਤ ਸੰਸਥਾਵਾਂ ਨੂੰ ਇਸ ਖਿਲਾਫ ਜ਼ੋਰਦਾਰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਪੰਜਾਬੀ ਸਹਿਤ ਸਭਾ ਮੁੱਢਲੀ ਰਜਿਸਟਰਡ, ਐਬਸਫੋਰਡ ਵੱਲੋਂ ਇਸ ਸ਼ਰਮਨਾਕ ਵਰਤਾਰੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਜਾਂਦੀ ਹੈ।


## ਬਜ਼ੁਰਗਾਂ ਵਾਸਤੇ ਮੁਫ਼ਤ ਸੇਵਾ

ਸਿੰਘ ਸਭਾ ਗੁਰਦੁਆਰਾ ਸਾਹਿਬ ਵੱਲੋਂ ਮੁਫ਼ਤ ਸੇਵਾ ਚਾਲੂ ਹੈ।
ਜਿਸ ਵਿੱਚ ਹੇਠਾਂ ਲਿਖੇ ਫ਼ਾਰਮ ਭਰੇ ਜਾਂਦੇ ਹਨ।

- ਟੈਕਸ ਫ਼ਾਰਮ
- ਪੀ.ਆਰ.ਕਾਰਡ (P.R. Card)
- ਬੁਢਾਪਾ ਪੈਨਸ਼ਨ (O.P.S.)
- ਸਿਟੀਜ਼ਨਸ਼ਿਪ ਫ਼ਾਰਮ
- ਕੰਮ ਦੀ ਪੈਨਸ਼ਨ (C.P.P.)
- ਪਾਸਪੋਰਟ ਫ਼ਾਰਮ / ਬੱਸ ਪਾਸ ਅਤੇ ਹੋਰ

ਸਮਾਂ: ਸ਼ੁੱਕਰਵਾਰ: 10:00 ਤੋਂ 12:00, ਸਥਾਨ: ਗੁਰਦੁਆਰਾ ਲਾਇਬਰੇਰੀ

ਹੋਰ ਜਾਣਕਾਰੀ ਲਈ
ਫ਼ੋਨ: 604-590-3232

# ਵੈਨਕੂਵਰ ਵਿੱਚ ਨਵੇਂ ਓਵਰਡੋਜ਼ ਰੋਕੂ ਕੇਂਦਰ ’ਤੇ ਰੋਕ ਲਗਾਉਣ ਦੀ ਤਿਆਰੀ

## ਮੇਅਰ ਕੇਨ ਸਿਮ ਵੱਲੋਂ 900 ਹੈਲਮਕਨ ਸਟਰੀਟ ‘ਤੇ ਓਪੀਐਸ ਸਾਈਟ ਵਿਰੁੱਧ ਮਤਾ



ਸਰੀ, (ਏਕਜੋਤ ਸਿੰਘ): ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਮੰਗਲਵਾਰ ਸਵੇਰੇ 900 ਹੈਲਮਕਨ ਸਟਰੀਟ ਵਿਖੇ ਪ੍ਰਸਤਾਵਿਤ ਓਵਰਡੋਜ਼ ਪ੍ਰੀਵੈਂਸ਼ਨ ਸਾਈਟ (ਓਪੀਐਸ) ਨੂੰ ਰੋਕਣ ਲਈ ਇੱਕ ਜ਼ਰੂਰੀ ਮਤਾ ਪੇਸ਼ ਕਰਨ ਦਾ ਐਲਾਨ ਕੀਤਾ ਹੈ। ਇਸ ਮਤੇ ਤਹਿਤ ਸ਼ਹਿਰ ਦੀ ਕੌਂਸਲ ਵੱਲੋਂ ਸਿਟੀ ਸਟਾਫ ਨੂੰ ਹਦਾਇਤ ਕੀਤੀ ਜਾਵੇਗੀ ਕਿ ਉਹ ਪਰਮਿਟ, ਲਾਇਸੈਂਸਿੰਗ, ਸਰਵਿਸਿੰਗ ਅਤੇ ਕਾਨੂੰਨੀ ਮਾਧਿਅਮਾਂ ਸਮੇਤ ਸਾਰੇ ਉਪਲਬਧ ਸਾਧਨਾਂ ਦੀ ਵਰਤੋਂ ਕਰਕੇ ਇਸ ਨਵੇਂ ਕੇਂਦਰ ਨੂੰ ਖੁੱਲ੍ਹਣ ਤੋਂ ਰੋਕਣ। ਮੇਅਰ ਅਨੁਸਾਰ ਸ਼ਹਿਰ ਅਜਿਹੇ ਹੱਲਾਂ ਦਾ ਸਮਰਥਨ ਨਹੀਂ ਕਰੇਗਾ ਜੋ ਨਸ਼ਾਖੋਰੀ ਦੇ ਸੰਕਟ ਨਾਲ ਜੂਝ ਰਹੇ ਲੋਕਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਭਾਈਚਾਰਿਆਂ ਦੋਵਾਂ ਦੀਆਂ ਉਮੀਦਾਂ ‘ਤੇ ਖਰੇ ਨਹੀਂ ਉਤਰਦੇ।

ਕੇਨ ਸਿਮ ਨੇ ਮੌਜੂਦਾ ਸੂਬਾਈ ਸਰਕਾਰ ਅਤੇ ਵੈਨਕੂਵਰ ਕੋਸਟਲ ਹੈਲਥ (ਵੀਸੀਐਚ) ਦੀ ਪਹੁੰਚ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸਹੀ ਯੋਜਨਾਬੰਦੀ, ਨਿਗਰਾਨੀ ਅਤੇ ਜਵਾਬਦੇਹੀ ਦੇ ਅਜਿਹੇ ਕੇਂਦਰਾਂ ਨੂੰ ਸ਼ੁਰੂ ਕਰਨ ਦੇ ਮਾੜੇ ਪ੍ਰਭਾਵ ਪਹਿਲਾਂ ਵੀ ਦੇਖੇ ਜਾ ਚੁੱਕੇ ਹਨ। ਮੇਅਰ ਨੇ ਸੂਬਾ ਸਰਕਾਰ ਵੱਲੋਂ ਡੇਢ ਸਾਲ ਪਹਿਲਾਂ ਕੀਤੇ ਗਏ 400 ਲਾਜ਼ਮੀ ਕੇਅਰ ਬੈੱਡ ਮੁਹੱਈਆ ਕਰਵਾਉਣ ਦੇ ਵਾਅਦੇ ਨੂੰ ਦੁਹਰਾਇਆ। ਉਨ੍ਹਾਂ ਇਤਰਾਜ਼ ਜਤਾਇਆ ਕਿ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਵੈਨਕੂਵਰ ਸ਼ਹਿਰ ਨੂੰ ਇੱਕ ਵੀ ਬੈੱਡ ਨਹੀਂ ਮਿਲਿਆ, ਜੋ ਕਿ ਮੌਜੂਦਾ ਸੰਕਟ ਦੌਰਾਨ ਬੇਹੱਦ ਗੈਰ-ਜ਼ਿੰਮੇਵਾਰਾਨਾ ਰਵੱਈਆ ਹੈ।

ਸ਼ਹਿਰ ਦੇ ਵਪਾਰੀਆਂ, ਸਿਹਤ ਕਰਮਚਾਰੀਆਂ ਅਤੇ ਭਾਈਚਾਰਕ ਆਗੂਆਂ ਨੇ ਪਹਿਲਾਂ ਬੰਦ ਹੋ ਚੁੱਕੇ 1060 ਹਾਓ ਸਟਰੀਟ ਅਤੇ 1101 ਸੀਮੋਰ ਸਟਰੀਟ ਦੇ ਕੇਂਦਰਾਂ ਕਾਰਨ ਪੈਦਾ ਹੋਈਆਂ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਹਵਾਲਾ ਦਿੱਤਾ ਹੈ। ਮੇਅਰ ਨੇ ਕਿਹਾ ਕਿ ਇਸ ਪ੍ਰਸਤਾਵ ਨੂੰ ਲਿਆਉਣ ਤੋਂ ਪਹਿਲਾਂ ਸਥਾਨਕ ਲੋਕਾਂ ਨਾਲ ਕੋਈ ਸਾਰਥਕ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਵੈਨਕੂਵਰ ਅਸਲ ਹੱਲ ਚਾਹੁੰਦਾ ਹੈ ਜੋ ਲੋਕਾਂ ਨੂੰ ਦੇਖਭਾਲ ਨਾਲ ਜੋੜਨ ਅਤੇ ਜਨਤਕ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਮਦਦਗਾਰ ਹੋਣ। ਜਦੋਂ ਤੱਕ ਸੂਬਾ ਸਰਕਾਰ ਅਤੇ ਸਿਹਤ ਵਿਭਾਗ ਆਪਣੀ ਨੀਤੀ ਵਿੱਚ ਵੱਡਾ ਬਦਲਾਅ ਨਹੀਂ ਕਰਦੇ, ਸ਼ਹਿਰ ਨੂੰ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। This report was written by Ekjot Singh as part of the Local Journalism Initiative.

# ਕੈਲਗਰੀ ਦੀ ਮਹੋਗਨੀ ਝੀਲ ‘ਚ ਡੁੱਬਣ ਕਾਰਨ 12 ਸਾਲਾ ਬੱਚੇ ਦੀ ਮੌਤ



ਸਰੀ, (ਏਕਜੋਤ ਸਿੰਘ): ਕੈਲਗਰੀ ਦੀ ਮਹੋਗਨੀ ਝੀਲ ਵਿੱਚ ਡੁੱਬਣ ਕਾਰਨ ਜਾਨ ਗੁਆਉਣ ਵਾਲੇ 12 ਸਾਲਾ ਬੱਚੇ ਦਮਿਲੋਲਾ ਖਾਲਿਦ ਅਫੋਲਾਬੀ ਨੂੰ ਬੁੱਧਵਾਰ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਹ ਪਰਿਵਾਰ ਇਸੇ ਸਾਲ ਮਾਰਚ ਵਿੱਚ ਘਾਨਾ ਤੋਂ ਕੈਨੇਡਾ ਆਇਆ ਸੀ। ਅੰਤਿਮ ਸਸਕਾਰ ਮੌਕੇ ਬੱਚੇ ਦੇ ਪਿਤਾ ਜੁਬਰੀਲ ਬਾਬਾਤੁੰਡੇ ਅਫੋਲਾਬੀ ਬੇਹੱਦ ਭਾਵੁਕ ਦਿਖਾਈ ਦਿੱਤੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਕੈਨੇਡਾ ਆ ਕੇ ਬਹੁਤ ਖੁਸ਼ ਸੀ ਅਤੇ ਉਸਨੇ ਇੱਥੇ ਨਵੀਂ ਜ਼ਿੰਦਗੀ ਲਈ ਬਹੁਤ ਉਮੀਦਾਂ ਜਤਾਈਆਂ ਸਨ। ਪਰਿਵਾਰ ਅਨੁਸਾਰ ਐਤਵਾਰ ਨੂੰ ਉਹ ਬਾਸਕਟਬਾਲ ਖੇਡ ਰਿਹਾ ਸੀ, ਜਿਸ ਤੋਂ ਬਾਅਦ ਉਹ ਮਹੋਗਨੀ ਝੀਲ ਵਿੱਚ ਕੁੱਦ ਗਿਆ ਅਤੇ ਲਗਭਗ 40 ਮਿੰਟ ਦੀ ਜੱਦੋ-ਜਹਿਦ ਤੋਂ ਬਾਅਦ ਬਚਾਅ ਟੀਮਾਂ ਨੂੰ ਉਸਦੀ ਦੇਹ ਮਿਲੀ। ਇਸ ਦੁਖਦਾਈ ਘਟਨਾ ਤੋਂ ਬਾਅਦ ਭਾਈਚਾਰੇ ਦੇ ਲੋਕਾਂ ਵਿੱਚ ਭਾਰੀ ਰੋਸ ਹੈ ਅਤੇ ਪ੍ਰਾਈਵੇਟ ਝੀਲਾਂ ‘ਤੇ ਸੁਰੱਖਿਆ ਨਿਯਮਾਂ ਨੂੰ ਸਖ਼ਤ ਕਰਨ ਦੀ ਮੰਗ ਉੱਠ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਝੀਲਾਂ ਵਿੱਚ ਦਾਖਲ ਹੋਣ ਲਈ ਉਮਰ ਦੀ ਘੱਟੋ-ਘੱਟ ਹੱਦ ਵਧਾਈ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਵੀ ਇਸੇ ਝੀਲ ਵਿੱਚ ਦੋ 20 ਸਾਲਾ ਨੌਜਵਾਨਾਂ ਦੀ ਡੁੱਬਣ ਕਾਰਨ ਮੌਤ ਹੋ ਗਈ ਸੀ। ਮਹੋਗਨੀ ਲੇਕ ਐਸੋਸੀਏਸ਼ਨ ਨੇ ਇਸ ਘਟਨਾ ‘ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਾਦਸੇ ਤੋਂ ਬਾਅਦ ਬੀਚ ਨੂੰ ਕੁਝ ਸਮੇਂ ਲਈ ਬੰਦ ਕਰ ਦਿੱਤਾ ਗਿਆ ਸੀ, ਜਿਸ ਨੂੰ ਮੰਗਲਵਾਰ ਸਵੇਰੇ 9 ਵਜੇ ਮੁੜ ਖੋਲ੍ਹਿਆ ਗਿਆ। ਪਰਿਵਾਰ ਦੀ ਮਦਦ ਲਈ ਹੁਣ ਫੰਡ ਵੀ ਇਕੱਠਾ ਕੀਤਾ ਜਾ ਰਿਹਾ ਹੈ।


Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।

ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH

Mortgage Advisor

Call : 604.338.7310

CENTUM MORTGAGE

# ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇ ਗੰਢ ’ਤੇ 23 ਮਈ ਸ਼ਨੀਵਾਰ ਨੂੰ ਵੈਨਕੂਵਰ ’ਚ ਗੁਰੂ ਨਾਨਕ ਜਹਾਜ਼ ਸਮਾਰਕ ’ਤੇ ਹੋਵੇਗਾ ਸਮਾਗਮ



ਵੈਨਕੂਵਰ : 23 ਮਈ ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹਰਬਰ ਗਰੀਨ ਪਾਰਕ ਵੈਨਕੂਵਰ ਵਿੱਚ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਵਿਖੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵਲੋਂ ਅਯੋਜਿਤ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸੁਸਾਇਟੀ ਅਹੁਦੇਦਾਰਾਂ ਵਲੋਂ ਪੰਜਾਬੀ ਪ੍ਰੈਸ ਕਲੱਬ ਆਫ ਬੀਸੀ ਨਾਲ ਕੀਤੀ ਗਈ ਖਾਸ ਮੀਟਿੰਗ ਦੌਰਾਨ ਪ੍ਰੋਗਰਾਮ ਸਾਂਝਾ ਕੀਤਾ ਗਿਆ ਅਤੇ ਇਸ ਸਬੰਧੀ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਗੁਰੂ ਨਾਨਕ ਜਹਾਜ਼ ਦਾ ਸਫ਼ਰ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਮੁਸਾਫਿਰਾਂ ਦੀ, ਨਿੱਡਰ ਅਤੇ ਸੁਤੰਤਰ ਹਸਤੀ ਦਾ ਦੁਰਲੱਭ ਇਤਿਹਾਸ ਹੈ। ਗੁਰੂ ਨਾਨਕ ਜਹਾਜ਼ ‘ਸੰਘਰਸ਼ ਅਤੇ ਮਨੁੱਖੀ ਹੱਕਾਂ ਲਈ ਘੋਲ’ ਦਾ ਸ਼ਾਨਦਾਰ ਇਤਿਹਾਸ ਹੈ। ਪ੍ਰੈਸ ਕਾਨਫਰਸ ਦੌਰਾਨ ਸੰਸਥਾ ਦੇ ਨੁਮਾਇੰਦਿਆਂ ; ਰਾਜ ਸਿੰਘ ਭੰਡਾਲ, ਰਸ਼ਮਿੰਦਰ ਸਿੰਘ ਬੇਦੀ, ਪ੍ਰਭਜੋਤ ਸਿੰਘ ਖਰੌੜ, ਬਲਜੀਤ ਕੌਰ ਤੇ ਡਾ ਜਸਜੋਤ ਸਿੰਘ ਮਾਨ ਨੇ ਸਾਂਝੇ ਤੌਰ ‘ਤੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ, ਵੈਨਕੂਵਰ ਦੇ ਸਮੁੰਦਰੀ ਤੱਟ ‘ਤੇ 1199 ਵੈਸਟ ਕਾਰਡੋਵਾ ਸਟਰੀਟ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਸਮਾਰਕ ਉੱਪਰ 23 ਮਈ, ਸ਼ਨੀਵਾਰ ਨੂੰ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਹੈ। ਇਸ ਵਰ੍ਹੇ ਗੰਢ ‘ਤੇ ਸਮਾਗਮ ਸਬੰਧੀ ਪੋਸਟਰ ਰਿਲੀਜ਼ ਕਰਨ ਵੇਲੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ, ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਨਾਲ ਸੰਬੰਧਤ ਸ਼ਖਸ਼ੀਅਤਾਂ ‘ਚੋਂ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਸਹੋਤਾ (ਚੜਦੀ ਕਲਾ ਨਿਊਜ਼ ਗਰੁੱਪ ਅਤੇ ਚੈਨਲ ਪੰਜਾਬੀ), ਅਮਰਪਾਲ ਸਿੰਘ ਅਤੇ ਰਸ਼ਪਾਲ ਸਿੰਘ ਗਿੱਲ (ਪੰਜਾਬ ਟਾਈਮਜ਼ , ਪੰਜਾਬੀ ਟ੍ਰਿਬਿਊਨ), ਬਲਦੇਵ ਸਿੰਘ ਮਾਨ (ਰੈਡ ਐਫ ਐਮ), ਸੁਖਵਿੰਦਰ ਸਿੰਘ ਚੋਹਲਾ ਤੇ ਬਲਵੀਰ ਕੌਰ ਢਿੱਲੋਂ (ਦੇਸ ਪ੍ਰਦੇਸ ਟਾਈਮਜ਼), ਪ੍ਰੋ. ਗੁਰਬਾਜ ਸਿੰਘ ਬਰਾੜ (ਸਰੀ ਨਿਊਜ਼), ਸੀ. ਜੇ. ਸਿੱਧੂ ਤੇ ਕੁਲਦੀਪ ਸਿੰਘ (ਸਾਂਝਾ ਟੀਵੀ), ਟੈਲੀਵਿਜ਼ਨ ਸ਼ਖਸੀਅਤਾਂ ਜਸਪ੍ਰੀਤ ਕੌਰ ਗਿੱਲ ਤੇ ਸਰਜਿੰਦਰ ਸਿੰਘ ਦੂਹੜੇ, ਕੰਵਲਜੀਤ ਸਿੰਘ ਲੱਕੀ ਰੰਧਾਵਾ (ਜਨਰਲ ਪੰਜਾਬੀ), ਦਮਨਜੀਤ ਅਤੇ ਰਮਨ ਸ਼ਰਮਾ (ਇੰਡੋ ਕਨੇਡੀਅਨ ਟਾਈਮਜ਼) ਸ਼ਾਮਿਲ ਹੋਏ। ਗੁਰੂ ਨਾਨਕ ਜਹਾਜ਼ ਹੈਰੀਟੇਜ ਵੱਲੋਂ ਸਾਂਝੇ ਤੌਰ ‘ਤੇ ਬੀਸੀ ਖਾਲਸਾ ਦਰਬਾਰ, ਵੈਨਕੂਵਰ ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਆਦਿ ਦੇ ਸਹਿਯੋਗ ਨਾਲ ਹਰ ਸਾਲ ਇਹ ਯਾਦਗਾਰੀ ਸਮਾਗਮ ਕੀਤਾ ਜਾਂਦਾ ਹੈ, ਜਿੱਥੇ ਗੁਰੂ ਨਾਨਕ ਜਹਾਜ਼ ਸਬੰਧੀ ਵਿਚਾਰਾਂ ਤੇ ਝਾਕੀਆਂ ਦੀ ਸਾਂਝ ਪਾਈ ਜਾਂਦੀ ਹੈ। ਪੰਜਾਬੀ ਪ੍ਰੈਸ ਕਲੱਬ ਬੀਸੀ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਹਾਜ਼ਰ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ। 23 ਮਈ ਦੇ ਸਮਾਗਮ ਸਬੰਧੀ ਅਹਿਮ ਗੱਲ ਇਹ ਹੈ ਕਿ ਜਿਸ ਜਗਾ ਤੋਂ ਨਸਲੀ ਜਬਰ ਨਾਲ 112 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, ਉਸੇ ਜਗ੍ਹਾ ‘ਤੇ ਚੜਦੀ ਕਲਾ ਦੇ ਸਫਰ ਦੀ ਗੱਲ ਹੋਣੀ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵੱਲੋਂ ‘ਮਾਨਵਵਾਦੀ ਸਬਰ ਨਾਲ ਨਸਲਵਾਦੀ ਜਬਰ’ ‘ਤੇ ਗੌਰਵਮਈ ਜਿੱਤ ਕਹੀ ਜਾ ਸਕਦਾ ਹੈ।

# ਅਪਰਾਧ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਬੀ.ਸੀ. ਵਿੱਚ ਨਵੀਂ ਨੀਤੀ ਲਾਗੂ

ਵਿਕਟੋਰੀਆ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਸਿਕਿਊਸ਼ਨ ਸਰਵਿਸ ਵੱਲੋਂ ਅਪਰਾਧ ਪੀੜਤਾਂ ਨਾਲ ਸੰਬੰਧਿਤ ਨੀਤੀ ਵਿੱਚ ਅਹਿਮ ਬਦਲਾਅ ਕੀਤੇ ਗਏ ਹਨ। ਇਹ ਤਬਦੀਲੀਆਂ ਸਟੈਂਟਨ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤੀਆਂ ਗਈਆਂ ਹਨ।




ਸੂਬੇ ਦੀ ਅਟਰਨੀ ਜਨਰਲ ਨਿੱਕੀ ਸ਼ਰਮਾ ਨੇ ਇਹਨਾਂ ਬਦਲਾਵਾਂ ਦਾ ਸਵਾਗਤ ਕੀਤਾ ਹੈ। ਉਹਨਾਂ ਮੁਤਾਬਕ ਨਿਆਂ ਪ੍ਰਣਾਲੀ ਵਿੱਚ ਨਿੱਜੀ ਸਾਥੀ ਵੱਲੋਂ ਕੀਤੀ ਹਿੰਸਾ ਅਤੇ ਯੌਨ ਹਿੰਸਾ ਦੇ ਪੀੜਤਾਂ ਨੂੰ ਹੁਣ ਵਧੇਰੇ ਸੁਰੱਖਿਆ ਅਤੇ ਸਹਿਯੋਗ ਮਿਲੇਗਾ।

ਅਟਰਨੀ ਜਨਰਲ ਨੇ ਸਪੱਸ਼ਟ ਕੀਤਾ ਕਿ ਕਾਨੂੰਨੀ ਪ੍ਰਕਿਰਿਆ ਦੌਰਾਨ ਕਿਸੇ ਵੀ ਪੀੜਤ ਨੂੰ ਇਕੱਲਾ ਜਾਂ ਅਣਡਿੱਠ ਮਹਿਸੂਸ ਨਹੀਂ ਕਰਨਾ ਚਾਹੀਦਾ। ਸਾਲ 2024 ਵਿੱਚ ਡਾ. ਕਿਮ ਸਟੈਂਟਨ ਨੂੰ ਨਿਆਂ ਪ੍ਰਣਾਲੀ ਵਿੱਚ ਪੀੜਤਾਂ ਨਾਲ ਹੁੰਦੇ ਸਲੂਕ ਦੀ ਸਮੀਖਿਆ ਲਈ ਨਿਯੁਕਤ ਕੀਤਾ ਗਿਆ ਸੀ। ਰਿਪੋਰਟ ਵਿੱਚ ਸਾਹਮਣੇ ਆਇਆ ਸੀ ਕਿ ਪੀੜਤਾਂ ਨੂੰ ਅਕਸਰ ਜਾਣਕਾਰੀ ਦੀ ਘਾਟ ਅਤੇ ਮੁੜ ਸਦਮੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਨਵੀਂ ਨੀਤੀ ਤਹਿਤ ਪੀੜਤਾਂ ਨੂੰ ਉਹਨਾਂ ਦੇ ਮਾਮਲਿਆਂ ਬਾਰੇ ਸਮੇਂ ਸਿਰ ਅਤੇ ਸਪੱਸ਼ਟ ਜਾਣਕਾਰੀ ਦਿੱਤੀ ਜਾਵੇਗੀ। ਇਸ ਵਿੱਚ ਦੋਸ਼ੀ ਦੀ ਰਿਹਾਈ ਦੀਆਂ ਸ਼ਰਤਾਂ ਬਾਰੇ ਜਾਣਕਾਰੀ ਵੀ ਸ਼ਾਮਲ ਹੋਵੇਗੀ। ਗਵਾਹੀ ਦੇਣ ਸਮੇਂ ਪੀੜਤਾਂ ਲਈ ਖਾਸ ਸਹਾਇਕ ਪ੍ਰਬੰਧ ਕੀਤੇ ਜਾਣਗੇ। ਨਵੇਂ ਬਦਲਾਅ ਕਾਨੂੰਨੀ ਪ੍ਰਕਿਰਿਆ ਨੂੰ ਸੌਖਾ ਬਣਾਉਣਗੇ ਅਤੇ ਪੀੜਤਾਂ ਦਾ ਸਨਮਾਨ ਬਹਾਲ ਕਰਨਗੇ। ਸਰਕਾਰ ਦਾ ਮਕਸਦ ਇੱਕ ਅਜਿਹਾ ਮਾਹੌਲ ਸਿਰਜਣਾ ਹੈ ਜਿੱਥੇ ਪੀੜਤ ਇਨਸਾਫ਼ ਲਈ ਬਿਨਾਂ ਕਿਸੇ ਡਰ ਤੋਂ ਅੱਗੇ ਆ ਸਕਣ। This report was written by Ekjot Singh as part of the Local Journalism Initiative.

YOUR NEIGHBOURHOOD LAYER
RISHI LAW CORPORATION
Criminal Law
» Assault Charges
» Drug Charges
» Theft/Fraud
» Uttering Threats
» Driving Offences
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Divorces Probate
All kind of Notary Services
NARINDER RISHI
Barrister, Solicitor & Notary Public
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
“Over 20 years experience as Denturist”
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।
BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਕੇਲੋਨਾ ਵਿਖੇ ਵਿਸਾਖੀ ਨੂੰ ਸਮਰਪਿਤ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ

### ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂਆਂ ਨੇ ਭਰੀ ਹਾਜਰੀ

ਕੇਲੋਨਾ, (ਹਰਦਮ ਮਾਨ): ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੇਲੋਨਾ ਵਿਖੇ ਓਕਨਾਗਨ ਸਿੱਖ ਟੈਂਪਲ ਵੱਲੋਂ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ 16ਵਾਂ ਨਗਰ ਕੀਰਤਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਸਾਜ਼ਗਾਰ ਮੌਸਮ ਦੇ ਦਰਮਿਆਨ ਸਜਾਏ ਗਏ ਇਸ ਨਗਰ ਕੀਰਤਨ ਵਿੱਚ ਤਕਰੀਬਨ 15 ਹਜ਼ਾਰ ਤੋਂ ਵੱਧ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ, ਜਿਸ ਨਾਲ ਪੂਰਾ ਸ਼ਹਿਰ ਖਾਲਸਾਈ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਤੋਂ ਅਰੰਭ ਹੋਏ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਨਗਰ ਕੀਰਤਨ ਦੀ ਵਿਸ਼ੇਸ਼ ਖਿੱਚ 'ਓਕਨਾਗਨ ਪੰਜਾਬੀ ਰਾਈਡਰਜ਼ ਮੋਟਰਸਾਈਕਲ ਕਲੱਬ' ਦੇ ਸਵਾਰ ਸਨ, ਜੋ ਆਪਣੇ ਸਜੇ ਹੋਏ ਮੋਟਰਸਾਈਕਲਾਂ ਨਾਲ ਪਰੇਡ ਦੀ ਅਗਵਾਈ ਕਰ ਰਹੇ ਸਨ। ਸ਼ਰਧਾਲੂਆਂ ਵੱਲੋਂ ਆਪਣੇ ਟਰੈਕਟਰਾਂ ਨੂੰ ਸੁੰਦਰ ਢੰਗ ਨਾਲ ਸਜਾ ਕੇ ਪਰੇਡ ਵਿੱਚ ਸ਼ਾਮਲ ਕੀਤਾ ਗਿਆ। ਬੱਚਿਆਂ ਅਤੇ ਨੌਜਵਾਨਾਂ ਵੱਲੋਂ ਪੇਸ਼ ਕੀਤੇ ਗਏ ਗੱਤਕੇ ਦੇ ਜੌਹਰ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।















ਇਸ ਵਾਰ ਨਗਰ ਕੀਰਤਨ ਦਾ ਇੱਕ ਅਹਿਮ ਪਹਿਲੂ ਪੁਸਤਕ ਪ੍ਰਦਰਸ਼ਨੀਆਂ ਰਹੀਆਂ। 'ਗੁਲਾਟੀ ਪਬਲਿਸ਼ਰਜ਼ ਸਰੀ' ਦੇ ਹਰਦਮ ਸਿੰਘ ਮਾਨ ਅਤੇ 'ਸਾਂਝਾ ਪੰਜਾਬ' ਵੱਲੋਂ ਲਗਾਈਆਂ ਗਈਆਂ ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਵਿੱਚ ਪਾਠਕਾਂ ਨੇ ਭਾਰੀ ਦਿਲਚਸਪੀ ਦਿਖਾਈ। ਸ਼ਿੰਦਾ ਢਿੱਲੋਂ, ਸ਼ਾਇਰ ਪਾਲ ਢਿੱਲੋਂ, ਬਲਜੀਤ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਸਕੱਤਰ ਇੰਦਰਜੀਤ ਸਿੰਘ ਸੰਧੂ ਨੇ ਨੌਜਵਾਨ ਪੀੜ੍ਹੀ ਵੱਲੋਂ ਕਿਤਾਬਾਂ ਪ੍ਰਤੀ ਦਿਖਾਏ ਗਏ ਇਸ ਪਿਆਰ ਨੂੰ ਇੱਕ ਬਹੁਤ ਹੀ ਸ਼ੁਭ ਸੰਕੇਤ ਅਤੇ ਮਹੱਤਵਪੂਰਨ ਮੋੜ ਦੱਸਿਆ।

ਗੁਰਦੁਆਰਾ ਸਾਹਿਬ ਦੀ ਪਾਰਕਿੰਗ ਅਤੇ ਪਰੇਡ ਦੇ ਰਸਤੇ ਵਿੱਚ ਵੱਖ-ਵੱਖ ਕਾਰੋਬਾਰੀਆਂ, ਬੈਂਕਾਂ ਅਤੇ ਸੰਸਥਾਵਾਂ ਵੱਲੋਂ ਦਰਜਨਾਂ ਸਟਾਲ ਲਗਾਏ ਗਏ ਸਨ। ਸੇਵਾਦਾਰਾਂ ਵੱਲੋਂ ਸੰਗਤਾਂ ਲਈ ਮੁਫ਼ਤ ਲੰਗਰ, ਫਲ ਅਤੇ ਤਾਜ਼ਗੀ ਭਰਪੂਰ ਪੀਣ ਵਾਲੇ ਪਦਾਰਥਾਂ ਦੀ ਸੇਵਾ ਅਤੁੱਟ ਵਰਤਾਈ ਗਈ। ਸਥਾਨਕ ਲੋਕ ਰਵਾਇਤੀ ਪੰਜਾਬੀ ਪਹਿਰਾਵਿਆਂ ਵਿੱਚ ਸਜ ਕੇ ਇਸ ਸਾਂਝੀਵਾਲਤਾ ਦੇ ਪ੍ਰਤੀਕ ਸਮਾਗਮ ਦਾ ਹਿੱਸਾ ਬਣੇ। ਨਗਰ ਕੀਰਤਨ ਦੀ ਸਫਲਤਾ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਗੁਰਦੁਆਰਾ ਸਾਹਿਬ ਦੇ ਸਕੱਤਰ ਇੰਦਰਜੀਤ ਸਿੰਘ ਸੰਧੂ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਸ਼ਾਮਲ ਹੋਈਆਂ ਸੰਗਤਾਂ, ਸੇਵਾਦਾਰਾਂ ਅਤੇ ਸਹਿਯੋਗੀ ਅਦਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਹ ਸਮਾਗਮ ਧਾਰਮਿਕ ਅਕੀਦਤ ਅਤੇ ਭਾਈਚਾਰਕ ਸਾਂਝ ਦੀ ਇੱਕ ਮਿਸਾਲ ਬਣ ਕੇ ਸੰਪੰਨ ਹੋਇਆ।




# ਅਟੌਰਨੀ ਜਨਰਲ ਅਤੇ ਡਿਪਟੀ ਪ੍ਰੀਮੀਅਰ ਮਾਣਯੋਗ ਨਿੱਕੀ ਸ਼ਰਮਾ ਆਪਣੀ ਟੀਮ ਨਾਲ ਗੁਰਦਵਾਰਾ ਨਾਨਕ ਨਿਵਾਸ ਵਿਖੇ ਹੋਏ ਨਤਮਸਤਕ

ਸਰੀ, (ਬਲਵੰਤ ਸਿੰਘ ਸੰਘੇੜਾ) ਬੀ.ਸੀ. ਦੇ ਅਟੌਰਨੀ ਜਨਰਲ ਅਤੇ ਡਿਪਟੀ ਪ੍ਰੀਮੀਅਰ ਮਾਣਯੋਗ ਨਿੱਕੀ ਸ਼ਰਮਾ ਅਤੇ ਐਂਟੀ ਰੇਸਿਜਮ ਦੇ ਪਾਰਲੀਮੈਂਟਰੀ ਸੈਕਟਰੀ ਅਮਨਾ ਸ਼ਾਹ ਗੁਰਦਵਾਰਾ ਨਾਨਕ ਨਿਵਾਸ, ਨੰਬਰ ਪੰਜ ਰੋਡ ਰਿਚਮੰਡ ਵਿਖੇ ਨਤਮਸਤਕ ਹੋਏ।



ਉਹਨਾਂ ਨੇ ਗੁਰੂ ਘਰ ਵਿਖੇ ਸੰਗਤਾਂ ਨੂੰ ਸੰਬੋਧਨ ਕਰਨ ਦੇ ਨਾਲ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਵੀ ਖਾਸ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਸੰਗਤ ਦੇ ਨਾਲ ਲੰਗਰ ਹਾਲ ਵਿਚ ਲੰਗਰ ਦਾ ਵੀ ਆਨੰਦ ਮਾਣਿਆ। ਸ਼ਰਮਾ ਅਤੇ ਸ਼ਾਹ ਨੇ ਰਿਚਮੰਡ ਦੇ ਮਸ਼ਹੂਰ ਸਵਰਗ ਦੇ ਰਾਹ ਉੱਪਰ ਕਾਫੀ ਧਰਮ ਅਸਥਾਨਾਂ ਦਾ ਟੂਰ ਵੀ ਕੀਤਾ ਅਤੇ ਉਹਨਾਂ ਦੀ ਸ਼ਲਾਘਾ ਕੀਤੀ। ਮਾਣਯੋਗ ਸ਼ਰਮਾ ਨੇ ਧਰਮ ਅਸਥਾਨਾਂ ਦੇ ਅੱਗੇ ਪਰੋਟੈਸਟਾਂ ਨੂੰ ਰੋਕਣ ਲਈ ਆ ਰਹੇ ਕਾਨੂੰਨ ਵਾਰੇ ਵੀ ਸਾਂਝ ਪਾਈ।

ਉਹਨਾਂ ਨੇ ਸੰਗਤਾਂ ਨੂੰ ਸੰਬੋਦਨ ਕਰਦਿਆਂ ਸਾਡੇ ਬਜੁਰਗਾਂ ਦੀਆਂ ਕੁਰਬਾਨੀਆ ਦਾ ਵੀ ਜਿਕਰ ਕੀਤਾ ਅਤੇ ਸਿੱਖਾਂ ਦੀ ਕੈਨੇਡਾ ਨੂੰ ਦੇਣ ਅਤੇ ਅਪਰੈਲ ਨੂੰ ਸਿੱਖ ਹੈਰੀਟੇਜ ਮਹੀਨੇ ਵਜੋਂ ਪਛਾਣ ਲਈ ਸੰਗਤਾਂ ਨੂੰ ਵਧਾਈ ਦਿੱਤੀ। ਇਸ ਦੇ ਨਾਲ ਹੀ ਸਿੱਖਾਂ ਦੀਆਂ ਕੁਰਬਾਨੀਆਂ ਲਈ ਉਹਨਾਂ ਦਾ ਧੰਨਵਾਦ ਕੀਤਾ। ਬੀਬੀ ਅਮਨਾ ਸ਼ਾਹ ਨੇ ਵਧ ਰਹੇ ਨਸਲਵਾਦ ਵਾਰੇ ਅਤੇ ਇਸ ਨੂੰ ਨੱਥ ਪਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਾਰੇ ਸਾਂਝ ਪਾਈ। ਦੋਹਾਂ ਨੇ ਸਵਰਗ ਦੇ ਰਾਹ ਦੀ ਜਥੇਬੰਦੀ ਦੇ ਪਰਬੰਧਕਾਂ ਨਾਲ ਵੀ ਬਹੁਤ ਸੁਹਾਵਣੇ ਵਾਤਾਵਰਨ ਵਿਚ ਮੀਟਿੰਗ ਕੀਤੀ ਅਤੇ ਸਭ ਦਾ ਧੰਨਵਾਦ ਕੀਤਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਨਿੱਕੀ ਸ਼ਰਮਾਂ ਨੂੰ ਉਸਦੇ ਉਪਰਾਲਿਆਂ ਸਦਕਾ ਅਤੇ ਕਮਿਊਨਿਟੀ ਦੀ ਸੇਵਾ ਕਰਨ ਲਈ ਇਕ ਪਲੇਕ ਭੇਂਟ ਕੀਤਾ।

ਸਬੀਬੀ ਨਿੱਕੀ ਸ਼ਰਮਾ ਨੇ ਸਮੁੱਚੀ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਇਸ ਮਾਣ, ਪਿਆਰ ਅਤੇ ਸਤਿਕਾਰ ਲਈ ਧੰਨਵਾਦ ਕੀਤਾ।

# ਡੇਟਿੰਗ ਐਪਸ ਰਾਹੀਂ ਔਰਤਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਵਿਅਕਤੀ ਗ੍ਰਿਫ਼ਤਾਰ

ਸਰੀ, (ਏਕਜੋਤ ਸਿੰਘ): ਐਡਮੰਟਨ ਪੁਲਿਸ ਨੇ ਇੱਕ ਅਹਿਮ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਡੇਟਿੰਗ ਐਪਸ ਰਾਹੀਂ ਔਰਤਾਂ ਨਾਲ ਸੰਪਰਕ ਬਣਾ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ 56 ਸਾਲਾ ਵਿਲੀਅਮ ਮੈਕਮੁਲਿਨ ਵਿਰੁੱਧ ਹੁਣ ਹੋਰ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਪੁਲਿਸ ਅਨੁਸਾਰ ਪੰਜ ਹੋਰ ਔਰਤਾਂ ਵੱਲੋਂ ਦੋਸ਼ ਲਗਾਏ ਜਾਣ ਤੋਂ ਬਾਅਦ ਹੁਣ ਇਸ ਮਾਮਲੇ ਵਿੱਚ ਕੁੱਲ ਸ਼ਿਕਾਇਤਕਰਤਾਵਾਂ ਦੀ ਗਿਣਤੀ 9 ਹੋ ਗਈ ਹੈ। ਇਹ ਘਟਨਾਵਾਂ 2021 ਤੋਂ ਚੱਲ ਰਹੀਆਂ ਸਨ ਅਤੇ ਮੁਲਜ਼ਮ ਵਿਰੁੱਧ 10 ਨਵੇਂ ਚਾਰਜ ਲਗਾਏ ਗਏ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੈਕਮੁਲਿਨ ਫੇਸਬੁੱਕ ਡੇਟਿੰਗ, ਬੰਬਲ ਅਤੇ ਟਿੰਡਰ ਵਰਗੀਆਂ ਆਨਲਾਈਨ ਐਪਸ ਰਾਹੀਂ ਔਰਤਾਂ ਨਾਲ ਗੱਲਬਾਤ ਕਰਦਾ ਸੀ। ਇੱਕ ਪੀੜਤ ਔਰਤ ਨੇ ਪੁਲਿਸ ਨੂੰ ਦੱਸਿਆ ਕਿ ਉਸਨੂੰ ਮੁਲਜ਼ਮ ਦੇ ਘਰ ਬੁਲਾਇਆ ਗਿਆ ਸੀ, ਜਿੱਥੇ ਉਸਨੂੰ ਕਥਿਤ ਤੌਰ 'ਤੇ ਨਸ਼ੀਲੀ ਚੀਜ਼ ਦੇ ਕੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਇਹ ਅਪਰਾਧਿਕ ਘਟਨਾਵਾਂ ਐਡਮੰਟਨ ਅਤੇ ਕੈਲਗਰੀ ਵਿੱਚ ਵਾਪਰੀਆਂ ਸਨ। ਪੁਲਿਸ ਨੇ ਉਸਨੂੰ 17 ਮਾਰਚ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਸ 'ਤੇ ਜਿਨਸੀ ਸ਼ੋਸ਼ਣ, ਵੋਇਰਿਜ਼ਮ, ਹਥਿਆਰ ਨਾਲ ਹਮਲਾ ਅਤੇ ਨਜਾਇਜ਼ ਕੈਦ ਵਰਗੇ ਕਈ ਗੰਭੀਰ ਇਲਜ਼ਾਮ ਲਗਾਏ ਗਏ ਹਨ। ਸਟਾਫ ਸਾਰਜੈਂਟ ਬ੍ਰਾਇਨ ਮੈਕਗੁਇਗਨ ਨੇ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਅੱਗੇ ਆਉਣਾ ਬਹੁਤ ਹਿੰਮਤ ਦਾ ਕੰਮ ਹੈ ਅਤੇ ਪੁਲਿਸ ਹਰ ਰਿਪੋਰਟ ਦੀ ਸੰਵੇਦਨਸ਼ੀਲਤਾ ਅਤੇ ਸਨਮਾਨ ਨਾਲ ਜਾਂਚ ਕਰਨ ਲਈ ਵਚਨਬੱਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਹੋਰ ਵੀ ਇਸ ਦਾ ਸ਼ਿਕਾਰ ਹੋਇਆ ਹੈ, ਤਾਂ ਉਹ ਤੁਰੰਤ 780-423-4567 'ਤੇ ਸੰਪਰਕ ਕਰ ਸਕਦਾ ਹੈ।



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD Value $500
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry Family & Community Dentistry
604-391-1010 | maplesmiles.ca
8364 Young Road, Unit 101, Chilliwack

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ
SANJHA PUNJAB SINCE 1997
ਸਾਂਝਾ ਪੰਜਾਬ ਸਵੀਟਸ
ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।
100% Vegitarian
Special Rates for Gurdwara & Mandir

CONTACT : SATJINDER SAMRA
604-930-9099
E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurlal Singh
Journalist

• Hardam Singh Maan
Surrey
604-308-6663

• Ekjot Singh
News Reporter

Printed & Published in Canada by :
International Punjabi Tribune Inc.

604-616-2171
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

Publisher is not responsible in any mishappening between the customer and Advertiser.

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਗਲੋਬਲ ਊਰਜਾ ਸੰਕਟ ਅਤੇ ਕੈਨੇਡਾ ਦੇ ਅਰਥਚਾਰੇ ਲਈ ਚੁਣੌਤੀਆਂ

ਸੰਪਾਦਕੀ

ਅੰਤਰਰਾਸ਼ਟਰੀ ਊਰਜਾ ਏਜੰਸੀ ਦੇ ਮੁਖੀ ਫਤਿਹ ਬਿਰੋਲ ਦੀਆਂ ਤਾਜ਼ਾ ਟਿੱਪਣੀਆਂ ਨੇ ਕੈਨੇਡਾ ਦੇ ਸਿਆਸੀ ਅਤੇ ਆਰਥਿਕ ਹਲਕਿਆਂ ਵਿੱਚ ਇੱਕ ਨਵੀਂ ਅਤੇ ਗੰਭੀਰ ਬਹਿਸ ਛੇੜ ਦਿੱਤੀ ਹੈ। ਈਰਾਨ ਵਿੱਚ ਚੱਲ ਰਹੇ ਯੁੱਧ ਕਾਰਨ ਪੂਰੀ ਦੁਨੀਆ ਵਿੱਚ ਊਰਜਾ ਦਾ ਜੋ ਭਾਰੀ ਸੰਕਟ ਪੈਦਾ ਹੋਇਆ ਹੈ ਉਸ ਦੇ ਭਿਆਨਕ ਨਤੀਜਿਆਂ ਤੋਂ ਕੈਨੇਡਾ ਵੀ ਬਹੁਤੀ ਦੇਰ ਤੱਕ ਅਛੂਤਾ ਨਹੀਂ ਰਹਿ ਸਕੇਗਾ। ਓਟਾਵਾ ਵਿੱਚ ਊਰਜਾ ਮੰਤਰੀ ਟਿਮ ਹੌਜਸਨ ਨਾਲ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਬਿਰੋਲ ਨੇ ਸਪੱਸ਼ਟ ਕੀਤਾ ਹੈ ਕਿ ਭਾਵੇਂ ਕੈਨੇਡਾ ਦੇ ਲੋਕਾਂ ਨੂੰ ਅਜੇ ਇਸ ਸੰਕਟ ਦੀ ਸਿੱਧੀ ਮਾਰ ਨਹੀਂ ਪਈ ਹੈ ਪਰ ਆਉਣ ਵਾਲੇ ਦਿਨਾਂ ਵਿੱਚ ਇਹ ਹਰ ਕੈਨੇਡੀਅਨ ਦੀ ਰੋਜ਼ਾਨਾ ਜ਼ਿੰਦਗੀ ਦਾ ਸਭ ਤੋਂ ਵੱਡਾ ਮੁੱਦਾ ਬਣਨ ਜਾ ਰਿਹਾ ਹੈ। ਵਿਸ਼ਵ ਪੱਧਰ ਉੱਤੇ ਊਰਜਾ ਸਪਲਾਈ ਦੀਆਂ ਤਾਰਾਂ ਇੰਨੀਆਂ ਗੁੰਝਲਦਾਰ ਤਰੀਕੇ ਨਾਲ ਜੁੜੀਆਂ ਹੋਈਆਂ ਹਨ ਕਿ ਮੱਧ ਪੂਰਬ ਵਿੱਚ ਵਾਪਰਨ ਵਾਲੀ ਕੋਈ ਵੀ ਮਾੜੀ ਘਟਨਾ ਉੱਤਰੀ ਅਮਰੀਕਾ ਦੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਝੰਜੋੜਨ ਦੀ ਪੂਰੀ ਤਾਕਤ ਰੱਖਦੀ ਹੈ। ਬਿਰੋਲ ਦਾ ਇਹ ਬਿਆਨ ਕੋਈ ਆਮ ਚਿਤਾਵਨੀ ਨਹੀਂ ਹੈ ਬਲਕਿ ਇਹ ਦਰਸਾਉਂਦਾ ਹੈ ਕਿ ਕੈਨੇਡਾ ਸਰਕਾਰ ਲਈ ਇਹ ਸਮਾਂ ਕਿਸੇ ਵੀ ਤਰ੍ਹਾਂ ਦੀ ਖੁਸ਼ਫਹਿਮੀ ਵਿੱਚ ਰਹਿਣ ਦਾ ਨਹੀਂ ਹੈ। ਸਗੋਂ ਇਹ ਸਮਾਂ ਆਉਣ ਵਾਲੇ ਵੱਡੇ ਆਰਥਿਕ ਝਟਕਿਆਂ ਲਈ ਅਗਾਊਂ ਤਿਆਰੀ ਕਰਨ ਦਾ ਹੈ ਤਾਂ ਜੋ ਆਮ ਨਾਗਰਿਕਾਂ ਨੂੰ ਇਸ ਦੀ ਮਾਰ ਤੋਂ ਬਚਾਇਆ ਜਾ ਸਕੇ।

ਮੌਜੂਦਾ ਊਰਜਾ ਸੰਕਟ ਦੀ ਅਸਲ ਗੰਭੀਰਤਾ ਨੂੰ ਡੂੰਘਾਈ ਨਾਲ ਸਮਝਣ ਲਈ ਸਾਨੂੰ ਪਿਛਲੀ ਸਦੀ ਦੇ ਇਤਿਹਾਸ ਦੇ ਪੰਨੇ ਫਰੋਲਣੇ ਪੈਣਗੇ। ਬਿਰੋਲ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਇਹ ਮੌਜੂਦਾ ਸੰਕਟ 1973 ਅਤੇ 1979 ਦੇ ਇਤਿਹਾਸਕ ਸੰਕਟਾਂ ਨਾਲੋਂ ਵੀ ਕਿਤੇ ਵੱਧ ਭਿਆਨਕ ਰੂਪ ਧਾਰਨ ਕਰ ਚੁੱਕਾ ਹੈ। ਉਸ ਸਮੇਂ ਪੂਰੀ ਦੁਨੀਆ ਨੇ ਰੋਜ਼ਾਨਾ 10 ਮਿਲੀਅਨ ਬੈਰਲ ਤੇਲ ਦੀ ਕਮੀ ਦਾ ਸਾਹਮਣਾ ਕੀਤਾ ਸੀ ਜਿਸ ਨੇ ਵਿਸ਼ਵ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਤੋੜ ਕੇ ਰੱਖ ਦਿੱਤੀ ਸੀ। ਇਸ ਦੇ ਮੁਕਾਬਲੇ ਮੌਜੂਦਾ ਈਰਾਨ ਯੁੱਧ ਕਾਰਨ ਅਸੀਂ ਪਹਿਲਾਂ ਹੀ 14 ਮਿਲੀਅਨ ਬੈਰਲ ਪ੍ਰਤੀ ਦਿਨ ਦਾ ਨੁਕਸਾਨ ਝੱਲ ਰਹੇ ਹਾਂ ਜੋ ਕਿ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਅੰਕੜਾ ਹੈ। ਫਾਰਸ ਦੀ ਖਾੜੀ ਵਿੱਚ ਹਾਲਾਤ ਇੰਨੇ ਖਰਾਬ ਹੋ ਚੁੱਕੇ ਹਨ ਕਿ ਤੇਲ ਦੇ ਵੱਡੇ ਟੈਂਕਰ ਹਾਰਮੁਜ਼ ਜਲਡਮਰੂ ਰਾਹੀਂ ਸੁਰੱਖਿਅਤ ਢੰਗ ਨਾਲ ਲੰਘਣ ਤੋਂ ਪੂਰੀ ਤਰ੍ਹਾਂ ਅਸਮਰੱਥ ਹਨ। ਅਮਰੀਕੀ ਨਾਕਾਬੰਦੀ ਕਾਰਨ ਈਰਾਨ ਦੇ ਤੇਲ ਨਿਰਯਾਤ ਲਗਭਗ ਠੱਪ ਹੋ ਚੁੱਕੇ ਹਨ। ਆਮ ਹਾਲਾਤਾਂ ਵਿੱਚ ਦੁਨੀਆ ਦਾ ਲਗਭਗ ਪੰਜਵਾਂ ਹਿੱਸਾ ਤੇਲ ਅਤੇ ਤਰਲ ਕੁਦਰਤੀ ਗੈਸ ਇਸੇ ਰਸਤੇ ਰਾਹੀਂ ਹੋ ਕੇ ਵੱਖ ਵੱਖ ਦੇਸ਼ਾਂ ਤੱਕ ਪਹੁੰਚਦੀ ਹੈ। ਇਸ ਰਸਤੇ ਦੇ ਬੰਦ ਹੋਣ ਦਾ ਸਿੱਧਾ ਅਰਥ ਇਹ ਹੈ ਕਿ ਵਿਸ਼ਵ ਦੀ ਮੁੱਖ ਊਰਜਾ ਸਪਲਾਈ ਲਾਈਨ ਕੱਟੀ ਗਈ ਹੈ। ਸਥਿਤੀ ਇੰਨੀ ਨਾਜ਼ੁਕ ਹੋ ਚੁੱਕੀ ਹੈ ਕਿ ਜੇਕਰ ਈਰਾਨ ਆਪਣਾ ਤੇਲ ਬਰਾਮਦ ਨਹੀਂ ਕਰ ਸਕਦਾ ਤਾਂ ਉਸ ਕੋਲ ਇਸ ਨੂੰ ਆਪਣੇ ਦੇਸ਼ ਵਿੱਚ ਸਟੋਰ ਕਰਨ ਦੀ ਜਗ੍ਹਾ ਵੀ ਤੇਜ਼ੀ ਨਾਲ ਖਤਮ ਹੋ ਰਹੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ 2 ਹਫਤਿਆਂ ਦੇ ਅੰਦਰ ਈਰਾਨ ਨੂੰ ਮਜਬੂਰਨ ਆਪਣੇ ਕੁਝ ਵੱਡੇ ਖੂਹਾਂ ਤੋਂ ਉਤਪਾਦਨ ਬੰਦ ਕਰਨਾ ਪੈ ਸਕਦਾ ਹੈ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਆਲਮੀ ਬਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਜਾਣਗੀਆਂ।

ਇਹ ਮੌਜੂਦਾ ਸੰਕਟ ਸਿਰਫ਼ ਪੈਟਰੋਲ ਜਾਂ ਡੀਜ਼ਲ ਤੱਕ ਹੀ ਸੀਮਤ ਨਹੀਂ ਰਹਿਣ ਵਾਲਾ ਹੈ। ਇਸ ਯੁੱਧ ਨੇ ਕੁਦਰਤੀ ਗੈਸ ਦੀ ਉਪਲਬਧਤਾ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਬਿਰੋਲ ਅਨੁਸਾਰ ਇਹ ਨੁਕਸਾਨ 2022 ਵਿੱਚ ਰੂਸ ਵੱਲੋਂ ਯੂਰਪ ਨੂੰ ਕੁਦਰਤੀ ਗੈਸ ਦੀ ਸਪਲਾਈ ਬੰਦ ਕਰਨ ਵੇਲੇ ਹੋਏ ਨੁਕਸਾਨ ਨਾਲੋਂ ਵੀ ਕਿਤੇ ਵੱਧ ਵਿਆਪਕ ਹੈ। ਅਸਲ ਵਿੱਚ ਤੇਲ ਅਤੇ ਗੈਸ ਸਾਡੇ ਆਧੁਨਿਕ ਜੀਵਨ ਦਾ ਮੂਲ ਆਧਾਰ ਹਨ ਅਤੇ ਇਹਨਾਂ ਉੱਤੇ ਅਣਗਿਣਤ ਹੋਰ ਉਦਯੋਗ ਨਿਰਭਰ ਕਰਦੇ ਹਨ। ਇਹਨਾਂ ਦੀ ਕਮੀ ਦਾ ਸਿੱਧਾ ਅਤੇ ਸਭ ਤੋਂ ਮਾੜਾ ਅਸਰ ਖਾਦਾਂ ਦੇ ਉਤਪਾਦਨ ਉੱਤੇ ਪੈਂਦਾ ਹੈ। ਖਾਦਾਂ ਦੀ ਕਮੀ ਕਾਰਨ ਪੂਰੀ ਦੁਨੀਆ ਵਿੱਚ ਖੇਤੀਬਾੜੀ ਅਤੇ ਅਨਾਜ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ ਜਿਸ ਨਾਲ ਭੋਜਨ ਸੰਕਟ ਪੈਦਾ ਹੋਣ ਦਾ ਖਦਸ਼ਾ ਹੈ। ਇਸ ਤੋਂ ਇਲਾਵਾ ਪੈਟਰੋਕੈਮੀਕਲ ਉਤਪਾਦਾਂ ਦੀ ਭਾਰੀ ਕਮੀ ਕਾਰਨ ਪਲਾਸਟਿਕ ਅਤੇ ਹੋਰ ਰੋਜ਼ਾਨਾ ਵਰਤੋਂ ਵਾਲੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਵੀ ਭਾਰੀ ਉਛਾਲ ਆਵੇਗਾ। ਹੀਲੀਅਮ ਅਤੇ ਸਲਫਰ ਵਰਗੇ ਅਹਿਮ ਤੱਤਾਂ ਦੀ ਕਮੀ ਉਦਯੋਗਿਕ ਖੇਤਰ ਨੂੰ ਡੂੰਘੀ ਸੱਟ ਮਾਰੇਗੀ। ਆਉਣ ਵਾਲੇ ਕੁਝ ਮਹੀਨਿਆਂ ਵਿੱਚ ਆਮ ਨਾਗਰਿਕਾਂ ਨੂੰ ਇਹ ਚੰਗੀ ਤਰ੍ਹਾਂ ਸਮਝ ਆ ਜਾਵੇਗਾ ਕਿ ਇਹ ਸਭ ਅਦਿੱਖ ਚੀਜ਼ਾਂ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਕਿੰਨੀ ਅਹਿਮੀਅਤ ਰੱਖਦੀਆਂ ਹਨ। ਜਦੋਂ ਸਪਲਾਈ ਚੇਨ ਵਿੱਚ ਵਿਘਨ ਪੈਂਦਾ ਹੈ ਤਾਂ ਮਹਿੰਗਾਈ ਦਰ ਬਿਲਕੁਲ ਬੇਕਾਬੂ ਹੋ ਜਾਂਦੀ ਹੈ ਜਿਸਦਾ ਸਭ ਤੋਂ ਵੱਧ ਖਮਿਆਜ਼ਾ ਆਮ ਆਦਮੀ ਨੂੰ ਹੀ ਭੁਗਤਣਾ ਪੈਂਦਾ ਹੈ।

ਕੈਨੇਡਾ ਦੇ ਊਰਜਾ ਮੰਤਰੀ ਟਿਮ ਹੌਜਸਨ ਦਾ ਇਹ ਮੰਨਣਾ ਹੈ ਕਿ ਦੇਸ਼ ਦੇ ਮਜ਼ਬੂਤ ਅਤੇ ਲਚਕੀਲੇ ਊਰਜਾ ਢਾਂਚੇ ਕਾਰਨ ਅਸੀਂ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਥੋੜ੍ਹੀ ਬਿਹਤਰ ਸਥਿਤੀ ਵਿੱਚ ਹਾਂ। ਉਹਨਾਂ ਦੇ ਬਿਆਨ ਅਨੁਸਾਰ ਕੈਨੇਡਾ ਦੇ ਕਈ ਸਹਿਯੋਗੀ ਦੇਸ਼ ਊਰਜਾ ਦੀ ਭਾਰੀ ਕਮੀ ਕਾਰਨ ਆਪਣੇ ਉਦਯੋਗਿਕ ਕੰਮਕਾਜ ਠੱਪ ਕਰਨ ਦੀ ਕਗਾਰ ਉੱਤੇ ਪਹੁੰਚ ਗਏ ਹਨ। ਭਾਵੇਂ ਕੈਨੇਡਾ ਸਰਕਾਰ ਦਾ ਇਹ ਲਗਾਤਾਰ ਦਾਅਵਾ ਹੈ ਕਿ ਉਹਨਾਂ ਦਾ ਦੇਸ਼ ਇਸ ਸੰਕਟ ਤੋਂ ਸਿੱਧੇ ਤੌਰ ਉੱਤੇ ਬਚਿਆ ਹੋਇਆ ਹੈ ਪਰ ਮੰਤਰੀ ਸਾਹਿਬ ਖੁਦ ਵੀ ਮੰਨਦੇ ਹਨ ਕਿ ਆਲਮੀ ਕੀਮਤਾਂ ਦਾ ਅਸਰ ਇੱਥੇ ਵੀ ਜ਼ਰੂਰ ਪਵੇਗਾ। ਜੇਕਰ ਮੌਜੂਦਾ ਹਾਲਾਤਾਂ ਉੱਤੇ ਛੇਤੀ ਕਾਬੂ ਨਾ ਪਾਇਆ ਗਿਆ ਤਾਂ ਕੈਨੇਡਾ ਵਿੱਚ ਵੀ ਮਹਿੰਗਾਈ ਦਾ ਇੱਕ ਨਵਾਂ ਅਤੇ ਲੰਮਾ ਦੌਰ ਸ਼ੁਰੂ ਹੋ ਸਕਦਾ ਹੈ। ਸਰਕਾਰ ਵੱਲੋਂ ਬੀਤੇ ਮਹੀਨੇ ਈਂਧਨ ਟੈਕਸ ਨੂੰ ਆਰਜ਼ੀ ਤੌਰ ਉੱਤੇ ਮੁਅੱਤਲ ਕਰਨਾ ਯਕੀਨਨ ਇੱਕ ਚੰਗਾ ਕਦਮ ਸੀ ਜਿਸ ਨਾਲ ਕੈਨੇਡੀਅਨਾਂ ਨੂੰ ਕੁਝ ਹੱਦ ਤੱਕ ਫੌਰੀ ਰਾਹਤ ਮਿਲੀ ਹੈ ਪਰ ਇਹ ਕੋਈ ਪੱਕਾ ਅਤੇ ਸਥਾਈ ਹੱਲ ਨਹੀਂ ਮੰਨਿਆ ਜਾ ਸਕਦਾ। ਬਿਰੋਲ ਨੇ ਠੀਕ ਹੀ ਇਸ਼ਾਰਾ ਕੀਤਾ ਹੈ ਕਿ ਵਿਸ਼ਵ ਪੱਧਰੀ ਅਰਥਚਾਰੇ ਵਿੱਚ ਜੇਕਰ ਕੈਨੇਡਾ ਦੇ ਮੌਜੂਦਾ ਜਾਂ ਭਵਿੱਖ ਦੇ ਗਾਹਕ ਦੇਸ਼ ਆਰਥਿਕ ਤੌਰ ਉੱਤੇ ਕਮਜ਼ੋਰ ਹੁੰਦੇ ਹਨ ਤਾਂ ਉਹਨਾਂ ਦੀ ਖਰੀਦ ਸ਼ਕਤੀ ਘਟ ਜਾਵੇਗੀ। ਇਸ ਦਾ ਸਿੱਧਾ ਮਾੜਾ ਅਸਰ ਕੈਨੇਡਾ ਦੇ ਆਪਣੇ ਨਿਰਯਾਤ ਅਤੇ ਸਮੁੱਚੇ ਆਰਥਿਕ ਵਿਕਾਸ ਉੱਤੇ ਪੈਣਾ ਲਾਜ਼ਮੀ ਹੈ। ਅਸੀਂ ਇੱਕ ਅਜਿਹੇ ਗਲੋਬਲ ਪਿੰਡ ਦਾ ਹਿੱਸਾ ਹਾਂ ਜਿੱਥੇ ਕੋਈ ਵੀ ਦੇਸ਼ ਪੂਰੀ ਤਰ੍ਹਾਂ ਅਲੱਗ ਥਲੱਗ ਰਹਿ ਕੇ ਆਪਣਾ ਆਰਥਿਕ ਬਚਾਅ ਨਹੀਂ ਕਰ ਸਕਦਾ।

ਇਸ ਆਲਮੀ ਸੰਕਟ ਨੇ ਕੈਨੇਡਾ ਦੇ ਅੰਦਰ ਇੱਕ ਪੁਰਾਣੀ ਅਤੇ ਭਖਦੀ ਬਹਿਸ ਨੂੰ ਮੁੜ ਜਨਮ ਦੇ ਦਿੱਤਾ ਹੈ। ਦੇਸ਼ ਦੇ ਵੱਡੇ ਆਇਲਸੈਂਡਸ ਉਤਪਾਦਕਾਂ ਦਾ ਕਹਿਣਾ ਹੈ ਕਿ ਮੌਜੂਦਾ ਆਲਮੀ ਹਾਲਾਤਾਂ ਵਿੱਚ ਭਰੋਸੇਮੰਦ ਅਤੇ ਸਸਤੀ ਊਰਜਾ ਦੀ ਅਹਿਮੀਅਤ ਪੂਰੀ ਤਰ੍ਹਾਂ ਸਾਬਤ ਹੋ ਚੁੱਕੀ ਹੈ। ਆਇਲ ਸੈਂਡਸ ਅਲਾਇੰਸ ਨੇ ਫੈਡਰਲ ਅਤੇ ਅਲਬਰਟਾ ਸਰਕਾਰਾਂ ਦੀ ਸਖਤ ਆਲੋਚਨਾ ਕੀਤੀ ਹੈ ਕਿ ਉਹ ਊਰਜਾ ਸਮਝੌਤਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਬਹੁਤ ਜ਼ਿਆਦਾ ਸੁਸਤੀ ਵਰਤ ਰਹੀਆਂ ਹਨ। ਉਦਯੋਗਪਤੀਆਂ ਦਾ ਦ੍ਰਿੜਤਾ ਨਾਲ ਮੰਨਣਾ ਹੈ ਕਿ ਕੈਨੇਡਾ ਕੋਲ ਆਪਣੇ ਤੇਲ ਨਿਰਯਾਤ ਵਧਾਉਣ ਅਤੇ ਏਸ਼ੀਆਈ ਬਾਜ਼ਾਰਾਂ ਵਿੱਚ ਨਵੇਂ ਗਾਹਕ ਲੱਭਣ ਦਾ ਇਹ ਇੱਕ ਬਹੁਤ ਹੀ ਸੁਨਹਿਰੀ ਮੌਕਾ ਹੈ ਜਿਸ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਪਰ ਸਰਕਾਰ ਦੀਆਂ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਅਤੇ ਗੈਰ ਮੁਕਾਬਲੇਬਾਜ਼ ਕਾਰਬਨ ਟੈਕਸ ਢਾਂਚੇ ਕਾਰਨ ਵੱਡੇ ਨਿਵੇਸ਼ਕ ਪਿੱਛੇ ਹਟ ਰਹੇ ਹਨ। ਅੰਕੜੇ ਸਪੱਸ਼ਟ ਦੱਸਦੇ ਹਨ ਕਿ 2013 ਤੋਂ ਬਾਅਦ ਕੈਨੇਡਾ ਵਿੱਚ ਕੋਈ ਵੀ ਵੱਡਾ ਨਵਾਂ ਗ੍ਰੀਨਫੀਲਡ ਆਇਲਸੈਂਡਸ ਪ੍ਰੋਜੈਕਟ ਸ਼ੁਰੂ ਨਹੀਂ ਹੋ ਸਕਿਆ ਹੈ ਅਤੇ ਇਸ ਖੇਤਰ ਵਿੱਚ ਨਿਵੇਸ਼ ਵਿੱਚ ਭਾਰੀ ਗਿਰਾਵਟ ਆਈ ਹੈ। ਉਦਯੋਗ ਜਗਤ ਦੀ ਠੋਸ ਦਲੀਲ ਹੈ ਕਿ ਜੇਕਰ ਅਸੀਂ ਹੁਣ ਵੀ ਆਪਣੇ ਕੁਦਰਤੀ ਸਰੋਤਾਂ ਦਾ ਪੂਰਾ ਫਾਇਦਾ ਨਹੀਂ ਉਠਾਵਾਂਗੇ ਤਾਂ ਅਸੀਂ ਆਲਮੀ ਆਰਥਿਕ ਦੌੜ ਵਿੱਚ ਬਹੁਤ ਪਿੱਛੇ ਰਹਿ ਜਾਵਾਂਗੇ। ਦੇਸ਼ ਦੀ ਡਗਮਗਾਉਂਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਨਵੀਆਂ ਪਾਈਪਲਾਈਨਾਂ ਵਿਛਾਉਣ ਅਤੇ ਤੇਲ ਦਾ ਨਿਰਯਾਤ ਵਧਾਉਣ ਦੀ ਸਖ਼ਤ ਲੋੜ ਹੈ।

ਵਾਤਾਵਰਣ ਪ੍ਰੇਮੀ ਅਤੇ ਜਲਵਾਯੂ ਸਮੂਹ ਇਸ ਸਾਰੀ ਸਥਿਤੀ ਨੂੰ ਬਿਲਕੁਲ ਵੱਖਰੇ ਅਤੇ ਦੂਰਅੰਦੇਸ਼ੀ ਨਜ਼ਰੀਏ ਤੋਂ ਦੇਖਦੇ ਹਨ। 6 ਪ੍ਰਮੁੱਖ ਜਲਵਾਯੂ ਸਮੂਹਾਂ ਦੇ ਮੁਖੀਆਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੇ ਨੂੰ ਸਾਂਝੇ ਤੌਰ ਉੱਤੇ ਅਪੀਲ ਕੀਤੀ ਹੈ ਕਿ ਇਸ ਮੌਜੂਦਾ ਸੰਕਟ ਨੂੰ ਕਿਸੇ ਵੀ ਕੀਮਤ ਉੱਤੇ ਤੇਲ ਦਾ ਉਤਪਾਦਨ ਵਧਾਉਣ ਦੇ ਬਹਾਨੇ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ। ਉਹਨਾਂ ਦੀ ਦਲੀਲ ਬਹੁਤ ਹੀ ਠੋਸ ਅਤੇ ਤਰਕਸੰਗਤ ਹੈ ਕਿ ਹੋਰ ਵਿਕਸਿਤ ਦੇਸ਼ ਹੁਣ ਜੈਵਿਕ ਬਾਲਣ ਤੋਂ ਤੇਜ਼ੀ ਨਾਲ ਦੂਰ ਹੋ ਰਹੇ ਹਨ ਅਤੇ ਸਾਫ ਊਰਜਾ ਵੱਲ ਆਪਣੇ ਕਦਮ ਵਧਾ ਰਹੇ ਹਨ। ਜਦੋਂ ਪੂਰੀ ਦੁਨੀਆ ਪਵਨ ਊਰਜਾ ਅਤੇ ਸੂਰਜੀ ਊਰਜਾ ਦੇ ਵੱਡੇ ਪ੍ਰੋਜੈਕਟ ਲਗਾ ਰਹੀ ਹੈ ਅਤੇ ਆਪਣੀ ਆਵਾਜਾਈ ਨੂੰ ਇਲੈਕਟ੍ਰਿਕ ਵਾਹਨਾਂ ਵੱਲ ਤਬਦੀਲ ਕਰ ਰਹੀ ਹੈ ਤਾਂ ਕੈਨੇਡਾ ਨੂੰ ਪਿਛਾਂਹਖਿੱਚੂ ਨੀਤੀਆਂ ਨਹੀਂ ਅਪਣਾਉਣੀਆਂ ਚਾਹੀਦੀਆਂ। ਵਾਤਾਵਰਣ ਮਾਹਰਾਂ ਅਨੁਸਾਰ ਜਿਹੜੇ ਲੋਕ ਇਹ ਸਮਝਦੇ ਹਨ ਕਿ ਯੁੱਧ ਕਾਰਨ ਤੇਲ ਨਿਰਯਾਤ ਵਧਾਉਣਾ ਇੱਕ ਆਰਥਿਕ ਸਮਝਦਾਰੀ ਹੈ ਉਹ ਅਸਲ ਵਿੱਚ ਇੱਕ ਬਹੁਤ ਵੱਡੀ ਅਤੇ ਗੰਭੀਰ ਇਤਿਹਾਸਕ ਭੁੱਲ ਕਰ ਰਹੇ ਹਨ। ਆਉਣ ਵਾਲਾ ਭਵਿੱਖ ਪੂਰੀ ਤਰ੍ਹਾਂ ਸਾਫ ਊਰਜਾ ਦਾ ਹੈ ਅਤੇ ਜੇਕਰ ਅਸੀਂ ਅੱਜ ਆਪਣੇ ਘਰੇਲੂ ਢਾਂਚੇ ਨੂੰ ਹਰੀ ਊਰਜਾ ਅਨੁਸਾਰ ਨਹੀਂ ਢਾਲਾਂਗੇ ਤਾਂ ਭਵਿੱਖ ਵਿੱਚ ਆਉਣ ਵਾਲੇ ਅਜਿਹੇ ਭਿਆਨਕ ਊਰਜਾ ਝਟਕਿਆਂ ਤੋਂ ਅਸੀਂ ਕਦੇ ਵੀ ਨਹੀਂ ਬਚ ਸਕਾਂਗੇ। ਆਲਮੀ ਤਪਸ਼ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਭਿਆਨਕ ਚੁਣੌਤੀਆਂ ਸਾਨੂੰ ਪਹਿਲਾਂ ਵਾਲੀਆਂ ਗਲਤੀਆਂ ਦੁਹਰਾਉਣ ਦੀ ਬਿਲਕੁਲ ਇਜਾਜ਼ਤ ਨਹੀਂ ਦਿੰਦੀਆਂ।

# ਏਆਈ ਤਕਨਾਲੋਜੀ ਅਤੇ ਕੈਨੇਡੀਅਨ ਨੌਕਰੀਆਂ ‘ਤੇ ਖ਼ਤਰਾ, ਯੂਨੀਅਨ ਆਗੂਆਂ ਨੇ ਕੀਤਾ ਸੁਚੇਤ

## ਕੈਨੇਡੀਅਨ ਟੈਲੀਕਾਮ ਕੰਪਨੀਆਂ ਵੱਲੋਂ ਕਾਲ ਸੈਂਟਰਾਂ ਵਿੱਚ ਆਵਾਜ਼ ਬਦਲਣ ਵਾਲੀ ਏਆਈ ਤਕਨਾਲੋਜੀ ਦੀ ਵਰਤੋਂ

ਸਰੀ, (ਏਕਜੋਤ ਸਿੰਘ): ਕਾਲ ਸੈਂਟਰ ਕਰਮਚਾਰੀਆਂ ਦੇ ਲਹਿਜ਼ੇ ਨੂੰ ਰੀਅਲ ਟਾਈਮ ਵਿੱਚ ਬਦਲਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਵਧਦੀ ਵਰਤੋਂ ਨੇ ਯੂਨੀਅਨ ਆਗੂਆਂ ਅਤੇ ਅਕਾਦਮਿਕ ਮਾਹਿਰਾਂ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਤਕਨਾਲੋਜੀ ਨਾ ਸਿਰਫ਼ ਗਾਹਕਾਂ ਨੂੰ ਗੁੰਮਰਾਹ ਕਰ ਸਕਦੀ ਹੈ, ਸਗੋਂ ਕੈਨੇਡਾ ਵਿੱਚ ਰੁਜ਼ਗਾਰ ਦੇ ਮੌਕਿਆਂ ‘ਤੇ ਵੀ ਮਾੜਾ ਅਸਰ ਪਾ ਸਕਦੀ ਹੈ। ਇਹ ਮੁੱਦਾ ਉਦੋਂ ਚਰਚਾ ਵਿੱਚ ਆਇਆ ਜਦੋਂ ਲੇਬਰ ਪ੍ਰਤੀਨਿਧੀਆਂ ਨੇ ਦਾਅਵਾ ਕੀਤਾ ਕਿ ਦੇਸ਼ ਦੀ ਘੱਟੋ-ਘੱਟ ਇੱਕ ਵੱਡੀ ਦੂਰਸੰਚਾਰ ਕੰਪਨੀ ਵਿਦੇਸ਼ੀ ਏਜੰਟਾਂ ਦੀ ਪਛਾਣ ਲੁਕਾਉਣ ਲਈ ਇਸ ਤਕਨਾਲੋਜੀ ਦੀ ਵਰਤੋਂ ਕਰ ਰਹੀ ਹੈ। ਯੂਨੀਫੋਰ (Unifor) ਦੇ ਟੈਲੀਕਮਿਊਨੀਕੇਸ਼ਨ ਡਾਇਰੈਕਟਰ ਰੌਚ ਲੈਬਲੈਂਕ ਨੇ 30 ਅਪ੍ਰੈਲ ਨੂੰ ਇੱਕ ਸੰਸਦੀ ਕਮੇਟੀ ਨੂੰ ਦੱਸਿਆ ਕਿ ਕੈਨੇਡਾ ਦੀਆਂ ਤਿੰਨ ਵੱਡੀਆਂ ਟੈਲੀਕਾਮ ਕੰਪਨੀਆਂ ਵਿੱਚੋਂ ਇੱਕ ਅਜਿਹੀ



ਹੈ ਜੋ ਏਆਈ ਰਾਹੀਂ ਇਹ ਤਬਦੀਲੀ ਕਰ ਰਹੀ ਹੈ।

ਹਾਲਾਂਕਿ ਲੈਬਲੈਂਕ ਨੇ ਕੰਪਨੀ ਦਾ ਨਾਮ ਸਪੱਸ਼ਟ ਨਹੀਂ ਕੀਤਾ, ਪਰ ‘ਟੇਲਸ ਡਿਜੀਟਲ’ ਨੇ ਪਹਿਲਾਂ ਆਪਣੀ ਵੈੱਬਸਾਈਟ ‘ਤੇ ਇੱਕ ਅਜਿਹੀ ਸਾਂਝੇਦਾਰੀ ਦਾ ਐਲਾਨ ਕੀਤਾ ਸੀ ਜੋ ਮੁਲਾਜ਼ਮਾਂ ਦੇ ਲਹਿਜ਼ੇ ਨੂੰ ‘ਨਰਮ’ ਕਰਨ ਵਿੱਚ ਮਦਦ ਕਰਦੀ ਹੈ। ਇਹ ਤਕਨਾਲੋਜੀ ਅਸਲ ਸਮੇਂ ਵਿੱਚ ਆਵਾਜ਼ ਦੀਆਂ ਵਿਸ਼ੇਸ਼ਤਾਵਾਂ ਨੂੰ ਬਦਲ ਦਿੰਦੀ ਹੈ ਤਾਂ ਜੋ ਗੈਰ-ਮੂਲ ਅੰਗਰੇਜ਼ੀ ਬੋਲਣ ਵਾਲੇ ਵੀ ਸਥਾਨਕ ਲੋਕਾਂ ਵਰਗੇ ਸੁਣਾਈ ਦੇ ਸਕਣ। ਰੋਜਰਸ ਕਮਿਊਨੀਕੇਸ਼ਨਜ਼ ਅਤੇ ਬੈੱਲ ਕੈਨੇਡਾ ਨੇ ਅਜਿਹੀ ਕਿਸੇ ਵੀ ਤਕਨਾਲੋਜੀ ਦੀ ਵਰਤੋਂ ਤੋਂ ਇਨਕਾਰ ਕੀਤਾ ਹੈ, ਜਦੋਂ ਕਿ ਟੇਲਸ ਨੇ ਇਸ ਬਾਰੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਫਿਲੀਪੀਨਜ਼ ਵਰਗੇ ਦੇਸ਼ ਕਾਲ ਸੈਂਟਰਾਂ ਦੇ ਵਿਸ਼ਵਵਿਆਪੀ ਕੇਂਦਰ ਹਨ ਜਿੱਥੇ ਕੈਨੇਡੀਅਨ ਕੰਪਨੀਆਂ ਲਾਗਤ ਘਟਾਉਣ ਲਈ ਆਪਣਾ ਕੰਮ ਆਊਟਸੋਰਸ ਕਰਦੀਆਂ ਹਨ। ਮੈਕਗਿਲ ਯੂਨੀਵਰਸਿਟੀ ਦੀ ਐਸੋਸੀਏਟ ਪ੍ਰੋਫੈਸਰ ਰੇਨੀ ਸੀਬਰ ਅਨੁਸਾਰ, ਇਹ ਤਕਨਾਲੋਜੀ ਕੈਨੇਡੀਅਨਾਂ ਦੀਆਂ ਨੌਕਰੀਆਂ ਲਈ ਖਤਰਾ ਬਣ ਸਕਦੀ ਹੈ ਕਿਉਂਕਿ ਇਹ ਕੰਪਨੀਆਂ ਨੂੰ ਆਪਣਾ ਕੰਮ ਵਿਦੇਸ਼ਾਂ ਵਿੱਚ ਭੇਜਣਾ ਹੋਰ ਵੀ ਆਸਾਨ ਬਣਾ ਦਿੰਦੀ ਹੈ। ਕੈਨੇਡੀਅਨ ਟੈਲੀਕਮਿਊਨੀਕੇਸ਼ਨ ਵਰਕਰਜ਼ ਐਲਾਇੰਸ ਨੇ ਕਿਹਾ ਹੈ ਕਿ ਗਾਹਕਾਂ ਨੂੰ ਇਹ ਜਾਣਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨਾਲ ਗੱਲਬਾਤ ਦੌਰਾਨ ਏਆਈ ਦੀ ਵਰਤੋਂ ਕੀਤੀ ਜਾ ਰਹੀ ਹੈ। ਪਾਰਦਰਸ਼ਤਾ ਦੀ ਘਾਟ ਗਾਹਕਾਂ ਦੇ ਭਰੋਸੇ ਨੂੰ ਠੇਸ ਪਹੁੰਚਾ ਸਕਦੀ ਹੈ ਅਤੇ ਸਥਾਨਕ ਰੁਜ਼ਗਾਰ ਮਾਰਕੀਟ ਨੂੰ ਨੁਕਸਾਨ ਪਹੁੰਚਾ ਸਕਦੀ ਹੈ। This report was written by Ekjot Singh as part of the Local Journalism Initiative.

# ਪੰਜਾਬੀ ਗੀਤਕਾਰੀ ਦੇ ‘ਗੁਆਚੇ ਲਾਲਾਂ’ ਦੇ ਖੋਜੀ ਲੇਖਕ ਅਸ਼ੋਕ ਬਾਂਸਲ ਮਾਨਸਾ ਦਾ ਸਰੀ ਵਿਖੇ ਨਿੱਘਾ ਸਵਾਗਤ

ਸਰੀ, (ਹਰਦਮ ਮਾਨ): ਪੰਜਾਬੀ ਸੱਭਿਆਚਾਰ, ਗੀਤਕਾਰੀ ਅਤੇ ਸੰਗੀਤ ਦੇ ਅਣਛੂਹੇ ਪੰਨਿਆਂ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਵਾਲੇ ਉੱਘੇ ਖੋਜੀ ਲੇਖਕ ਅਸ਼ੋਕ ਬਾਂਸਲ ਮਾਨਸਾ ਦਾ ਬੀਤੇ ਦਿਨੀਂ ਸਰੀ ਸਥਿਤ ‘ਗੁਲਾਟੀ ਪਬਲਿਸ਼ਰਜ਼ ਲਿਮਟਿਡ’ ਵਿਖੇ ਪਹੁੰਚਣ ’ਤੇ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਭਰਵਾਂ ਸਵਾਗਤ ਅਤੇ ਸਨਮਾਨ ਕੀਤਾ ਗਿਆ।

ਆਪਣੇ ਸੰਬੋਧਨ ਦੌਰਾਨ ਅਸ਼ੋਕ ਬਾਂਸਲ ਨੇ ਦੱਸਿਆ ਕਿ ਉਨ੍ਹਾਂ ਦੀਆਂ ਪੁਸਤਕਾਂ ‘ਮਿੱਟੀ ਨੂੰ ਫਰੋਲ ਜੋਗੀਆ’ (ਚੜ੍ਹਦਾ ਪੰਜਾਬ) ਅਤੇ ‘ਲੱਭ ਜਾਣਗੇ ਲਾਲ ਗੁਆਚੇ’ (ਲਹਿੰਦਾ ਪੰਜਾਬ) ਪਿਛਲੇ 20 ਸਾਲਾਂ ਦੀ ਸਖ਼ਤ ਮਿਹਨਤ ਅਤੇ ਲੰਮੀ ਜਦੋਜਹਿਦ ਦਾ ਸਿੱਟਾ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਕਿਤਾਬਾਂ ਨਹੀਂ, ਸਗੋਂ ਪੰਜਾਬੀ ਗੀਤ-ਕਲਾ ਦੇ ਉਨ੍ਹਾਂ ਅਣਗੌਲੇ ਸਿਤਾਰਿਆਂ ਦੀ ਇਬਾਦਤ ਹੈ, ਜੋ ਪੰਜਾਬੀ ਜ਼ੁਬਾਨ ਦੀ ਝੋਲੀ ਅਮੀਰ ਕਰਕੇ ਖ਼ਾਮੋਸ਼ੀ ਨਾਲ ਜਹਾਨੋਂ ਰੁਖ਼ਸਤ ਹੋ ਗਏ। ਉਨ੍ਹਾਂ ਦੇ ਸਿਵੇ ਜਗਾਉਣਾ ਅਤੇ ਉਨ੍ਹਾਂ ਦੀ



ਵਿਰਾਸਤ ਨੂੰ ਸਾਂਭਣਾ ਉਹ ਆਪਣਾ ਜਨੂੰਨ ਮੰਨਦੇ ਹਨ।

ਸਮਾਗਮ ਦੌਰਾਨ ਹਾਜ਼ਰ ਵਿਦਵਾਨਾਂ ਅਤੇ ਲੇਖਕਾਂ ਨੇ ਬਾਂਸਲ ਦੇ ਕਾਰਜ ਦੀ ਮਹੱਤਤਾ ’ਤੇ ਚਰਚਾ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਸਿੱਧ ਗੀਤਕਾਰ ਇੰਦਾ ਰਾਇਕੋਟੀ ਨੇ ਕਿਹਾ ਕਿ ਬਾਂਸਲ ਨਹਿੰਦੇ ਪੰਜਾਬ ਦੇ ਗੁਮਨਾਮ ਗੀਤਕਾਰਾਂ ਦੇ ਯੋਗਦਾਨ ਨੂੰ ਉਜਾਗਰ ਕਰਕੇ ਗੁੰਮ ਹੋ ਰਹੇ ਇਤਿਹਾਸ ਨੂੰ ਮੁੜ ਜੀਵਤ ਕਰ ਦਿੱਤਾ ਹੈ। ਨਾਮਵਰ ਸ਼ਾਇਰ ਜਸਵਿੰਦਰ ਨੇ ‘ਮਿੱਟੀ ਨੂੰ ਫਰੋਲ ਜੋਗੀਆ’ ਪੁਸਤਕ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਵਿਚ ਚੜ੍ਹਦੇ ਪੰਜਾਬ ਦੇ ਗੀਤਕਾਰਾਂ ਦੇ ਸਫ਼ਰ ਨੂੰ ਬਹੁਤ ਸੂਝ-ਬੂਝ ਅਤੇ ਡੂੰਘੀ ਖੋਜ ਨਾਲ ਪੇਸ਼ ਕੀਤਾ ਗਿਆ ਹੈ।

ਬਹੁਪੱਖੀ ਲੇਖਕ ਜਸਵੀਰ ਭਲੂਰੀਆ ਨੇ ਅਸ਼ੋਕ ਬਾਂਸਲ ਨੂੰ “ਗੀਤਕਾਰਾਂ ਅਤੇ ਗਾਇਕਾਂ ਦੀ ਚਲਦੀ-ਫਿਰਦੀ ਲਾਇਬਰੇਰੀ” ਕਰਾਰ ਦਿੰਦਿਆਂ ਕਿਹਾ ਕਿ ਸੰਗੀਤਕ ਇਤਿਹਾਸ ਬਾਰੇ ਜਿੰਨੀ ਮੁਕੰਮਲ ਜਾਣਕਾਰੀ ਉਨ੍ਹਾਂ ਕੋਲ ਹੈ, ਉਹ ਮਿਸਾਲੀ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਬਾਂਸਲ ਪਿਛਲੀ ਅੱਧੀ ਸਦੀ ਤੋਂ ਸੰਗੀਤਕ ਖ਼ਜ਼ਾਨੇ ਦੀ ਖੋਜ ਕਰ ਰਹੇ ਹਨ ਅਤੇ ਅੱਜ ਉਹ ਪੰਜਾਬੀ ਗੀਤ-ਸੰਗੀਤ ਦੀ ਵਿਰਾਸਤ ਦੇ ਅਸਲ ‘ਪਹਿਰੇਦਾਰ’ ਵਜੋਂ ਉੱਭਰੇ ਹਨ। ਮੀਡੀਆ ਸ਼ਖ਼ਸੀਅਤ ਨਿਰੰਜਨ ਲਹਿਲ ਨੇ ਅਸ਼ੋਕ ਬਾਂਸਲ ਦੇ ਕਾਰਜ ਦੀ ਸਿਫ਼ਤ ਕਰਦਿਆਂ ਕਿਹਾ ਕਿ ਬਾਂਸਲ ਪੁਰਾਤਨ ਗੀਤਕਾਰੀ ਦੀਆਂ ਮਨਮੋਹਕ ਧੁਨਾਂ ਰਾਹੀਂ ਪੰਜਾਬੀ ਵਿਰਾਸਤ ਦੀ ਮਹਿਕ ਨੂੰ ਚਾਰ-ਚੁਫੇਰੇ ਬਿਖੇਰ ਰਹੇ ਹਨ ਅਤੇ ਉਨ੍ਹਾਂ ਦਾ ਇਹ ਉੱਦਮ ਸਹੀ ਮਾਅਨਿਆਂ ਵਿੱਚ ‘ਰੰਗਲੇ ਪੰਜਾਬ’ ਦੇ ਸੁਪਨੇ ਨੂੰ ਹਕੀਕੀ ਰੂਪ ਦੇ ਰਿਹਾ ਹੈ।

# ਤਰਕਸ਼ੀਲ ਸੁਸਾਇਟੀ ਦੇ ਬਾਨੀ ਅਵਤਾਰ ਬਾਈ ਦੀ ਯਾਦ ਵਿੱਚ ਸਰਧਾਂਜਲੀ ਸਮਾਗਮ 10 ਮਈ ਨੂੰ

ਸਰੀ, (ਹਰਦਮ ਮਾਨ): ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ (ਵੈਨਕੂਵਰ) ਦੇ ਬਾਨੀ ਅਤੇ ਰੈਸ਼ਨਲਿਸਟ ਸੁਸਾਇਟੀ ਆਫ਼ ਕੈਨੇਡਾ ਦੀ ਕੇਂਦਰੀ ਕਮੇਟੀ ਦੇ ਸਰਪ੍ਰਸਤ ਅਵਤਾਰ ਬਾਈ ਨਮਿੱਤ ਇੱਕ ਵਿਸ਼ੇਸ਼ ਸਰਧਾਂਜਲੀ ਸਮਾਗਮ ਉਲੀਕਿਆ ਗਿਆ ਹੈ। “ਜ਼ਿੰਦਗੀ ਜ਼ਿੰਦਾਬਾਦ” ਦੇ ਸੰਦੇਸ਼ ਨੂੰ ਸਮਰਪਿਤ ਇਹ ਸਮਾਗਮ 10 ਮਈ, ਦਿਨ ਐਤਵਾਰ ਨੂੰ ਸਵੇਰੇ 11:30 ਵਜੇ ਗਰੈਂਡ ਤਾਜ ਬੈਂਕੁਇਟ ਹਾਲ (8388 128 ਸਟ੍ਰੀਟ) ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਸ਼ੁਰੂਆਤ ਦੁਪਹਿਰ 12 ਵਜੇ ਹੋਵੇਗੀ, ਜਿਸ ਵਿੱਚ ਵੱਖ-ਵੱਖ ਬੁਲਾਰੇ ਅਵਤਾਰ ਬਾਈ ਦੀ ਮਹਾਨ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਕੀਤੇ ਗਏ ਯਤਨਾਂ ਬਾਰੇ ਵਿਚਾਰ ਪੇਸ਼ ਕਰਨਗੇ। ਇਸ ਮੌਕੇ ਵਿਸ਼ੇਸ਼ ਤੌਰ ‘ਤੇ ਡਾ. ਸੋਮਪਾਲ ਹੀਰਾ ਦਾ ਲਿਖਿਆ ਨਾਟਕ “ਸਾਡੀ ਕਿਹੜੀ ਧਰਤ ਵੇ ਲੋਕਾ” ਵੀ ਖੇਡਿਆ ਜਾਵੇਗਾ, ਜਿਸ ਵਿੱਚ ਸੁਖਮਨ ਚੀਮਾ ਵੱਲੋਂ ਅਦਾਕਾਰੀ ਕੀਤੀ ਜਾਵੇਗੀ ਅਤੇ ਨਿਰਦੇਸ਼ਨ ਡਾ. ਨਵਦੀਪ ਦਾ ਹੋਵੇਗਾ। ਗਿੱਲ ਪਰਿਵਾਰ ਅਤੇ ਪ੍ਰਬੰਧਕਾਂ ਜਸਵਿੰਦਰ ਹੇਅਰ, ਡਾ. ਸੁਖਦੇਵ ਮਾਨ ਅਤੇ ਜਗਦੀਪ ਗਿੱਲ ਵੱਲੋਂ ਸਮੂਹ ਲੋਕਾਂ ਨੂੰ ਇਸ ਸਮਾਗਮ ਵਿੱਚ ਪਹੁੰਚ ਕੇ ਵਿਗਿਆਨ ਅਤੇ ਤਰਕ ਦੇ ਦੀਵੇ ਜਗਾਉਣ ਵਾਲੀ ਇਸ ਸ਼ਖ਼ਸੀਅਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਅਪੀਲ ਕੀਤੀ ਗਈ ਹੈ।



# ਕੈਨੇਡਾ ਦੇ ਸਿੱਖਾਂ ਦੀ ਸਿਆਸਤ

ਭਾਗ - ਦੂਜਾ



ਸੋਹਣ ਸਿੰਘ ਪੂੰਨੀ

ਇਸ ਤੋਂ ਜਲਦੀ ਪਿੱਛੋਂ ਭਾਈ ਭਗਵਾਨ ਸਿੰਘ ਆਪਣੇ ਇਨਕਲਾਬੀ ਲੇਖ ਲੈ ਕੇ ਵਿਕਟੋਰੀਆ ਸੰਸਾਰ ਵਾਲਿਆਂ ਦੇ ਦਫਤਰ ਗਏ। ਉਹ ਆਪਣੇ ਇਹ ਤੱਤੇ ਲੇਖ ਸੰਸਾਰ ਅਖਬਾਰ ਵਿੱਚ ਛਪਵਾਉਣੇ ਚਾਹੁੰਦੇ ਸਨ। ਐਡੀਟਰ ਕਰਤਾਰ ਸਿੰਘ ਹੋਰੀਂ ਇਹ ਲੇਖ ਸੰਸਾਰ ਅਖਬਾਰ ਵਿੱਚ ਛਾਪਣੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਇਸ ਨਾਲ਼ ਸਰਕਾਰ ਨਰਾਜ਼ ਹੋ ਜਾਵੇਗੀ। ਭਾਈ ਭਗਵਾਨ ਸਿੰਘ ਨੇ ਸੰਸਾਰ ਵਾਲਿਆਂ ਨੂੰ 'ਨਿਪੁੰਸਕ' ਆਖਿਆ ਤੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਖਬਾਰ ਅਤੇ ਦਫਤਰ ਕਿਉਂਕਿ ਲੋਕਾਂ ਦੇ ਪੈਸੇ ਨਾਲ਼ ਬਣੇ ਹਨ ਇਸ ਲਈ ਅਖਬਾਰ ਅਤੇ ਦਫਤਰ ਦੋਨੋਂ ਖਾਲਸਾ ਦੀਵਾਨ ਸੁਸਾਇਟੀ ਦੇ ਨਾਂ ਹੋਣੇ ਚਾਹੀਦੇ ਹਨ। ਸੰਸਾਰੀਆਂ ਨੇ ਇਸ ਨੂੰ ਸਖਤ ਸ਼ਬਦਾਂ ਵਿੱਚ ਨਿੰਦਿਆ ਤੇ ਆਖਿਆ ਕਿ ਭਾਈ ਭਗਵਾਨ ਸਿੰਘ ਇਹ ਸਾਰਾ ਕੁਛ ਪੈਸੇ ਦੇ ਲਾਲਚ ਵਿੱਚ ਕਰ ਰਿਹਾ ਹੈ।

ਹੁਣ ਸੰਸਾਰੀਏ ਵੀ ਭਾਈ ਭਗਵਾਨ ਸਿੰਘ ਦੇ ਦੁਸ਼ਮਣ ਬਣ ਗਏ। 'ਦੁਸ਼ਮਣ ਦਾ ਦੁਸ਼ਮਣ ਮਿੱਤਰ' ਅਨੁਸਾਰ 'ਸੰਸਾਰੀਏ' ਅਤੇ 'ਇਮੀਗ੍ਰੇਸ਼ਨ ਧੜੇ' ਵਾਲ਼ੇ ਮਿੱਤਰ ਬਣ ਗਏ। ਦੋਨਾਂ ਧੜਿਆਂ ਨੇ ਰਲ਼ਕੇ ਭਾਈ ਭਗਵਾਨ ਸਿੰਘ ਨੂੰ 19 ਨਵੰਬਰ 1913 ਨੂੰ ਕਨੇਡਾ 'ਚੋਂ ਡੀਪੋਰਟ ਕਰਵਾਇਆ (ਵੈਸੇ ਸੰਸਾਰੀਆਂ ਨੇ ਮਗਰਮੱਛ ਦੇ ਹੰਝੂ ਵਹਾਉਂਦਿਆਂ 'ਸੰਸਾਰ' ਅਖਬਾਰ ਵਿੱਚ ਇਸ ਡੀਪੋਰਟੇਸ਼ਨ ਦੀ ਨਿੰਦਿਆ ਕੀਤੀ ਸੀ)। ਇਸ ਪਿੱਛੋਂ ਛੇਤੀ ਹੀ ਸੰਸਾਰੀਆਂ ਨੇ ਇਮੀਗਰੇਸ਼ਨ ਧੜੇ ਦੇ ਬੇਲਾ ਸਿੰਘ ਜਿਆਣ ਅਤੇ ਬਾਬੂ ਸਿੰਘ ਲਿੱਤਰਾਂ ਨੂੰ ਆਪਣੀ ਜਥੇਬੰਦੀ 'ਯੂਨਾਈਟਿਡ ਇੰਡੀਆ ਐਸੋਸੀਏਸ਼ਨ' ਦੇ ਮੈਂਬਰ ਲੈ ਲਿਆ।

ਦਰਅਸਲ 'ਸੰਸਾਰੀਆ' ਅਤੇ 'ਦੇਸ਼ ਭਗਤਾਂ' ਦੀ 1913 ਦੇ ਸ਼ੁਰੂ ਵਿੱਚ ਹੀ ਵਿਗੜ ਗਈ ਸੀ। ਵੈਨਕੂਵਰ ਦੇ ਸਿੱਖਾਂ ਨੇ 1911 ਦੇ ਆਖਰੀ ਮਹੀਨਿਆਂ ਦੌਰਾਨ ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਲੈਣ ਲਈ ਔਟਵਾ ਨੂੰ ਡੈਪੂਟੇਸ਼ਨ ਭੇਜਿਆ ਸੀ। ਇਹ ਡੈਪੂਟੇਸ਼ਨ 'ਸੰਸਾਰੀਆਂ' ਦੀ ਅਗਵਾਈ ਥੱਲੇ ਭੇਜਿਆ ਗਿਆ ਸੀ। 'ਸੰਸਾਰੀਏ' ਪਰਿਵਾਰ ਮੰਗਵਾ ਸਕਣ ਦੀ ਇਜਾਜ਼ਤ ਲੈਣ ਵਿੱਚ ਕਾਮਜਾਬ ਨਹੀਂ ਸੀ ਹੋਏ। ਸਿੱਖ ਭਾਈਚਾਰਾ 1913 ਦੇ ਸ਼ੁਰੂ ਵਿੱਚ ਇਕ ਹੋਰ ਡੈਪੂਟੇਸ਼ਨ ਇੰਡੀਆ ਨੂੰ ਭੇਜਿਆ ਚਾਹੁੰਦਾ ਸੀ। ਸਿਖ ਕਮਿਊਨਿਟੀ ਇਹ ਡੈਪੂਟੇਸ਼ਨ 'ਸੰਸਾਰੀਆਂ' ਦੀ ਅਗਵਾਈ ਥੱਲੇ ਭੇਜਣ ਲਈ ਰਜ਼ਾਮੰਦ ਨਾ ਹੋਈ। ਇਹ ਡੈਪੂਟੇਸ਼ਨ 'ਦੇਸ਼ ਭਗਤ ਧੜੇ' ਦੇ ਲੀਡਰ, ਵੈਨਕੂਵਰ ਗੁਰਦੁਆਰੇ ਦੇ ਗਰੰਥੀ ਸਾਹਿਬਾਨ, ਭਾਈ ਬਲਵੰਤ ਸਿੰਘ ਖੁਰਦਪੁਰ ਦੀ ਅਗਵਾਈ ਥੱਲੇ ਭੇਜਿਆ ਗਿਆ ਸੀ। ਸੰਸਾਰੀਏ ਇਸ ਗੱਲੋਂ ਵੀ ਦੇਸ਼ ਭਗਤਾਂ ਨਾਲ਼ ਔਖੇ ਸਨ

'ਸੰਸਾਰੀਆਂ' ਅਤੇ 'ਦੇਸ਼ ਭਗਤਾਂ' ਵਿੱਚਕਾਰ ਝਗੜੇ ਦਾ ਵੱਡਾ ਕਾਰਨ ਪੈਸਾ ਸੀ। ਸੰਤ ਤੇਜਾ ਸਿੰਘ ਨੇ ਵੈਨਕੂਵਰ ਆਇਆਂ ਦਸੰਬਰ 1908 ਵਿੱਚ ਸਿੱਖਾਂ ਦੀ ਇਨਵੈਸਟਮੈਂਟ ਕੰਪਨੀ, 'ਗੁਰੂ ਨਾਨਕ ਮਾਈਨਿੰਗ




ਐਂਡ ਟਰਸਟ ਕੰਪਨੀ' ਸਥਾਪਤ ਕੀਤੀ ਸੀ। ਕੰਪਨੀ ਦੇ 251 ਸ਼ੇਅਰ ਹੋਲਡਰ ਸਨ। ਦਿਹਾੜੀ ਦੇ ਡੇਢ-ਦੋ ਡਾਲਰ ਕਮਾਉਣ ਵਾਲ਼ੇ ਸਿੱਖਾਂ ਤੋਂ ਸੰਤ ਤੇਜਾ ਸਿੰਘ ਨੇ ਪੰਜਾਹ ਹਜ਼ਾਰ ਡਾਲਰ ਇਕੱਠੇ ਕੀਤੇ

ਸਨ। ਸੰਤ ਤੇਜਾ ਸਿੰਘ ਆਪਣੀ ਕਿਤਾਬ 'ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ' ਦੇ ਪੰਨਾ 300 'ਤੇ ਲਿਖਦੇ ਨੇ ਕਿ ਕੰਪਨੀ ਨੇ ਕੈਲੇਫੋਰਨੀਆ ਵਿੱਚ ਸੋਨੇ ਦੀ ਖਾਣ ਦੇ ਢਾਈ ਲੱਖ ਡਾਲਰ ਦੀ ਕੀਮਤ ਦੇ (25%) ਸ਼ੇਅਰ ਖਰੀਦੇ ਹੋਏ ਸਨ। ਕੰਪਨੀ ਨੇ ਬੁਰਾਡ ਇਨਲੈਟ ਦੇ ਉੱਤਰ ਵਿੱਚ ਸਮੁੰਦਰ ਕੰਢੇ ਈਗਲ ਹਾਰਬਰ 'ਤੇ ਢਾਈ ਸੌ ਏਕੜ ਖਰੀਦੇ ਹੋਏ ਸਨ ਤੇ ਸ਼ਹਿਰ ਵਿੱਚ ਵੀ 10 ਏਕੜ ਲਏ ਹੋਏ ਸਨ।

'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਦੇ ਹਿਸਾਬ-ਕਿਤਾਬ ਵਿੱਚ ਹੋਏ ਘਪਲੇ ਸੰਸਾਰੀਆਂ ਅਤੇ ਦੇਸ਼ ਭਗਤਾਂ ਵਿੱਚਕਾਰ ਟਕਰਾਅ ਦਾ ਕਾਰਨ ਬਣੇ ਸਨ। ਸੰਸਾਰੀਏ ਪੈਸੇ ਦਾ ਹਿਸਾਬ-ਕਿਤਾਬ ਨਹੀਂ ਸੀ ਦੇ ਰਹੇ। ਝਗੜਾ ਵਧ ਗਿਆ ਸੀ। ਇਸ ਝਗੜੇ ਨੂੰ ਨਿਪਟਾਉਣ ਲਈ ਸੰਸਾਰੀਆਂ ਅਤੇ ਮਿਲੀਟੈਂਟ ਦੇਸ਼ ਭਗਤਾਂ ਵਿੱਚਕਾਰ 9 ਜਨਵਰੀ 1914 ਨੂੰ ਵੈਨਕੂਵਰ ਗੁਰਦੁਆਰੇ ਦੀ ਬੇਸਮੈਂਟ ਵਿੱਚ ਮੀਟਿੰਗ ਹੋਣੀ ਤਹਿ ਹੋਈ ਸੀ। ਪਰ ਸੰਸਾਰੀਆਂ ਦੇ ਮੁਖ ਨੁਮਾਇੰਦੇ ਡਾਕਟਰ ਸੁੰਦਰ ਸਿੰਘ ਅਤੇ ਕਰਤਾਰ ਸਿੰਘ ਹੁੰਦਲ ਡਰਦੇ ਮਾਰੇ ਇਸ ਮੀਟਿੰਗ ਵਿੱਚ ਪਹੁੰਚੇ ਹੀ ਨਹੀਂ ਸਨ। ਇਸ ਸੰਬੰਧ ਵਿੱਚ 15 ਜਨਵਰੀ, 1914 ਨੂੰ ਕੰਪਨੀ ਦੇ ਡਰੈਕਟਰਾਂ ਦੀ ਹੋਈ ਮੀਟਿੰਗ ਵਿੱਚ ਪਾਸ ਹੋਇਆ ਮਤਾ ਨੰਬਰ 2 ਬੜੀ ਰੋਸ਼ਨੀ ਪਾਉਂਦਾ ਹੈ: ''ਪੇਛ ਕੀਤਾ ਭਾਈ ਭਾਗ ਸਿੰਘ ਨੇ ਸੈਕੰਡ ਨਰੰਜਣ ਸਿੰਘ ਨੇ ਕੇ ਜੋ ਕਾਗਜ ਡਾਕਟਰ {ਸੁੰਦਰ ਸਿੰਘ} ਕਮਪਨੀ ਦੇ ਲੈ ਗਿਆ ਹੈ ਤੇ ਇਕ ਦਫਾ ਫੇਰ ਪੁਛਿਆ ਜਾਵੇ ਜੇ ਨਾਂ ਦੇਵੇ ਜਾਂ ਭੇਜੇ ਤਦ ਕਾਨੂੰਨੀ ਕਾਰਵਾਈ ਕੀਤੀ ਜਾਵੇ-''( ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੀ 116 ਸਾਲ ਪੁਰਾਣੀ ਓਰਿਜਨਲ ਮਿਨਿਟ ਬੁੱਕ ਲੇਖਕ ਪਾਸ ਹੈ)।

23 ਮਈ 1914 ਨੂੰ ਕਾਮਾਗਾਟਾ ਮਾਰੂ ਆਪਣੇ 376 ਮੁਸਾਫਰਾਂ ਨਾਲ਼ ਵੈਨਕੂਵਰ ਆਇਆ ਸੀ। ਕਾਮਾਗਾਟਾ ਮਾਰੂ ਦਾ ਸਾਰਾ ਘੋਲ਼ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨਾਲ਼ ਜੁੜੇ ਦੇਸ਼ ਭਗਤਾਂ ਦੀ ਅਗਵਾਈ ਥੱਲੇ ਲੜਿਆ ਗਿਆ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮੱਦਦ ਲਈ ਬਣੀ ਸਾਹਿਲ ਕਮੇਟੀ (Shore Committee) ਦੇ ਸਾਰੇ ਦੇ ਸਾਰੇ ਮੈਂਬਰ 'ਖਾਲਸਾ ਦੀਵਾਨ ਸੁਸਾਇਟੀ' ਨਾਲ਼ ਜੁੜੇ ਦੇਸ਼ ਭਗਤ ਸਨ। ਸੰਸਾਰੀਆਂ ਦਾ ਇਕ ਵੀ ਮੈਂਬਰ 'ਸਾਹਿਲ ਕਮੇਟੀ' ਵਿੱਚ ਨਹੀਂ ਸੀ ਲਿਆ ਗਿਆ।

ਡਾਕਟਰ ਸੁੰਦਰ ਸਿੰਘ ਤਾਂ ਕਾਮਾਗਾਟਾ ਮਾਰੂ ਦੇ ਵੈਨਕੂਵਰ ਪਹੁੰਚਣ ਤੋਂ ਕੁੱਝ ਦਿਨਾਂ ਬਾਅਦ ਹੀ ਮਈ ਦੇ ਆਖਰ 'ਚ ਬੀ.ਸੀ. ਛੱਡ ਕੇ ਟੋਰੰਟੋ ਚਲਾ ਗਿਆ ਸੀ। ਇਸ ਪਿੱਛੋਂ ਕਪੂਰ ਵੀ ਆਪਣੇ ਬਹੁਤ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਜੂਨ 1914 ਵਿੱਚ ਡਾਕਟਰ ਸੁੰਦਰ ਸਿੰਘ ਕੋਲ ਟੋਰੰਟੋ ਪਹੁੰਚ ਗਿਆ। ਬੀ. ਸੀ. ਵਿੱਚ ਰਹਿ ਗਿਆ ਸੰਸਾਰੀਆਂ ਦੇ ਵੱਡੇ ਲੀਡਰਾਂ 'ਚੋਂ ਸਿਰਫ ਕਰਤਾਰ ਸਿੰਘ ਹੁੰਦਲ।

ਪੰਜ ਸਤੰਬਰ 1914 ਨੂੰ ਹਾਪਕਿਨਸਨ ਦੇ ਏਜੰਟ ਬੇਲਾ ਸਿੰਘ ਜਿਆਣ ਨੇ ਵੈਨਕੂਵਰ ਗੁਰਦੁਆਰੇ ਵਿੱਚ ਗੋਲੀ ਚਲਾ ਕੇ ਗੁਰਦੁਆਰੇ ਦੇ ਪਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ ਸ਼ਹੀਦ ਕਰ ਦਿੱਤੇ ਅਤੇ ਬਹੁਤ ਸਾਰੇ ਸਿੱਖ ਫੱਟੜ ਕਰ ਦਿੱਤੇ। ਪਤਾ ਨਹੀਂ ਸੰਸਾਰੀਆਂ ਦਾ ਇਨ੍ਹਾਂ ਕਤਲਾਂ ਨਾਲ਼ ਕੋਈ ਸੰਬੰਧ ਸੀ ਜਾਂ ਨਹੀਂ ਪਰ ਕਰਤਾਰ ਸਿੰਘ ਹੁੰਦਲ ਨੂੰ 'ਗੁਰੂ ਨਾਨਕ ਮਾਈਨਿੰਗ ਐਂਡ ਟਰਸਟ ਕੰਪਨੀ' ਵਿੱਚ ਕੀਤੇ ਘਪਲਿਆਂ ਕਾਰਨ ਡਰ ਸੀ ਕਿ 'ਦੇਸ਼ ਭਗਤ ਧੜੇ' ਵਾਲੇ ਇਹ ਸਮਝ ਸਕਦੇ ਹਨ। ਇਸ ਲਈ ਕਰਤਾਰ ਸਿੰਘ ਹੁੰਦਲ ਵੀ ਬੀ. ਸੀ. 'ਚੋਂ ਪੱਤਰਾ ਵਾਚ ਗਿਆ ਤੇ ਟੋਰੰਟੋ ਆਪਣੇ ਸਾਥੀ ਸੰਸਾਰੀਆ ਕੋਲ਼ ਪੁੱਜ ਗਿਆ।

ਕਰਤਾਰ ਸਿੰਘ ਹੁੰਦਲ ਦਾ ਡਰ ਸੱਚਾ ਸੀ। ਖਾਲਸਾ ਦੀਵਾਨ ਸੁਸਾਇਟੀ ਨਾਲ਼ ਜੁੜੇ ਦੇਸ਼ ਭਗਤ ਸੱਚ-ਮੁੱਚ ਬਹੁਤ ਗੁੱਸੇ ਵਿੱਚ ਸਨ ਤੇ ਉਹ ਕਰਤਾਰ ਸਿੰਘ ਹੁੰਦਲ ਨੂੰ ਜਾਨੋਂ ਮਾਰਨ ਨੂੰ ਫਿਰਦੇ ਸਨ। ਇਸ ਸੰਬੰਧ ਵਿੱਚ 'ਸੰਸਾਰ' ਅਖਬਾਰ ਦੇ ਅਸਿਸਟੈਂਟ ਕੰਪੋਜ਼ਰ, ਮਾਹਿਲਪੁਰ ਨੇੜੇ ਛੋਟੇ ਸਰਹਾਲੇ ਦੇ ਬਤਨ ਸਿੰਘ ਦੀ 29 ਸਤੰਬਰ 1914 ਨੂੰ ਵਿਕਟੋਰੀਆ ਤੋਂ ਲਿਖੀ ਚਿੱਠੀ ਬੜਾ ਚਾਨਣ ਪਾਉਂਦੀ ਹੈ। ਇਸ ਚਿੱਠੀ ਵਿੱਚ ਟੋਰੰਟੋ ਪਹੁੰਚੇ ਕਰਤਾਰ ਸਿੰਘ ਹੁੰਦਲ ਨੂੰ ਬਤਨ ਸਿੰਘ ਲਿਖਦਾ ਹੈ, 'ਮੈਨੂੰ ਪੁੱਛਦਾ ਸੀ ਕਿ ਕਰਤਾਰ ਸਿੰਘ ਕਿੱਥੇ ਹੈ? ਮੈਂ ਕਿਹਾ ਕਿ ਵੈਨਕੂਵਰ ਗਏ ਹੋਏ ਹੈ।' ਅੱਜ ਤਾਈਂ ਕਿਸੀ ਕੋ ਪਤਾ ਨਹੀਂ ਲੱਗਾ ਜੀ। ਆਪ ਨੂੰ ਮੁਨਛੇ ਦਾ ਭਾਈ ਬਹੁਤ ਢੂੰਡ ਰਿਹਾ ਹੈ। ਮੈਂ ਇੱਥੇ ਉੱਥੇ ਕਰ ਛੱਡਦਾ ਹਾਂ। 29 ਤ੍ਰੀਕ ਨੂੰ ਤੂੰਬੀ ਭੀ ਆਇਆ ਸਾ। ਮੈਂ ਇਹੀ ਜਵਾਬ ਦਿੰਦਾ ਰਿਹਾ ਹਾਂ ਕਿ ਅਜੇ ਹੁਣ ਹੀ ਗਏ ਹਨ।'' (ਚਿੱਠੀ ਲੇਖਕ ਪਾਸ ਹੈ। 112 ਸਾਲ ਪੁਰਾਣੀ ਇਹ ਚਿੱਠੀ ਕਨੇਡਾ ਦੇ ਕਿਸੇ ਇਮੀਗ੍ਰੈਂਟ ਵੱਲੋਂ ਲਿਖੀ ਸ਼ਾਇਦ ਸਭ ਤੋਂ ਪੁਰਾਣੀ ਚਿੱਠੀ ਹੈ ਜੋ ਉਪਲਭਦ ਹੈ)।

ਪਹਿਲੇ ਸੰਸਾਰ ਯੁੱਧ ਦੌਰਾਨ, ਬਰਤਾਨਵੀ ਸਾਮਰਾਜ ਨੂੰ ਬਚਾਉਣ ਲਈ 9 ਸਿੱਖ ਕਨੇਡੀਅਨ ਵਿੱਚ ਭਰਤੀ ਹੋਏ ਸਨ, ਉਸ ਬਰਤਾਨਵੀ ਸਾਮਰਾਜ ਨੂੰ ਬਚਾਉਣ ਲਈ ਜਿਸ ਨੇ ਹਿੰਦੁਸਤਾਨ ਨੂੰ ਗੁਲਾਮ ਬਣਾਇਆ ਹੋਇਆ ਸੀ (ਇਨ੍ਹਾਂ ਸਾਮਰਾਜੀਆਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ 'ਦੇਸ਼ ਭਗਤ ਧੜੇ' ਦੇ 14 ਸਿੱਖ ਸ਼ਹੀਦ ਹੋਏ ਸਨ)। ਇਨ੍ਹਾਂ ਨੌਆਂ ਵਿੱਚੋਂ ਕੁੱਝ ਇੱਕ ਨੂੰ ਬਰਿਟਸ਼ ਕੋਲੰਬੀਆ ਵੱਲ ਭਰਤੀ ਗਦਾਰ ਧੜੇ ਦੇ ਬੇਲਾ ਸਿੰਘ ਜਿਆਣ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਦੇ ਡਾਕਟਰ ਰਘੂਨਾਥ ਸਿੰਘ ਨੇ ਕਰਵਾਇਆ ਸੀ (ਡਾਕਟਰ ਰਘੂਨਾਥ ਸਿੰਘ ਜਹਾਜ਼ 'ਤੇ ਵਾਪਰ ਦੀ ਹਰ ਘਟਨਾ ਦੀ ਖਬਰ ਹਾਪਕਿਨਸਨ ਨੂੰ ਪਹੁੰਚਾਉਂਦਾ ਰਿਹਾ ਸੀ ਤੇ ਉਸ ਦੀ ਇਸ ਗਦਾਰੀ ਬਦਲੇ ਹਾਪਕਿਨਸਨ ਨੇ ਉਸ ਨੂੰ ਪਰਿਵਾਰ ਸਮੇਤ ਕਾਮਾਗਾਟਾ ਮਾਰੂ ਤੋਂ ਉਤਾਰ ਲਿਆ ਸੀ)। ਕੁੱਝ ਇੱਕ ਨੂੰ ਸੰਸਾਰੀਆਂ ਨੇ ਟੋਰੰਟੋ ਵੱਲ ਭਰਤੀ ਕਰਵਾਇਆ ਸੀ। ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਇੰਟੈਲੀਜੈਂਸ ਬਿਊਰੋ ਵੱਲੋਂ ਤਿਆਰ ਕੀਤੀ 1934 ਵਾਲ਼ੀ ਗਦਰ ਡਰੈਕਟਰੀ ਮੁਤਾਬਕ ਰਿਆਸਤ ਕਪੂਰਥਲਾ ਦੇ ਪਿੰਡ ਢਪਈ ਦਾ ਵਰਿਆਮ ਸਿੰਘ (ਵਜ਼ੀਰ ਸਿੰਘ ਦਾ ਪੁੱਤਰ) ਟੋਰੰਟੋ ਵਿੱਚ ਅਪਰੈਲ, 1915 ਨੂੰ ਸੀ.ਆਰ. ਐਫ. ਦੀ 38ਵੀਂ ਰਜਮੈਂਟ ਵਿੱਚ ਭਰਤੀ ਹੋਇਆ ਸੀ। ਵਰਿਆਮ ਸਿੰਘ ਟੋਰੰਟੋ ਵਲ ਸੰਸਾਰੀਆਂ ਦੇ ਨਾਲ ਹੀ ਬੀ. ਸੀ. 'ਚੋਂ ਗਿਆ ਸੀ ਤੇ ਉਸ ਨੂੰ ਫੌਜ ਵਿੱਚ ਭਰਤੀ ਵੀ 'ਸੰਸਾਰੀਆਂ' ਨੇ ਹੀ ਕਰਵਾਇਆ ਸੀ। ਮਾਰਚ 1918 ਵਿੱਚ ਵਰਿਆਮ ਸਿੰਘ ਨੂੰ ਫੌਜ ਵਿੱਚੋਂ ਡਿਸਚਾਰਜ ਕਰ ਦਿੱਤਾ ਗਿਆ ਸੀ। ਵਾਪਸ ਵੈਨਕੂਵਰ ਆਉਣ ਤੇ ਸਿੱਖ ਭਾਈਚਾਰੇ ਨੇ ਉਸਦਾ ਮੁਕੰਮਲ ਬਾਈਕਾਟ ਕਰ ਦਿੱਤਾ ਸੀ। ਕੋਈ ਮੂੰਹ ਨਹੀਂ ਸੀ ਲਾਉਂਦਾ ਉਸ ਨੂੰ। ਘਰ ਨਹੀਂ ਸੀ ਵੜਨ ਦਿੰਦਾ ਕੋਈ ਉਸ ਨੂੰ ।

ਭਾਈਚਾਰਾ ਨਰਾਜ਼ ਸੀ ਉਸ ਨਾਲ, ਉਸਦੇ ਫੌਜ ਵਿੱਚ ਭਰਤੀ ਹੋਣ ਕਰਕੇ।

ਮਾਹਿਲਪੁਰ ਏਰੀਏ ਦਾ ਬੁੱਕਣ ਸਿੰਘ ਬੈਂਸ 14 ਸਾਲ ਦੀ ਉਮਰੇ 1907 ਵਿੱਚ ਕਨੇਡਾ ਆਇਆ ਸੀ। ਇਥੇ ਉਹ ਸੰਸਾਰੀਆਂ ਕੋਲ਼ ਹੀ ਰਹਿੰਦਾ ਰਿਹਾ ਸੀ। 1914 ਵਿੱਚ ਉਹ ਸੰਸਾਰੀਆਂ ਦੇ ਨਾਲ ਹੀ ਬੀ.ਸੀ. ਤੋਂ ਟੋਰੰਟੋ ਵਲ ਗਿਆ ਸੀ ਤੇ ਉਨ੍ਹਾਂ ਦੇ ਨਾਲ਼ ਹੀ ਮਿਸਟਰ ਮੂਰ ਦੇ ਫਾਰਮ 'ਤੇ ਕੰਮ ਕਰਦਾ ਰਿਹਾ ਸੀ। 1915 ਦੀ ਬਹਾਰ ਰੁੱਤੇ ਸੰਸਾਰੀਆਂ ਨੇ ਹੀ ਉਸ ਨੂੰ ਕਨੇਡੀਅਨ ਫੌਜ ਵਿੱਚ ਭਰਤੀ ਕਰਵਾਇਆ ਸੀ।

ਸੰਸਾਰੀਆਂ ਨੇ ਟੋਰੰਟੋ ਜਾ ਕੇ ਉੱਥੋਂ ਅੰਗਰੇਜ਼ੀ ਦਾ ਮਾਸਿਕ ਅਖਬਾਰ 'Canada And India' ਕੱਢਿਆ ਸੀ। ਇਹ ਅਖਬਾਰ ਅੰਗਰੇਜ਼ ਸਾਮਰਾਜੀਆਂ ਨੂੰ ਖੁਸ਼ ਕਰਨ ਲਈ ਕੱਢਿਆ ਗਿਆ ਸੀ। ਦਸੰਬਰ 1916 ਦੇ 'ਕੈਨੇਡਾ ਐਂਡ ਇੰਡੀਆ' ਦੇ ਪਹਿਲੇ ਸਫੇ 'ਤੇ ਲਿਖਿਆ ਹੋਇਆ ਸੀ: ''ਜਾਣਕਾਰੀ ਅਤੇ ਮੇਲ-ਮਿਲਾਪ ਦਾ ਅਖਬਾਰ ਜੋ ਹਰ ਮਹੀਨੇ ਅੰਗਰੇਜ਼ੀ ਰਾਜ ਦੇ ਹਿਤਾਂ ਖਾਤਰ ਕੱਢਿਆ ਜਾਂਦਾ ਹੈ।'' ' A Journal of Information And Conciliation is issued monthly in the interests of the British Empire.

- ਚਲਦਾ

# ਅਜੋਕੇ ਸਮੇਂ ’ਚ ਲੇਖਕਾਂ ਦੇ ਅਧਿਕਾਰ ਸੁਰੱਖਿਅਤ ਹੋਣੇ ਜ਼ਰੂਰੀ

ਸੋਹਣ ਲਾਲ ਗੁਪਤਾ
98144 - 84161

ਯੂਨੈਸਕੋ ਨੇ ਕਿਤਾਬਾਂ ਦਾ ਮਹੱਤਵ ਅਤੇ ਲੇਖਕਾਂ ਦੇ ਅਧਿਕਾਰ ਸੁਰੱਖਿਅਤ ਰੱਖਣ ਲਈ ਯਾਦ ਰੱਖਣ ਵਾਸਤੇ 1995 ਤੋਂ ਹਰੇਕ ਸਾਲ 23 ਅਪਰੈਲ ਨੂੰ ‘ਵਿਸ਼ਵ ਪੁਸਤਕ ਦਿਵਸ ਵਜੋਂ’ ਮਨਾਉਣਾ ਸ਼ੁਰੂ ਕੀਤਾ ਸੀ। ਕਿਤਾਬਾਂ ਦੀ ਮਹੱਤਤਾ ਬਾਰੇ ਤਾਂ ਜ਼ਿਕਰ ਅਕਸਰ ਹੁੰਦਾ ਰਹਿੰਦਾ ਹੈ ਪਰ ਲੇਖਕਾਂ ਦੇ ਅਧਿਕਾਰਾਂ ਬਾਰੇ ਵਿਚਾਰ ਕਰਨਾ ਵੀ ਉਨ੍ਹਾ ਹੀ ਜ਼ਰੂਰੀ ਹੈ। ਲੇਖਕ ਵਧੀਆ ਸਮਾਜ ਅਤੇ ਰਾਸ਼ਟਰ ਨਿਰਮਾਣ ਹਿਤ ਵਿੱਚ ਲਿਖਦੇ ਹਨ। ਇਹ ਜੋਤਿਸ਼ੀ ਵਾਂਗ ਪੈਸੇ ਲੈ ਕੇ ਭਵਿੱਖ ਦੱਸਣ ਲਈ ਲੋਕਾਂ ਨੂੰ ਗੁਮਰਾਹ ਨਹੀਂ ਕਰਦੇ ਸਗੋਂ ਆਪਣੀਆਂ ਲਿਖਤਾਂ ਰਾਹੀਂ ਭਵਿੱਖ ਦੇ ਸਮਾਜ ਦਾ ਅਸਲੀ ਸ਼ੀਸ਼ਾ ਜ਼ਰੂਰ ਵਿਖਾ ਦਿੰਦੇ ਹਨ। ਲੇਖਕਾਂ, ਕਲਾਕਾਰਾਂ ਆਦਿ ਦੇ ਅਧਿਕਾਰ ਜੇ ਸੁਰੱਖਿਅਤ ਨਹੀਂ ਹੋਣਗੇ ਤਾਂ ਉਹ ਸੱਚ ਲਿਖਣ ਤੋਂ ਸੰਕੋਚ ਕਰਨ ਲੱਗ ਜਾਣਗੇ, ਜਿਸ ਕਾਰਨ ਵਧੀਆ ਸਮਾਜ ਦਾ ਨਿਰਮਾਣ ਨਹੀਂ ਹੋਵੇਗਾ ਸਗੋਂ ਇਸ ਵਿੱਚ ਹੋਰ ਗਿਰਾਵਟ ਆਉਣੀ ਹੈ।

ਲੇਖਕ, ਸਾਹਿਤਕਾਰ ਬਹੁਤ ਸੰਵੇਦਨਸ਼ੀਲ ਹੁੰਦੇ ਹਨ। ਜਿਹੜਾ ਸਾਹਿਤਕਾਰ ਸਿਆਸਤ ਕਰੇਗਾ ਉਹ ਸੰਵੇਦਨਸ਼ੀਲਤਾ ਨੂੰ ਨਕਾਰ ਨਹੀਂ ਸਕਦਾ। ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਕਲਾ ਅਤੇ ਸਾਹਿਤ ਦੇ ਪ੍ਰੇਮੀ ਸਨ। ਉਹ ਰਾਜਨੀਤੀ ਦੇ ਮੁਸ਼ਕਿਲ ਸਵਾਲਾਂ ਦੇ ਜਵਾਬ ਵੀ ਵਿਅੰਗਮਈ ਕਵਿਤਾ ਵਿੱਚ ਹੀ ਦੇ ਦਿੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜੇ ਸਾਹਿਤਕਾਰ ਤਾਨਾਸ਼ਾਹ ਵੀ ਬਣ ਜਾਵੇ ਤਾਂ ਵੀ ਉਹ ਮਨੁੱਖ ਦੇ ਖ਼ੂਨ ਦੀ ਹੋਲੀ ਕਦੇ ਨਹੀਂ ਖੇਡੇਗਾ। ਜੇਕਰ ਕਿਸੇ ਦੇਸ਼ ਦੇ ਵਾਸੀ ਕਿਸੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ ਦੇ ਰਾਜ ਦੀ ਪ੍ਰਸ਼ੰਸਾ ਕਰਦੇ ਹਨ ਤਾਂ ਉਹ ਹਾਕਮ ਸਾਹਿਤ ਨਾਲ ਜ਼ਰੂਰ ਜੁੜੇ ਹੋਣ ਵਾਲੇ ਸਨ। ਸਾਹਿਤਕਾਰ ਦਾ ਦਿਲ ਪ੍ਰੇਮ, ਹਮਦਰਦੀ ਮੁਆਫ ਕਰਨ ਦੀ ਭਾਵਨਾ ਨਾਲ ਭਰਿਆ ਹੁੰਦਾ ਹੈ। ਸਿਆਸਤ ਵਿੱਚ ਨਿਘਾਰ ਆਉਣ ਦਾ ਵੱਡਾ ਕਾਰਨ ਇਹ ਹੈ ਕਿ ਹੁਣ ਦੇ ਬਹੁਗਿਣਤੀ ਸਿਆਸਤਦਾਨਾਂ ਦਾ ਕਲਾ, ਸਾਹਿਤ ਨਾਲ ਦੂਰ ਦਾ ਵੀ ਵਾਸਤਾ ਨਹੀਂ। ਇਸੇ ਕਰਕੇ ਇਹ ਲੇਖਕਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਦਾ ਮਹੱਤਵ ਨਹੀਂ ਸਮਝਦੇ।

ਹਾਸਰਸ ਕਲਾਕਾਰਾਂ ਦਾ ਕਿਸੇ ਸਿਆਸੀ ਪਾਰਟੀ ਨਾਲ ਵੈਰ ਵਿਰੋਧ ਨਹੀਂ ਹੁੰਦਾ। ਉਨ੍ਹਾਂ ਦਾ ਮੁੱਖ ਮੰਤਵ ਲੋਕਾਂ ਨੂੰ ਹਸਾਉਣਾ ਹੁੰਦਾ ਹੈ। ਸਿਆਸਤਦਾਨਾਂ ’ਤੇ ਵਿਅੰਗਮਈ ਚੁਟਕਲੇ ਘੜਣੇ ਅਸਾਨ ਨਹੀਂ ਹੁੰਦੇ। ਕਾਮੇਡੀਅਨਾਂ ਦੇ ਸਿਆਸੀ ਵਿਅੰਗ ਸੱਤਾ ਨੂੰ ਸ਼ੀਸ਼ਾ ਵਿਖਾਉਣ ਦਾ ਕੰਮ ਕਰਦੇ ਆਏ ਹਨ। ਜ਼ਿਆਦਾਤਰ ਸਿਆਸਤਦਾਨਾਂ ਅਤੇ ਇਨ੍ਹਾਂ ਦੇ ਅੰਧਭਗਤਾਂ ਵਿੱਚ ਸਹਿਣਸ਼ੀਲਤਾ ਦੀ ਘਾਟ ਹੋਣ ਕਰਕੇ ਅਜਿਹੇ ਹਾਸਰਸ ਕਲਾਕਾਰਾਂ ਦੇ ਸਟੇਜ ਸ਼ੋਅ ਵਿੱਚ ਪਹੁੰਚ ਕੇ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹਨ। ਹਾਸਾ ਜ਼ਿੰਦਗੀ ਰੂਪੀ ਮਸ਼ੀਨ ਨੂੰ ਤੇਲ ਦੇਣ ਦਾ ਕੰਮ ਕਰਦਾ ਹੈ।



**ਜ਼ਿਆਦਾਤਰ ਸਿਆਸਤਦਾਨਾਂ ਅਤੇ ਇਨ੍ਹਾਂ ਦੇ ਅੰਧਭਗਤਾਂ ਵਿੱਚ ਸਹਿਣਸ਼ੀਲਤਾ ਦੀ ਘਾਟ ਹੋਣ ਕਰਕੇ ਅਜਿਹੇ ਹਾਸਰਸ ਕਲਾਕਾਰਾਂ ਦੇ ਸਟੇਜ ਸ਼ੋਅ ਵਿੱਚ ਪਹੁੰਚ ਕੇ ਬੇਇੱਜ਼ਤੀ ਕਰਨ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹਨ। ਹਾਸਾ ਜ਼ਿੰਦਗੀ ਰੂਪੀ ਮਸ਼ੀਨ ਨੂੰ ਤੇਲ ਦੇਣ ਦਾ ਕੰਮ ਕਰਦਾ ਹੈ। ਕਾਮੇਡੀਅਨਾਂ ਵੱਲੋਂ ਹਸਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਰੁਕਾਵਟ ਪਾਉਣ ਵਾਲੀ ਸਿਆਸੀ ਪਾਰਟੀ, ਸਿਆਸਤਦਾਨਾਂ ਤੋਂ ਲੋਕ ਸਗੋਂ ਦੂਰ ਹੋ ਜਾਂਦੇ ਹਨ। ਕਾਮੇਡੀਅਨਾਂ ਦੇ ਅਧਿਕਾਰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ ਕਿ ਪੁਲਿਸ ਨੂੰ ਅਜਿਹੇ ਸ਼ਰਾਰਤੀ ਅਨਸਰਾਂ, ਸਿਆਸੀ ਲੀਡਰਾਂ ਦੇ ਅੰਧ ਭਗਤਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।**

ਕਾਮੇਡੀਅਨਾਂ ਵੱਲੋਂ ਹਸਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਰੁਕਾਵਟ ਪਾਉਣ ਵਾਲੀ ਸਿਆਸੀ ਪਾਰਟੀ, ਸਿਆਸਤਦਾਨਾਂ ਤੋਂ ਲੋਕ ਸਗੋਂ ਦੂਰ ਹੋ ਜਾਂਦੇ ਹਨ। ਕਾਮੇਡੀਅਨਾਂ ਦੇ ਅਧਿਕਾਰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ ਕਿ ਪੁਲਿਸ ਨੂੰ ਅਜਿਹੇ ਸ਼ਰਾਰਤੀ ਅਨਸਰਾਂ, ਸਿਆਸੀ ਲੀਡਰਾਂ ਦੇ ਅੰਧ ਭਗਤਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

ਬਾਕੀ ਸੂਬਿਆਂ ਵਾਂਗ ਪੰਜਾਬ ਵਿੱਚ ਜੋਤਿਸ਼, ਧਾਗੇ ਤਬੀਤ, ਬੀਜ ਮੰਤਰ ਰਾਹੀਂ ਬਿਮਾਰੀਆਂ ਦੂਰ ਕਰਨ ਦੇ ਛਪੇ ਇਸ਼ਤਿਹਾਰ ਹਰ ਰੋਜ਼ ਵਿਖਾਈ ਦਿੰਦੇ ਹਨ। ਥਾਂ-ਥਾਂ ’ਤੇ ਲੋਕਾਂ ਦਾ ਹੱਥ ਦੇਖ ਕੇ ਭਵਿੱਖ ਦੱਸਣ ਵਾਲੇ ਜੋਤਿਸ਼ੀ ਬੈਠੇ ਹਨ। ਜ਼ਿਆਦਾਤਰ ਡੇਰਿਆਂ ਦੀਆਂ ਕਿਤਾਬਾਂ ਵਿੱਚ ਡੇਰਾ ਮੁਖੀ ਦੀਆਂ ਰੱਬੀ ਸ਼ਕਤੀਆਂ ਵਿਖਾਉਣ ਲਈ ਗੈਰ-ਵਿਗਿਆਨਕ ਗੱਲਾਂ ਲਿਖੀਆਂ ਹੁੰਦੀਆਂ ਹਨ। ਇਸ ਤੋਂ ਸਪਸ਼ਟ ਹੈ ਕਿ ਅੰਧਵਿਸ਼ਵਾਸ ਫੈਲਾਉਣ ਦੀ ਪੂਰੀ ਖੁੱਲ੍ਹ ਹੈ ਪਰ ਜੇਕਰ ਲੇਖਕ ਸਮਾਜ ਦੇ ਹਿਤ ਵਿੱਚ ਦਲੀਲ ਸਹਿਤ ਆਲੋਚਨਾ ਦੇ ਸ਼ਬਦ ਲਿਖ ਦਿੰਦਾ ਹੈ ਤਾਂ ਉਸ ’ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕੇਸ ਕਈ-ਕਈ ਥਾਣਿਆਂ ਵਿੱਚ ਦਰਜ ਕਰਵਾ ਦਿੱਤੇ ਜਾਂਦੇ ਹਨ।

ਬਲਾਤਕਾਰੀ ਬਾਬਿਆਂ ਦੀਆਂ ਕਰਤੂਤਾਂ ਬਾਰੇ ਲਿਖਣ ਲਈ ਹਫਤਾਵਾਰੀ, ਮਹੀਨਾਵਾਰੀ ਅਖ਼ਬਾਰਾਂ ਦੇ ਲੇਖਕਾਂ, ਪੱਤਰਕਾਰਾਂ, ਸੰਪਾਦਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਪੱਤਰਕਾਰਾਂ ਦੇ ਪਰਿਵਾਰਾਂ ਨੂੰ ਕਿੰਨੇ-ਕਿੰਨੇ ਸਾਲ ਮਾਨਸਿਕ ਕਸ਼ਟ ਵਿੱਚੋਂ ਗੁਜ਼ਰਨਾ ਪੈਂਦਾ ਹੈ। ਜਿਹੜੇ ਬਾਲਾਤਕਾਰੀ ਸਾਧਾਂ, ਬਾਬਿਆਂ ਨੂੰ ਘਿਨਾਉਣੇ ਜੁਰਮਾਂ ਕਰਕੇ ਸਖਤ ਸਜ਼ਾ ਹੋਈ, ਉਨ੍ਹਾਂ ਸਾਧਾਂ ਦੇ ਸ਼ਰਧਾਲੂਆਂ ਨੇ ਸਾਧ ਪ੍ਰਤੀ ਕੁਝ ਵਿਅੰਗ ਕਹਿਣ ’ਤੇ ਵੀ ਟੀ ਵੀ ਕਲਾਕਾਰਾਂ, ਪੱਤਰਕਾਰਾਂ ’ਤੇ ਅਲੱਗ ਅਲੱਗ ਪੁਲਿਸ ਸਟੇਸ਼ਨਾਂ ਵਿੱਚ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਵਾਲੇ ਕੇਸ ਦਰਜ ਕਰਵਾਏ ਹੁੰਦੇ ਹਨ। ਮੁੰਬਈ ਅਤੇ ਹੋਰ ਵੱਡੇ ਸ਼ਹਿਰਾਂ ਤੋਂ ਐਕਟਰਾਂ ਨੂੰ ਪਤਾ ਨਹੀਂ ਕਿਹੜੇ ਕਿਹੜੇ ਸੂਬੇ ਦੇ ਕਿਹੜੇ ਪੁਲਿਸ ਸਟੇਸ਼ਨ ਵਿੱਚ ਜਾਣਾ ਪਿਆ। ਸਿਆਸਤਦਾਨ ਵੀ ਚਾਹੁੰਦੇ ਹਨ ਕਿ ਲੋਕ ਅਨਪੜ੍ਹਤਾ, ਅਗਿਆਨਤਾ, ਅੰਧਵਿਸ਼ਵਾਸ ਦੀ ਦਲਦਲ ਵਿੱਚ ਹੀ ਫਸੇ ਰਹਿਣ। ਅਨਪੜ੍ਹ ਅਤੇ ਸਾਹਿਤ ਤੋਂ ਕੋਹਾਂ ਦੂਰ ਰਹਿਣ ਵਾਲੇ ਸਿਆਸੀ ਆਗੂਆਂ ਵੱਲੋਂ ਅੰਧਵਿਸ਼ਵਾਸ ਫੈਲਾਉਣ ਤੋਂ ਰੋਕਣ ਦੀ ਬਜਾਏ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਰਗੇ ਕਾਨੂੰਨ ਬਣਾਏ ਗਏ।

ਲੇਖਕਾਂ ਨੂੰ ਤਰਕ ਸਹਿਤ ਵਿਗਿਆਨਕ ਗੱਲ ਲਿਖਣ ਕਾਰਨ ਵੀ ਪਰੇਸ਼ਾਨ ਹੋਣਾ ਪੈਂਦਾ ਹੈ। ਸ਼ਰਧਾਲੂਆਂ ਦੀਆਂ ਹਜ਼ਾਰਾਂ, ਲੱਖਾਂ ਵੋਟਾਂ ਦਾ ਗੱਫਾ ਮਿਲਣ ਦੀ ਆਸ ਵਿੱਚ ਸਿਆਸਤਦਾਨ ਨੈਤਿਕ, ਧਾਰਮਿਕ ਕਦਰਾਂ ਕੀਮਤਾਂ ਦੇ ਉਲਟ ਜਾ ਕੇ ਵੀ ਡੇਰਿਆਂ, ਬਾਬਿਆਂ ਦੇ ਚਰਨਾਂ ਵਿੱਚ ਸਿਰ ਝੁਕਾਉਂਦੇ ਰਹਿੰਦੇ ਹਨ ਜਦੋਂ ਕਿ ਲੇਖਕ, ਪੱਤਰਕਾਰ, ਸੰਪਾਦਕ ਨੇ ਕਿਸੇ ਬਲਾਤਕਾਰੀ ਬਾਬੇ ਖਿਲਾਫ ਲਿਖ ਕੇ ਹਜ਼ਾਰਾਂ, ਲੱਖਾਂ ਰੁਪਏ ਤਾਂ ਕਮਾਏ ਨਹੀਂ ਹੁੰਦੇ ਪਰ ਫਿਰ ਵੀ ਉਨ੍ਹਾਂ ਨੂੰ ਪਖੰਡੀ ਬਾਬਿਆਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਵੱਲੋਂ ਜਾਨੀ, ਮਾਲੀ ਨੁਕਸਾਨ ਸਹਿਣਾ ਪੈ ਜਾਂਦਾ ਹੈ। ਸੱਚ ਲਿਖਣ ’ਤੇ ਅਖ਼ਬਾਰ ਦੇ ਦਫਤਰ ਸਾੜ ਦਿੱਤੇ ਜਾਂਦੇ ਹਨ। ਧਾਰਮਿਕ ਜਥੇਬੰਦੀਆਂ ਸੰਪਾਦਕ ਦਾ ਸਮਾਜਿਕ ਬਾਈਕਾਟ ਕਰਨ ਦੇ ਫੈਸਲੇ ਸੁਣਾ ਦਿੰਦੀਆਂ ਹਨ। ਮਨਾਂ ਦਾ ਅੰਧਕਾਰ ਦੂਰ ਕਰਨ ਹਿਤ ਸੱਚ ਲਿਖਣ ਵਾਲੇ ਅਜਿਹੇ ਲੇਖਕਾਂ, ਸੰਪਾਦਕਾਂ ਦੀ ਤਾਂ ਸਗੋਂ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਅਤੇ ਹੋਰ ਲੇਖਕ ਵੀ ਲਿਖਤਾਂ ਰਾਹੀਂ ਚਾਨਣ ਫੈਲਾਉਣ।

ਇਹ ਬਿਲਕੁਲ ਸੱਚ ਹੈ ਕਿ ਵਧੀਆ ਕਿਤਾਬਾਂ ਪਾਠਕਾਂ ਦੇ ਵਿਚਾਰਾਂ ਨੂੰ ਨਿਖਾਰਦੀਆਂ ਹਨ ਪਰ ਇਹ ਤਾਂ ਹੀ ਸੰਭਵ ਹੋਵੇਗਾ ਜੇਕਰ ਵਧੀਆ ਵਿਚਾਰ ਲਿਖਣ ਵਾਲੇ ਲੇਖਕਾਂ ਨੂੰ ਕਿਸੇ ਵੀ ਤਰ੍ਹਾਂ ਪਰੇਸ਼ਾਨ ਨਹੀਂ ਕੀਤਾ ਜਾਵੇਗਾ। ਸਰਕਾਰਾਂ ਵੱਲੋਂ ਲੇਖਕਾਂ ਨੂੰ ਇਨਾਮ ਦੇਣ ਦੀਆਂ ਰਸਮਾਂ ਕਰਨ ਨਾਲੋਂ ਲੇਖਕਾਂ ਦੇ ਅਧਿਕਾਰ ਸੁਰੱਖਿਅਤ ਕਰਨੇ ਵੱਧ ਜ਼ਰੂਰੀ ਹਨ। ਯੂਨੈਸਕੋ ਵੱਲੋਂ ਹਰੇਕ ਸਾਲ 23 ਅਪਰੈਲ ਦੇ ਪੁਸਤਕ ਦਿਵਸ ਨੂੰ ਯਾਦ ਰੱਖਦੇ ਹੋਏ ਸਾਨੂੰ ਸੋਚਣਾ ਪਵੇਗਾ ਕਿ ਲੇਖਕਾਂ ਦੇ ਅਧਿਕਾਰ ਸੁਰੱਖਿਅਤ ਰੱਖਣ ਲਈ ਹੁਣ ਤਕ ਅਸੀਂ ਕਿੰਨੇ ਕੁ ਖਰੇ ਉੱਤਰੇ ਹਾਂ?

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ, ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਸੋਸ਼ਲ ਮੀਡੀਆ ’ਤੇ ਵਧ ਰਹੀ ਅਸ਼ਲੀਲਤਾ ਕਿਵੇਂ ਰੁਕੇ

ਹਰਸੰਤ ਸਿੰਘ ਢੀਂਡਸਾ
94179 - 24177



ਵਰਤਮਾਨ ਸਮੇਂ ਸੋਸ਼ਲ ਮੀਡੀਆ ਨੇ ਬਹੁਤ ਤਰੱਕੀ ਕੀਤੀ ਹੈ। ਜੇਕਰ ਇਹ ਕਹਿ ਲਿਆ ਜਾਵੇ ਕਿ ਵਰਤਮਾਨ ਯੁਗ ਸੋਸ਼ਲ ਮੀਡੀਆ ਦਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਹਰ ਮਨੁੱਖ ਦੇ ਹੱਥ ਵਿੱਚ ਸਮਾਰਟ ਫੋਨ ਹੈ। ਬੱਚੇ ਤੋਂ ਲੈ ਕੇ ਬਜ਼ੁਰਗ ਤਕ, ਹਰ ਵਿਅਕਤੀ ਇਸਦੀ ਗ੍ਰਿਫਤ ਵਿੱਚ ਆ ਚੁੱਕਿਆ ਹੈ। ਸੋਸ਼ਲ ਮੀਡੀਆ ਦੇ ਸਮਾਜ ਉੱਤੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਦਾ ਜਦੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਇੱਕ ਇੱਕ ਚੀਜ਼ ਜਿਹੜੀ ਮਨ ਨੂੰ ਬਹੁਤ ਦੁੱਖ ਪਹੁੰਚਾਉਂਦੀ ਹੈ, ਉਹ ਹੈ ਫੋਨਾਂ ਉੱਤੇ ਪਰੋਸੀ ਜਾ ਰਹੀ ਅਸ਼ਲੀਲ ਸਮਗਰੀ। ਜਦੋਂ ਬੰਦਾ ਫੋਨ ਉੱਤੇ ਕੋਈ ਵੀ ਐਪ ਖੋਲ੍ਹਦਾ ਹੈ ਤਾਂ ਅਸ਼ਲੀਲ ਸਮਗਰੀ ਐਡ ਦੇ ਰੂਪ ਵਿੱਚ ਪਹਿਲਾਂ ਆ ਜਾਂਦੀ ਹੈ। ਬੱਚਿਆਂ ਉੱਤੇ ਇਸਦਾ ਸਭ ਤੋਂ ਬੁਰਾ ਪ੍ਰਭਾਵ ਪੈ ਰਿਹਾ ਹੈ। ਕਿਸ਼ੋਰ ਅਵਸਥਾ ਵਿੱਚ ਬੱਚੇ ਕੱਚੀ ਇੱਟ ਦੀ ਤਰ੍ਹਾਂ ਹੁੰਦੇ ਹਨ, ਜਿਨ੍ਹਾਂ ਦੇ ਜੀਵਨ ਵਿੱਚ ਵੱਡੀਆਂ ਤਬਦੀਲੀਆਂ ਆ ਰਹੀਆਂ ਹੁੰਦੀਆਂ ਹਨ। ਜੇਕਰ ਕੱਚੀ ਇੱਟ ਉੱਤੇ ਮੀਂਹ ਪੈ ਜਾਵੇ ਤਾਂ ਉਹ ਖੁਰ ਕੇ ਕਿਸੇ ਕੰਮ ਦੀ ਨਹੀਂ ਰਹਿੰਦੀ। ਇਸੇ ਤਰ੍ਹਾਂ ਦਾ ਵਰਤਾਰਾ ਅੱਜ ਸਮਾਜ ਦੇ ਵਿੱਚ ਵਾਪਰ ਰਿਹਾ ਹੈ। ਅਜਿਹੀਆਂ ਅਸ਼ਲੀਲ ਸਾਈਟਾਂ ਉੱਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ, ਜੋ ਕਿ ਹੋਣਾ ਬਹੁਤ ਜ਼ਰੂਰੀ ਚਾਹੀਦਾ ਹੈ। ਕਈ ਵਾਰ ਵਿਦਿਆਰਥੀਆਂ ਨੂੰ ਵਿਸ਼ੇ ਨਾਲ ਸੰਬੰਧਿਤ ਅਧਿਆਪਕ ਗਿਆਨ ਦੇਣ ਲਈ ਕੋਈ ਲਿੰਕ ਖੋਲ੍ਹਦੇ ਹਨ ਤਾਂ ਇਸ ਗੱਲ ਦਾ ਹਮੇਸ਼ਾ ਡਰ ਬਣਿਆ ਰਹਿੰਦਾ ਕਿ ਸਕਰੀਨ ਉੱਤੇ ਅਸ਼ਲੀਲ ਸਮਗਰੀ ਨਾ ਆ ਜਾਵੇ। ਅਜਿਹੀ ਸਥਿਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਦੋਵੇਂ ਸ਼ਰਮਸਾਰ ਮਹਿਸੂਸ ਕਰਦੇ ਹਨ। ਪੁਰਾਣੇ ਅਧਿਆਪਕਾਂ ਨੂੰ ਨਵੀਂ ਤਕਨੀਕ ਦੇ ਸਮਾਰਟ ਫੋਨਾਂ ਬਾਰੇ ਗਿਆਨ ਦੀ ਘਾਟ ਵੀ ਇਸਦਾ ਵੱਡਾ ਕਾਰਨ ਬਣਦੀ ਹੈ। ਇਸ ਲਈ ਸਰਕਾਰ ਵੱਲੋਂ ਮੁਹਈਆ ਕਰਵਾਏ ਗਏ ਮਹਿੰਗੇ ਅਤੇ ਵੱਡੇ ਪੈਨਲਾਂ ਨੂੰ ਵਰਤਣ ਤੋਂ ਪੁਰਾਣੇ ਅਧਿਆਪਕ ਸੰਕੋਚ ਕਰਦੇ ਹਨ। ਸੋਸ਼ਲ ਸਾਈਟਾਂ ਉੱਤੇ ਆ ਰਹੀਆਂ ਅਸ਼ਲੀਲ ਤਸਵੀਰਾਂ ਅਤੇ ਵੀਡੀਓ ਇਸਦਾ ਮੁੱਖ ਕਾਰਨ ਹਨ।

ਸੋਸ਼ਲ ਮੀਡੀਆ ਜ਼ਰੀਏ ਇਨਸਾਨ ਬਹੁਤ ਚੰਗਾ ਗਿਆਨ ਵੀ ਹਾਸਲ ਕਰ ਸਕਦਾ ਹੈ। ਪਿਛਲੇ ਸਮੇਂ ਸਿਵਿਲ ਸਰਵਿਸ ਦਾ ਨਤੀਜਾ ਆਇਆ। ਸਫਲਤਾ ਪ੍ਰਾਪਤ ਕਰਨ ਵਾਲੀਆਂ ਬੱਚੀਆਂ ਨੇ ਦੱਸਿਆ ਕਿ ਜ਼ਿਆਦਾ ਗਿਆਨ ਅਸੀਂ ਸਮਾਰਟ ਫੋਨਾਂ ਜ਼ਰੀਏ ਪ੍ਰਾਪਤ ਕੀਤਾ ਹੈ। ਬਹੁਤ ਸਾਰਾ ਸਾਹਿਤਕ ਗਿਆਨ ਅਸੀਂ ਸਮਾਰਟ ਫੋਨ ’ਤੇ ਪ੍ਰਾਪਤ ਕਰ ਸਕਦੇ ਹਾਂ। ਬਹੁਤ ਸਾਰੇ ਚੰਗੇ ਲੇਖਕਾਂ ਦੀਆਂ ਮੁਲਾਕਾਤਾਂ ਸੁਣ ਸਕਦੇ ਹਾਂ। ਚੰਗੇ ਵਿਗਿਆਨੀਆਂ ਦੀਆਂ ਖੋਜਾਂ ਬਾਰੇ ਮਿੰਟਾਂ-ਸਕਿੰਟਾਂ ਵਿੱਚ ਪਤਾ ਚੱਲ ਜਾਂਦਾ ਹੈ। ਪੁਰਾਣਾ ਗੀਤ ਸੰਗੀਤ, ਬਹੁਤ ਵੱਡਾ ਅਣਮੁੱਲਾ ਖਜ਼ਾਨਾ ਸੋਸ਼ਲ ਮੀਡੀਆ ਜ਼ਰੀਏ ਦੇਖਿਆ ਜਾ ਸਕਦਾ ਹੈ। ਬਹੁਤ ਸਾਰੀਆਂ ਪੁਰਾਣੀਆਂ ਕਿਤਾਬਾਂ, ਜਿਹੜੀਆਂ ਲਾਇਬਰੇਰੀਆਂ ਵਿੱਚ ਉਪਲਬਧ ਨਹੀਂ, ਆਪਣੀ ਉਮਰ ਵਿਹਾ ਕੇ ਖਤਮ ਹੋ ਚੁੱਕੀਆਂ ਹਨ, ਉਹ ਨੈੱਟ ਉੱਤੇ ਅਸੀਂ ਦੇਖ ਸਕਦੇ ਹਾਂ। ਧਾਰਮਿਕ ਜਾਣਕਾਰੀ, ਕਿਸੇ ਵੀ ਫਿਰਕੇ ਨਾਲ ਸੰਬੰਧਿਤ, ਮਿੰਟਾਂ ਸਕਿੰਟਾਂ ਵਿੱਚ ਇਕੱਤਰ ਕਰ ਸਕਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਪੂਰਾ ਬਿਉਰਾ ਵਿਸਥਾਰ ਵਿੱਚ ਨੈੱਟ ਉੱਤੇ ਉਪਲਬਧ ਹੈ। ਬਹੁਤ ਸਾਰੇ ਲੋਕ ਅੱਜ ਪਾਠ ਗੁਟਕਾ ਸਾਹਿਬ ਤੋਂ ਨਹੀਂ ਕਰਦੇ। ਤੁਸੀਂ ਗੁਰੂ ਘਰਾਂ ਵਿੱਚ ਦੇਖੋ, ਹਰ ਵਿਅਕਤੀ ਆਪਣੇ ਫੋਨ ਤੋਂ ਪਾਠ ਕਰ ਰਿਹਾ ਹੁੰਦਾ ਹੈ। ਮੋਬਾਇਲ ਫੋਨ ਜ਼ਰੀਏ ਦੁਨੀਆਂ ਦੀ ਹਰ ਚੀਜ਼ ਵੇਖੀ ਜਾ ਸਕਦੀ ਹੈ। ਇਹ ਬਹੁਤ ਵੱਡਾ ਵਡਮੁੱਲਾ ਖਜ਼ਾਨਾ ਹੈ। ਅੱਜ ਬਹੁਤ ਸਾਰੀਆਂ ਅਖਬਾਰਾਂ ਆਨਲਾਈਨ ਹੋ ਗਈਆਂ ਹਨ। ਕਰੋਨਾ ਕਾਲ ਤੋਂ ਬਾਅਦ ਜ਼ਿਆਦਾ ਲੋਕ ਆਨਲਾਈਨ ਹੀ ਅਖਬਾਰ ਪੜ੍ਹਨ ਲੱਗ ਪਏ ਹਨ। ਹਰ ਖਬਰ ਛਪਣ ਤੋਂ ਪਹਿਲਾਂ ਫੋਨ ਦੇ ਜ਼ਰੀਏ ਲੋਕ ਅੱਖੀਂ ਦੇਖ ਲੈਂਦੇ ਹਨ। ਪਰ ਜੋ ਅਨੰਦ ਅਖਬਾਰ ਦਾ ਵਾਸਤਵਿਕ ਰੂਪ ਵਿੱਚ ਪੜ੍ਹ ਕੇ ਆਉਂਦਾ ਹੈ, ਉਹ ਗੱਲ ਆਨਲਾਈਨ ਨਹੀਂ ਬਣਦੀ।

ਅਖਬਾਰ ਮਾਲਕਾਂ ਦੀਆਂ ਆਪਣੀਆਂ ਮਜਬੂਰੀਆਂ ਹਨ। ਸੋਸ਼ਲ ਮੀਡੀਆ ਉੱਤੇ ਬਹੁਤ ਸਾਰੇ ਨਵੇਂ ਚੈਨਲ ਆ ਗਏ ਹਨ। ਗਿਆਨ ਦਾ ਅਥਾਹ ਭੰਡਾਰ ਹੈ। ਪਰ ਸਭ ਤੋਂ ਵੱਡਾ ਰੋਗ ਇੱਕੋ ਹੈ, ਜਿਸਦਾ ਕੋਈ ਹੱਲ ਨਜ਼ਰ ਨਹੀਂ ਨਜ਼ਰ ਆ ਰਿਹਾ, ਅਸ਼ਲੀਲਤਾ ਪਰੋਸਣ ਦਾ ਕੰਮ ਅਮਰ ਵੇਲ ਵਾਂਗ ਵਧਦਾ ਜਾ ਰਿਹਾ ਹੈ। ਵੱਡੀਆਂ ਕੰਪਨੀਆਂ ਅੱਗੇ ਸਾਡੀਆਂ ਸਰਕਾਰਾਂ ਵੀ ਬੇਵੱਸ ਨਜ਼ਰ ਆ ਰਹੀਆਂ ਹਨ। ਕੋਈ ਨਿਯੰਤਰਣ ਨਹੀਂ। ਲੋਕ ਕਹਿੰਦੇ ਹਨ ਕਿ ਸਰਕਾਰਾਂ ਤੋਂ ਬਿਨਾਂ ਤਾਂ ਪੱਤਾ ਨਹੀਂ ਹਿੱਲ ਸਕਦਾ, ਇਹ ਸਭ ਮਿਲੀ ਭੁਗਤ ਦਾ ਨਤੀਜਾ ਹੈ। ਸਰਕਾਰਾਂ ਨੂੰ ਇਸਦਾ ਕੋਈ ਨਾ ਕੋਈ ਹੱਲ ਕੱਢਣਾ ਚਾਹੀਦਾ ਹੈ। ਸਾਡੀ ਜਵਾਨੀ ਨੂੰ ਕੁਝ ਨਸ਼ਿਆਂ ਨੇ ਖਾ ਲਿਆ, ਰਹਿੰਦੀ ਕਸਰ ਪਰੋਸੀ ਜਾ ਰਹੀ ਅਸ਼ਲੀਲਤਾ ਕੱਢ ਰਹੀ ਹੈ।

ਵਰਤਮਾਨ ਦੌਰ ਨੂੰ ਦੇਖ ਕੇ ਪੁਰਾਣੇ ਸਮੇਂ ਚੇਤੇ ਆ ਜਾਂਦੇ ਹਨ। ਮੈਨੂੰ ਯਾਦ ਹੈ ਜਦੋਂ ਘਰਾਂ ਵਿੱਚ ਨਵੇਂ ਨਵੇਂ ਟੀਵੀ ਲੱਗੇ, ਕੁੜੀਆਂ ਆਪਣੇ ਭਰਾਵਾਂ ਨਾਲ ਬਹਿਕੇ ਟੀਵੀ ਨਹੀਂ ਸੀ ਦੇਖਦੀਆਂ ਹੁੰਦੀਆਂ। ਸਾਡੇ ਪੰਜਾਬੀ ਸੱਭਿਆਚਾਰ ਵਿੱਚ ਸ਼ਰਮ ਹਯਾ ਦਾ ਵੱਡਾ ਸਥਾਨ ਸੀ। ਫੋਨਾਂ ’ਤੇ ਹੁੰਦੀ ਗੱਲਬਾਤ ਨਾਲ ਰਿਸ਼ਤੇ ਜੁੜਨ ਦੀ ਬਜਾਏ ਟੁੱਟ ਰਹੇ ਹਨ। ਤਲਾਕ ਹੋਣਾ ਆਮ ਵਰਤਾਰਾ ਹੋ ਗਿਆ, ਜਦੋਂ ਕਿ ਪੰਜਾਬੀ ਸੱਭਿਆਚਾਰ ਵਿੱਚ ਤਲਾਕ ਨੂੰ ਕਾਲਾ ਧੱਬਾ ਮੰਨਿਆ ਜਾਂਦਾ ਸੀ। ਪਤਾ ਨਹੀਂ ਲੱਗ ਰਿਹਾ, ਗੁਰੂਆਂ ਪੀਰਾਂ ਦੀ ਵਰਸਾਈ ਧਰਤੀ ਉੱਤੇ ਅਸ਼ਲੀਲਤਾ ਕਿਹੜੀ ਸਾਜ਼ਿਸ਼ ਦੇ ਅਧੀਨ ਪਰੋਸੀ ਜਾ ਰਹੀ ਹੈ।

ਸਮਾਰਟ ਫੋਨ ਅਤੇ ਸੋਸ਼ਲ ਮੀਡੀਆ ਮੈਨੂੰ ਅੱਥਰੇ ਘੋੜੇ ਦੀ ਤਰ੍ਹਾਂ ਜਾਪ ਰਹੇ ਹਨ। ਘੋੜੇ ਨੂੰ ਕਾਬੂ ਕਰਨ ਲਈ ਲਗਾਮ ਹੋਣੀ ਬਹੁਤ ਜ਼ਰੂਰੀ ਹੈ। ਜੇਕਰ ਘੋੜੇ ਦੇ ਲਗਾਮ ਨਹੀਂ ਤਾਂ ਉਹ ਬੇਕਾਬੂ ਹੋ ਕੇ ਸਵਾਰ ਨੂੰ ਮੂਧੇ-ਮੂੰਹ ਹੇਠਾਂ ਸੁੱਟੇਗਾ ਅਤੇ ਦੁਲੱਤੇ ਮਾਰੇਗਾ, ਜਿਹੜੇ ਸਾਨੂੰ ਸਾਹਮਣੇ ਸਪਸ਼ਟ ਨਜ਼ਰ ਆ ਰਹੇ ਹਨ। ਅੱਜ ਇਸ ਅੱਥਰੇ ਘੋੜੇ ਨੂੰ ਸਰਕਾਰ ਵੱਲੋਂ ਲਗਾਮ ਪਾਉਣੀ ਬਹੁਤ ਜ਼ਰੂਰੀ ਹੈ। ਇਹ ਪ੍ਰਕਿਰਿਆ ਕੇਂਦਰ ਸਰਕਾਰ ਤੋਂ ਬਾਹਰ ਨਹੀਂ। ਬਹੁਤ ਸਾਰੇ ਲੋਕ ਅੱਜ ਫੋਕੀ ਸ਼ੋਹਰਤ ਅਤੇ ਪੈਸਾ ਕਮਾਉਣ ਲਈ ਪੇਸ਼ ਕੀਤੀ ਜਾਣ ਵਾਲੀ ਸਮਗਰੀ ਨੂੰ ਅਸ਼ਲੀਲ ਰੰਗਤ ਦੇ ਕੇ ਪੇਸ਼ ਕਰਦੇ ਹਨ। ਅਜਿਹੇ ਵਰਤਾਰੇ ’ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਬਚਪਨ ਅਤੇ ਜਵਾਨੀ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਵਿੱਚ ਸਾਡਾ ਭਵਿੱਖ ਛੁਪਿਆ ਹੋਇਆ ਹੈ। ਜਿਹੜੀ ਧਰਤੀ ਦੇ ਉੱਤੇ ਵੇਦ ਰਚੇ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਪਾਵਨ ਗ੍ਰੰਥ ਰਚਿਆ ਗਿਆ ਹੋਵੇ, ਜਿੱਥੇ ਤੇਤੀ ਕਰੋੜ ਦੇਵੀ ਦੇਵਤਿਆਂ ਦੀ ਗੱਲ ਹੁੰਦੀ ਹੋਵੇ, ਹਰ ਕੋਈ ਧਾਰਮਿਕ ਰਹੁ ਰੀਤਾਂ ਦੇ ਅਨੁਸਾਰ ਆਪਣਾ ਜੀਵਨ ਬਸਰ ਕਰ ਰਿਹਾ ਹੋਵੇ, ਉਸ ਧਰਤੀ ਉੱਤੇ ਅਸ਼ਲੀਲਤਾ ਪਰੋਸੀ ਜਾਵੇ - ਇਸ ਤੋਂ ਘਾਤਕ ਗੱਲ ਕੋਈ ਹੋ ਨਹੀਂ ਸਕਦੀ। ਮਾਤਾ ਪਿਤਾ ਬੱਚਿਆਂ ਨੂੰ ਰੋਕਣ ਦੀ ਕੋਸ਼ਿਸ਼ ਕਰ ਸਕਦੇ ਹਨ ਪਰ ਰੁਕਣਾ, ਨਾ ਰੁਕਣਾ ਬੱਚਿਆਂ ’ਤੇ ਨਿਰਭਰ ਕਰਦਾ ਹੈ। ਅਸ਼ਲੀਲਤਾ ਉੱਤੇ ਪਾਬੰਦੀਆਂ ਲਾਉਣਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਕੰਪਨੀਆਂ ਨੂੰ ਵੀ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਬਾਕੀ ਅਜਿਹੇ ਵਰਤਾਰੇ ਦਾ ਰੱਬ ਹੀ ਰਾਖਾ ਹੈ।

ਅਜਿਹੇ ਹਾਲਾਤ ’ਤੇ ਮੇਰੇ ਪੰਜਾਬੀ ਦੀ ਮਕਬੂਲ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦਾ ਸ਼ੇਅਰ ਯਾਦ ਆ ਗਿਆ ਹੈ,

ਜ਼ਹਿਰ ਮਿਲਤਾ ਰਹਾ, ਜ਼ਹਿਰ ਪੀਤੇ ਰਹੇ,
ਰੋਜ਼ ਮਰਤੇ ਰਹੇ, ਰੋਜ਼ ਜੀਤੇ ਰਹੇ।
ਜ਼ਿੰਦਗੀ ਹਮੇ ਅਜ਼ਮਾਤੀ ਰਹੀ,
ਹਮ ਜ਼ਿੰਦਗੀ ਕੋ ਅਜ਼ਮਾਤੇ ਰਹੇ।

# ਇਨਸਾਨੀਅਤ ਸ਼ਰਮਸਾਰ ਹੋਈ

ਰਜਵਿੰਦਰ ਪਾਲ ਸ਼ਰਮਾ
7087367969

ਪੈਸੇ ਅਤੇ ਤਕਨਾਲੋਜੀ ਦੀ ਅੰਨ੍ਹੀ ਭੱਜ ਦੌੜ ਵਿੱਚ ਇਨਸਾਨੀਅਤ ਅਤੇ ਮਨੁੱਖਤਾ ਕਿਧਰੇ ਖੰਭ ਲਾ ਕੇ ਉੱਡ ਗਈ ਜਾਪਦੀ ਹੈ।ਨੈਤਿਕ ਕਦਰਾਂ ਕੀਮਤਾਂ,ਦਇਆ ਅਤੇ ਹਮਦਰਦੀ ਹੁਣ ਕੇਵਲ ਪਾਠ ਪੁਸਤਕਾਂ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਇਨਸਾਨ ਦੀ ਸੋਚ ਕਿੰਨੀ ਸੌੜੀ ਹੋ ਗਈ ਹੈ ਇਸਦਾ ਅੰਦਾਜ਼ਾ ਉੜੀਸਾ ਦੇ ਭੁਵਨੇਸ਼ਵਰ ਵਿੱਚ ਵਾਪਰੀ ਇੱਕ ਘਟਨਾ ਤੋਂ ਲਗਾਇਆ ਜਾ ਸਕਦਾ ਹੈ ਜਿਥੇ ਇੱਕ ਭਰਾ ਆਪਣੀ ਮਰੀ ਹੋਈ ਭੈਣ ਦੇ ਖਾਤੇ ਵਿੱਚ ਪਈ ਰਕਮ ਜੋ ਕਿ ਲੱਗਭਗ ਵੀਹ ਹਜ਼ਾਰ ਰੁਪਏ ਦੇ ਕਰੀਬ ਸੀ ਕਢਵਾਉਣਾ ਚਾਹੁੰਦਾ ਸੀ ਤਾਂ ਜੋ ਕੁੱਝ ਆਰਥਿਕ ਮਦਦ ਹੋ ਸਕੇ।

ਬੈਂਕ ਵਾਲਿਆਂ ਨੇ ਉਸ ਤੋਂ ਸਬੂਤ ਮੰਗਿਆ,ਉਹ ਵਿਚਾਰਾ ਪ੍ਰੇਸ਼ਾਨ ਹੋ ਕੇ ਆਪਣੀ ਮਰੀ ਹੋਈ ਭੈਣ ਦਾ ਪਿੰਜਰ ਹੀ ਕਬਰ ਵਿੱਚੋਂ ਕੱਢ ਕਪੜੇ ਵਿੱਚ ਵਲ੍ਹੇਟ ਕੇ ਲੈ ਗਿਆ ਅਤੇ ਬੈਂਕ ਵਾਲਿਆਂ ਨੂੰ ਕਹਿੰਦਾ ਲਉ ਜੀ ਸਬੂਤ। ਕਿਸੇ ਦਾ ਇਹੋ ਜਿਹਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ ਜੋ ਕਿਸੇ ਮਰੇ ਹੋਏ ਵਿਅਕਤੀ ਦੀ ਮਿੱਟੀ ਪਲੀਤ ਕਰੇ। ਉਸ ਵਿਅਕਤੀ ਤੇ ਕੀ ਬੀਤੀ ਹੋਵੇਗੀ ਇਹ ਤਾਂ ਓਹੀ ਜਾਣਦਾ ਹੈ ਪਰੰਤੂ ਇਹ ਘਟਨਾ ਦੇਖ ਕੇ ਦਿਲ ਵਿੱਚ ਡੂੰਘੀ ਚੀਸ ਪੈਂਦੀ ਹੈ ਅਤੇ ਮਨ ਚਿੰਤਾ ਵਿੱਚ ਡੁੱਬ ਕੇ ਚਿੰਤਨ ਕਰਨ ਲਈ ਮਜ਼ਬੂਰ ਕਰਦਾ ਹੈ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ।ਮਸਲਾ ਤਾਂ ਦੋ ਰੋਟੀਆਂ ਦਾ ਹੈ। ਜ਼ਮੀਨ ਜਾਇਦਾਦ ਅਤੇ ਪੈਸਾ ਨਾ ਤਾਂ ਕੋਈ ਕਬਰ ਵਿੱਚ ਲਿਜਾਂਦਾ ਦੇਖਿਆ ਹੈ ਅਤੇ ਨਾ ਕੋਈ ਭਵਿੱਖ ਵਿੱਚ ਲੈ ਕੇ ਜਾਵੇਗਾ। ਅਸੀਂ ਤਰੱਕੀ ਅਤੇ ਸਮੇਂ ਦੇ ਹਾਣੀ ਜਿਨ੍ਹਾਂ ਮਰਜ਼ੀ ਬਣ ਜਾਈਏ ਪ੍ਰੰਤੂ ਮਨੁੱਖਤਾ ਨੂੰ ਜਿਉਂਦੇ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਡੇ ਮਨੁੱਖ ਅਤੇ ਜਿਉਂਦੇ ਹੋਣ ਦਾ ਪੱਕਾ ਸਬੂਤ ਹੈ।



# ਛੇਵੇਂ ਪਾਤਸ਼ਾਹ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ

ਰਮੇਸ਼ ਬੱਗਾ ਚੋਹਲਾ, ਮੋਬ:9463132719



ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਿੱਥੇ ਗੁਰੂ ਸਾਹਿਬਾਨ ਨੇ ਅਣਥੱਕ ਅਤੇ ਸਾਰਥਿਕ ਜਤਨ ਕੀਤੇ ਹਨ,ਉੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਵੀ ਬਣਦਾ-ਸਰਦਾ ਅਤੇ ਬੇਸ਼ਕੀਮਤੀ ਯੋਗਦਾਨ ਪਾਇਆ ਗਿਆ ਹੈ।ਇਸ ਯੋਗਦਾਨ ਸਦਕਾ ਹੀ ਸਿੱਖ ਧਰਮ ਸਦਾ ਚੜ੍ਹਦੀਕਲਾ ਵਿਚ ਰਿਹਾ ਹੈ।ਇਨ੍ਹਾਂ ਯੋਗਦਾਨੀਆਂ ਵਿਚ ਗੁਰੂ ਸਾਹਿਬਾਨ ਦੇ ਪੁੱਤਰ-ਪੁੱਤਰੀਆਂ, ਭੈਣਾਂ-ਭਰਾਵਾਂ, ਮਾਤਾਵਾਂ ਅਤੇ ਹੋਰ ਨਿਕਟਵਰਤੀਆਂ ਦੀ ਅਹਿਮ ਭੂਮਿਕਾ ਰਹੀ ਹੈ।ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ ਸ਼ਾਮਿਲ ਹੈ ਮੀਰੀ-ਪੀਰੀ ਦੇ ਮਾਲਿਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵੱਡੇ ਫ਼ਰਜੰਦ ਬਾਬਾ ਗੁਰਦਿੱਤਾ ਜੀ ਦਾ ਨਾਮ।

ਦੀਨ ਦੁਨੀ ਦਾ ਟਿੱਕਾ ਕਰਕੇ ਜਾਣੇ ਜਾਂਦੇ ਧੰਨ ਧੰਨ ਬਾਬਾ ਗੁਰਦਿੱਤਾ ਜੀ ਦਾ ਜਨਮ ਕੱਤਕ ਸੁਦੀ 15 ਸੰਮਤ 1670 (ਮੁਤਾਬਿਕ 15 ਨਵੰਬਰ 1613 ਈਸਵੀ) ਨੂੰ ਮਾਤਾ ਦਮੋਦਰੀ ਜੀ ਦੀ ਕੁੱਖੋਂ ਪਿੰਡ ਡਰੋਲੀ ਭਾਈ ਜ਼ਿਲ੍ਹਾ ਮੋਗਾ ਵਿਖੇ ਹੋਇਆ।ਤਨੋਂ-ਮਨੋਂ ਸਿੱਖੀ ਸੋਚ ਨਾਲ ਜੁੜੇ ਬਾਬਾ ਗੁਰਦਿੱਤਾ ਜੀ ਦੇ ਪੜਦਾਦਾ ਸ੍ਰੀ ਗੁਰੂ ਰਮਦਾਸ ਜੀ,ਦਾਦਾ ਗੁਰੂ ਅਰਜਨ ਦੇਵ ਜੀ,ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ, ਛੋਟੇ ਭਰਾਤਾ ਸ੍ਰੀ ਗੁਰੂ ਤੇਗ ਬਹਾਦਰ ਜੀ।ਪੁੱਤਰ ਗੁਰੂ ਹਰਿ ਰਾਏ ਜੀ,ਪੋਤਰੇ ਸ੍ਰੀ ਗੁਰੂ ਹਰਿੱਕਿਸ਼ਨ ਜੀ ਅਤੇ ਭਤੀਜਾ ਗੁਰੂ ਗੋਬਿੰਦ ਸਿੰਘ ਜੀ ਆਪੋ ਆਪਣੇ ਸਮੇਂ ਸਿੱਖ ਸੰਗਤ ਦੀ (ਗੁਰੂ ਰੂਪ ਹੋ ਕੇ) ਸੁਚੱਜੀ ਅਗਵਾਈ ਕਰਦੇ ਹਨ।ਇਹ ਅਗਵਾਈ ਮਨੁੱਖੀ ਜਨਮ ਨੂੰ ਲਾਹੇਵੰਦ ਬਣਾਉਣ ਵਿਚ ਬੜੀ ਕਾਰਗਰ ਸਾਬਤ ਹੋਈ ਹੈ।

ਬਾਬਾ ਗੁਰਦਿੱਤਾ ਜੀ ਨੇ ਧਾਰਮਿਕ ਅਤੇ ਸ਼ਸਤਰ ਵਿਦਿਆ ਗੁਰੂ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਹਾਸਲ ਕੀਤੀ ਜਿਸ ਦੀ ਬਾਦੌਲਤ ਉਹ ਗੁਰੂ ਘਰ ਨਾਲ ਸਬੰਧੰਤ ਧਾਰਮਿਕ ਅਤੇ ਰਾਜਨੀਤਕ ਮਸਲੇ ਨਜਿੱਠਦੇ ਰਹੇ ਹਨ। ਸਿੱਖ ਧਰਮ ਵਿਚ ਵਿਆਹੁਤਾ ਜੀਵਨ ਦੀ ਆਰੰਭਤਾ ਨੂੰ ਆਨੰਦ-ਕਾਰਜ ਦਾ ਨਾਮ ਦਿੱਤਾ ਗਿਆ ਹੈ ਭਾਵ ਖ਼ੁਸ਼ੀ ਦਾ ਉਹ ਕਾਰਜ ਜਿਹੜਾ ਸੰਸਾਰਿਕ ਅਤੇ ਪਰਿਵਾਰਕ ਸਾਂਝ ਲਈ ਜ਼ਰੂਰੀ ਹੁੰਦਾ ਹੈ।ਇਸ ਜ਼ਰੂਰਤ ਨੂੰ ਮੁੱਖ ਰੱਖਦਿਆਂ ਹੋਇਆਂ ਬਾਬਾ ਗੁਰਦਿੱਤਾ ਜੀ ਆਨੰਦ ਕਾਰਜ (ਵਿਆਹ) 29 ਵੈਸਾਖ ਸੰਮਤ 1681 (1624 ਈ.) ਨੂੰ ਗੁਰਦਾਸਪੁਰ ਜਿਲ੍ਹੇ ਦੇ ਪ੍ਰਸਿੱਧ ਸ਼ਹਿਰ ਬਟਾਲਾ ਦੇ ਰਹਿਣ ਵਾਲੇ ਭਾਈ ਰਾਮਾ ਮੱਲ ਦੀ ਜੀ ਦੇ ਬੇਟੀ ਅਨੰਤੀ (ਨਿਹਾਲ ਕੌਰ) ਨਾਲ ਹੋਣਾ ਨਿਯਤ ਹੋਇਆ।ਵਿਆਹ ਵਾਲੇ ਦਿਨ ਬਾਬਾ ਜੀ ਦੀ ਬਰਾਤ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਛੇਵੇਂ ਪਾਤਸ਼ਾਹ ਤੋਂ ਇਲਾਵਾ ਬਾਬਾ ਬੁੱਢਾ ਸਾਹਿਬ ਜੀ,ਭਾਈ ਗੁਰਦਾਸ ਜੀ,ਭਾਈ ਦਾਤੂ ਜੀ,(ਗੁਰੂ) ਤੇਗ ਬਹਾਦਰ ਜੀ,ਭਾਈ ਮੋਹਰੀ ਜੀ,ਭਾਈ ਕਿਸ਼ਨ ਚੰਦ ਜੀ,ਭਾਈ ਸਾਂਈ ਦਾਸ ਜੀ ਅਤੇ ਭੈਣ ਬੀਬੀ ਵੀਰੋ ਜੀ ਦੇ ਨਾਮ ਪ੍ਰਮੁੱਖ ਹਨ।ਭਾਈ ਰਾਮਾ ਜੀ ਦੇ ਪਰਿਵਾਰ ਵੱਲੋਂ ਗੁਰੂ ਕੇ ਬਰਾਤੀਆਂ ਦਾ ਰੱਜਵਾਂ ਸਤਿਕਾਰ ਕੀਤਾ ਗਿਆ।ਬਾਬਾ ਜੀ ਦੇ ਗ੍ਰਹਿ ਵਿਖੇ ਦੋ ਪੁੱਤਰ ਹਰਿ ਰਾਇ (ਗੁਰੂ) ਅਤੇ ਧੀਰ ਮੱਲ ਪੈਦਾ ਹੋਏ।ਇਸ ਯਾਦ ਨੂੰ ਸਦੀਵੀ ਬਣਾਉਣ ਲਈ ਬਟਾਲਾ ਸ਼ਹਿਰ ਦੇ ਇਸ ਸਥਾਨ ਉਪਰ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਸੁਸ਼ੋਭਿਤ ਹੈ।

ਬਾਬਾ ਗੁਰਦਿੱਤਾ ਜੀ ਦੇ ਜੀਵਨ ਨਾਲ ਸਬੰਧਤ ਇੱਕ ਸਾਖ਼ੀ ਆਉਂਦੀ ਹੈ ਜਿਸ ਦਾ ਮਨੋਰਥ ਸਿੱਖੀ ਦੇ ਉਸ ਸਿਧਾਂਤ ਨੂੰ ਦ੍ਰਿੜ ਕਰਾਉਣਾ ਹੈ ਜਿਸ ਦੇ ਅਨੁਸਾਰ ਸਿੱਖ ਨੇ 'ਰੱਬੀ ਰਜ਼ਾ' ਵਿਚ ਰਹਿਣਾ ਹੁੰਦਾ ਹੈ।

ਸਾਖ਼ੀ ਮੁਤਬਿਕ ਇੱਕ ਦਿਨ ਸ਼ਿਕਾਰ ਖੇਡਦੇ ਸਮੇਂ ਬਾਬਾ ਗੁਰਦਿੱਤਾ ਜੀ ਵੱਲੋਂ ਚਲਾਇਆ ਇੱਕ ਤੀਰ ਹਿਰਨੀ ਦੀ ਥਾਂ ਤੇ ਨੇੜੇ ਚਰਦੀ ਗਾਂ ਦੇ ਜਾ ਲੱਗਾ ਅਤੇ ਉਹ ਮਰ ਗਈ। ਗਾਂ ਦੀ ਮੌਤ 'ਤੇ ਗ਼ਵਾਲੇ ਵੱਲੋਂ ਬਹੁਤ ਵਿਰਲਾਪ ਕੀਤਾ ਗਿਆ।ਉਸ ਦੇ ਵਿਰਲਾਪ ਨੂੰ ਦੇਖ ਕੇ ਬਾਬਾ ਜੀ ਗਾਂ ਨੂੰ ਮੁੜ ਜੀਵਨ ਬਖ਼ਸ਼ ਦਿੱਤਾ।ਇਸ ਕਰਾਮਾਤ ਨਾਲ ਗ਼ਵਾਲਾ ਤਾਂ ਖ਼ੁਸ਼ ਹੋ ਗਿਆ ਪਰ ਗੁਰੂ ਪਿਤਾ ਜੀ ਸਖਤ ਨਾਰਾਜ਼ ਹੋ ਗਏ।ਗੁਰੂ ਜੀ ਨੇ ਕਰਾਮਾਤ ਨੂੰ ਕਹਿਰ ਦਾ ਨਾਮ ਦਿੰਦਿਆਂ ਬਾਬਾ ਗੁਰਦਿੱਤਾ ਜੀ ਨੂੰ ਗਾਂ ਦੇ ਬਦਲੇ ਆਪਣਾ ਸਰੀਰ ਤਿਆਗਣ ਦਾ ਹੁਕਮ ਦੇ ਦਿੱਤਾ।ਇਸ ਹੁਕਮ ਨੂੰ ਪ੍ਰਵਾਨ ਕਰਕੇ ਬਾਬਾ ਜੀ ਸ੍ਰੀ ਕੀਰਤਪੁਰ ਸਾਹਿਬ ਆ ਗਏ ਅਤੇ ਚੇਤ ਸੁਦੀ 10 ਸੰਮਤ 1695 (15 ਮਾਰਚ 1638 ਈ.) ਨੂੰ ਸਰੀਰਕ ਚੋਲਾ ਤਿਆਗ ਗਏ। ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਇਹ ਖ਼ਬਰ ਮਿਲੀ ਤਾਂ ਉਹ ਸੰਗਤ ਸਮੇਤ ਸ੍ਰੀ ਕੀਰਤਪੁਰ ਸਾਹਿਬ ਆਏ ਅਤੇ ਬਾਬਾ ਜੀ ਦੀ ਦੇਹ ਦਾ ਅੰਤਿਮ ਸਸਕਾਰ ਕੀਤਾ।ਇਸ ਸਮੇਂ ਗੁਰੂ ਸਾਹਿਬ ਨੇ ਬਚਨ ਕੀਤਾ:- ਧੰਨ ਧੰਨ ਬਾਬਾ ਗੁਰਦਿੱਤਾ,ਦੀਨ ਦੁਨੀ ਦਾ ਟਿੱਕਾ, ਜੋ ਵਰ ਮੰਗਿਆ ਸੋ ਵਰ ਦਿੱਤਾ।'

ਬਾਬਾ ਗੁਰਦਿੱਤਾ ਜੀ ਦੀ ਯਾਦ ਵਿਚ ਹਰ ਸਾਲ ਚੇਤ ਮਹੀਨੇ ਦੀ ਦਸਵੀਂ ਨੂੰ ਸ੍ਰੀ ਕੀਰਤਪੁਰ ਸਾਹਿਬ ਵਿਖੇ ਭਾਰੀ ਜੋੜ-ਮੇਲਾ ਮਨਾਇਆ ਜਾਂਦਾ ਹੈ।ਇਸ ਦਿਨ ਦੇਸ਼-ਵਿਦੇਸ਼ ਦੀ ਸੰਗਤ ਇਥੇ ਨਤਮਸਤਕ ਹੋਣ ਲਈ ਆਉਂਦੀ ਹੈ ਅਤੇ ਗੁਰੂ-ਘਰ ਦੀ ਰੌਣਕ ਨੂੰ ਵਧਾਉਂਦੀ ਹੈ।


ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

## ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ

(ਪਿੰਡ ਕੁੱਸਾ-ਮੋਗਾ)



ਬੇਨਤੀ ਹੈ ਕਿ ਪਿੰਡ ਕੁੱਸਾ (ਮੋਗਾ) ਦੀ ਸਮੂਹ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਜਾ ਰਹੇ ਹਨ। ਆਪ ਸਭ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰੋਗਰਾਮ ਦੇ ਵੇਰਵੇ:

**ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ**
05 - ਜੂਨ 2026 (ਸ਼ੁੱਕਰਵਾਰ) ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
07 - ਜੂਨ 2026 (ਐਤਵਾਰ) ਸਵੇਰੇ 10 ਵਜੇ

ਸਥਾਨ:

**ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ**
30640 Blueridge Dr, Abbotsford, V2T 5W3 BC

ਸੋ ਪਿੰਡ ਦੇ ਸਾਰੇ ਸੱਜਣ-ਮਿੱਤਰ, ਮਾਵਾਂ-ਭੈਣਾਂ, ਦੋਹਤੇ-ਦੋਹਤੀਆਂ ਤੇ ਕੁੜੀਆਂ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।
ਸੋ ਸਾਰੇ ਟਾਈਮ ਨਾਲ ਜ਼ਰੂਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਲਛਮਣ ਸਿੰਘ ਧਾਲੀਵਾਲ (604-306-4710)
ਰਛਪਾਲ ਸਿੰਘ ਧਾਲੀਵਾਲ (604-807-8448)
ਗੁਰਜੀਤ ਸਿੰਘ ਧਾਲੀਵਾਲ (778-928-7000)

# ਜ਼ਿੰਦਗੀ ਦੇ ਸਫਰ ਵਿੱਚ ਸੰਤੁਸ਼ਟੀ ਹੀ ਸਭ ਤੋਂ ਵੱਡੀ ਕਾਮਯਾਬੀ ਹੈ

ਚਾਨਣਦੀਪ ਸਿੰਘ ਔਲਖ, 98768 - 88177



ਇਨਸਾਨ ਆਪਣੀ ਜ਼ਿੰਦਗੀ ਵਿੱਚ ਬੇਅੰਤ ਮੰਜ਼ਿਲਾਂ ਤੈਅ ਕਰਨ ਦੀ ਖ਼ਾਹਿਸ਼ ਰੱਖਦਾ ਹੈ। ਉਹ ਚਾਹੁੰਦਾ ਹੈ ਕਿ ਉਸਦੇ ਕੋਲ ਦੌਲਤ ਹੋਵੇ, ਨਾਮ ਹੋਵੇ, ਸ਼ੋਹਰਤ ਹੋਵੇ ਅਤੇ ਹਰ ਕੋਈ ਉਸਦੀ ਕਾਮਯਾਬੀ ਦੀ ਮਿਸਾਲ ਦੇਵੇ। ਪਰ ਜੇਕਰ ਅਸੀਂ ਡੂੰਘਾਈ ਨਾਲ ਸੋਚੀਏ ਤਾਂ ਪਤਾ ਲਗਦਾ ਹੈ ਕਿ ਅਸਲ ਕਾਮਯਾਬੀ ਇਨ੍ਹਾਂ ਚੀਜ਼ਾਂ ਵਿੱਚ ਨਹੀਂ, ਸਗੋਂ ਮਨ ਦੀ ਸੰਤੁਸ਼ਟੀ ਵਿੱਚ ਵਸਦੀ ਹੈ। ਜਿਸ ਮਨੁੱਖ ਦੇ ਅੰਦਰ ਸੰਤੁਸ਼ਟੀ ਹੈ, ਉਹੀ ਸੱਚੇ ਅਰਥਾਂ ਵਿੱਚ ਕਾਮਯਾਬ ਹੈ। ਅਸੀਂ ਅਕਸਰ ਆਪਣੀ ਖ਼ੁਸ਼ੀ ਨੂੰ ਭਵਿੱਖ ਨਾਲ ਜੋੜ ਲੈਂਦੇ ਹਾਂ। ਸਾਨੂੰ ਲਗਦਾ ਹੈ ਕਿ ਜਦੋਂ ਸਾਨੂੰ ਵੱਡੀ ਨੌਕਰੀ ਮਿਲੇਗੀ, ਵੱਡਾ ਘਰ ਬਣੇਗਾ ਜਾਂ ਵੱਡੀ ਪਛਾਣ ਬਣੇਗੀ, ਤਦੋਂ ਅਸੀਂ ਖ਼ੁਸ਼ ਹੋਵਾਂਗੇ। ਪਰ ਇਹ ਸੋਚ ਕਦੇ ਖ਼ਤਮ ਨਹੀਂ ਹੁੰਦੀ। ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਸਾਹਮਣੇ ਖੜ੍ਹੀ ਹੋ ਜਾਂਦੀ ਹੈ। ਇਸ ਦੌੜ ਵਿੱਚ ਅਸੀਂ ਆਪਣੇ ਅੱਜ ਦੀ ਖ਼ੂਬਸੂਰਤੀ ਗੁਆ ਬੈਠਦੇ ਹਾਂ। ਸੰਤੁਸ਼ਟੀ ਸਾਨੂੰ ਸਿਖਾਉਂਦੀ ਹੈ ਕਿ ਜੋ ਕੁਝ ਸਾਡੇ ਕੋਲ ਹੈ, ਉਸਦੀ ਕਦਰ ਕਰੀਏ ਅਤੇ ਉਸ ਵਿੱਚ ਹੀ ਖ਼ੁਸ਼ੀ ਲੱਭੀਏ। ਸਮਾਂ ਬਹੁਤ ਕੀਮਤੀ ਹੈ। ਇਹ ਕਦੇ ਰੁਕਦਾ ਨਹੀਂ ਅਤੇ ਨਾ ਹੀ ਵਾਪਸ ਆਉਂਦਾ ਹੈ। ਜੇ ਅਸੀਂ ਹਰ ਦਿਨ ਨੂੰ ਸ਼ਿਕਾਇਤਾਂ ਵਿੱਚ ਗੁਜ਼ਾਰਾਂਗੇ ਤਾਂ ਪਛਤਾਵੇ ਤੋਂ ਇਲਾਵਾ ਕੁਝ ਹਾਸਲ ਨਹੀਂ ਹੋਵੇਗਾ। ਪਰ ਜੇ ਅਸੀਂ ਹਰ ਸਵੇਰ ਨੂੰ ਇੱਕ ਨਵੇਂ ਮੌਕੇ ਵਾਂਗ ਸਵੀਕਾਰ ਕਰੀਏ ਅਤੇ ਆਪਣੀ ਮਿਹਨਤ ਨਾਲ ਨਾਲ ਸੰਤੁਸ਼ਟੀ ਦਾ ਭਾਵ ਵੀ ਰੱਖੀਏ, ਤਾਂ ਜੀਵਨ ਸੁਖਮਈ ਬਣ ਜਾਂਦਾ ਹੈ। ਸੰਤੁਸ਼ਟੀ ਇਹ ਨਹੀਂ ਕਿ ਅਸੀਂ ਤਰੱਕੀ ਕਰਨੀ ਛੱਡ ਦੇਈਏ, ਸਗੋਂ ਇਹ ਹੈ ਕਿ ਤਰੱਕੀ ਦੀ ਦੌੜ ਵਿੱਚ ਆਪਣੇ ਮਨ ਦੀ ਸ਼ਾਂਤੀ ਨਾ ਗੁਆਈਏ। ਰਿਸ਼ਤਿਆਂ ਵਿੱਚ ਵੀ ਸੰਤੁਸ਼ਟੀ ਬਹੁਤ ਜ਼ਰੂਰੀ ਹੈ। ਅਕਸਰ ਅਸੀਂ ਹੋਰਨਾਂ ਨਾਲ ਤੁਲਨਾ ਕਰਕੇ ਆਪਣੇ ਜੀਵਨ ਨੂੰ ਅਧੂਰਾ ਸਮਝਣ ਲੱਗ ਪੈਂਦੇ ਹਾਂ। ਪਰ ਹਰ ਇਨਸਾਨ ਦੀ ਆਪਣੀ ਕਹਾਣੀ ਅਤੇ ਆਪਣਾ ਸਫਰ ਹੁੰਦਾ ਹੈ। ਜਦੋਂ ਅਸੀਂ ਆਪਣੇ ਪਰਿਵਾਰ, ਦੋਸਤਾਂ ਅਤੇ ਸੱਜਣਾਂ ਨਾਲ ਬਿਤਾਏ ਸਮੇਂ ਨੂੰ ਕੀਮਤੀ ਮੰਨਦੇ ਹਾਂ ਤਾਂ ਮਨ ਨੂੰ ਇੱਕ ਅਜਿਹਾ ਸਕੂਨ ਮਿਲਦਾ ਹੈ ਜੋ ਕਿਸੇ ਵੀ ਵੱਡੀ ਕਾਮਯਾਬੀ ਨਾਲ ਨਹੀਂ ਮਿਲ ਸਕਦਾ। ਪਿਆਰ, ਸਤਿਕਾਰ ਅਤੇ ਸਮਝਦਾਰੀ ਨਾਲ ਬਣੇ ਰਿਸ਼ਤੇ ਹੀ ਸਾਡੀ ਅਸਲ ਦੌਲਤ ਹਨ। ਇਸ ਲਈ ਜ਼ਿੰਦਗੀ ਦੇ ਸਫਰ ਵਿੱਚ ਸੱਚੀ ਕਾਮਯਾਬੀ ਕਿਸੇ ਉੱਚੀ ਮੰਜ਼ਿਲ ਦਾ ਨਾਮ ਨਹੀਂ, ਬਲਕਿ ਮਨ ਦੀ ਸ਼ਾਂਤੀ ਅਤੇ ਸੰਤੁਸ਼ਟੀ ਦਾ ਨਾਮ ਹੈ। ਜੇ ਅਸੀਂ ਆਪਣੇ ਅੱਜ ਨੂੰ ਸਵੀਕਾਰ ਕਰਕੇ ਆਪਣੀ ਮਿਹਨਤ ਨਾਲ ਅਤੇ ਸੰਤੁਸ਼ਟ ਮਨ ਨਾਲ ਜੀਵਾਂਗੇ ਤਾਂ ਹਰ ਦਿਨ ਸਾਨੂੰ ਕਾਮਯਾਬੀ ਦਾ ਅਹਿਸਾਸ ਕਰਵਾਏਗਾ।

# ਮੰਦ ਬੁੱਧੀ ਅਤੇ ਮਾਨਸਿਕ ਰੋਗੀਆਂ ਲਈ ਹਮਦਰਦੀ

ਸੋਹਣ ਲਾਲ ਗੁਪਤਾ
98144 - 84161



ਸਰੀਰ ਦੀ ਤਰ੍ਹਾਂ ਮਨ ਵੀ ਬਿਮਾਰ ਹੋ ਸਕਦਾ ਹੈ। ਅੱਜਕੱਲ੍ਹ ਬਹੁਤ ਗਿਣਤੀ ਡਿਪ੍ਰੈਸ਼ਨ ਵਿੱਚੋਂ ਗੁਜ਼ਰ ਰਹੀ ਹੈ। ਮਾਨਸਿਕ ਰੋਗੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਹ ਬਾਹਰੋਂ ਦੇਖਣ ਨੂੰ ਚੰਗੇ ਭਲੇ ਲਗਦੇ ਹੁੰਦੇ ਹਨ ਜਦੋਂ ਕਿ ਮਾਨਸਿਕ ਸੰਤੁਲਨ ਪੂਰੀ ਤਰ੍ਹਾਂ ਸਹੀ ਨਾ ਹੋਣ ਕਰਕੇ ਇਹ ਬਹੁਤ ਪਰੇਸ਼ਾਨੀਆਂ ਨਾਲ ਜੂਝ ਰਹੇ ਹੁੰਦੇ ਹਨ। ਸਭ ਤੋਂ ਵੱਡਾ ਡਰ ਅਤੇ ਸੰਭਾਵਨਾ ਮਾਨਸਿਕ ਰੋਗੀਆਂ ਵੱਲੋਂ ਆਤਮ ਹੱਤਿਆ ਕਰਨ ਦੀ ਹੁੰਦੀ ਹੈ। ਇੱਕ ਥਾਂ 'ਤੇ ਟਿਕ ਕੇ ਬੈਠਣਾ ਇੰਨਾਹਾਂ ਲਈ ਮੁਸ਼ਕਿਲ ਹੁੰਦਾ ਹੈ। ਗੁੰਮਸ਼ੁਦਾ ਵਿਅਕਤੀਆਂ ਦੀ ਤਲਾਸ਼ ਵਾਲੀਆਂ ਫੋਟੋਆਂ ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਲੱਭਣ ਵਾਲੇ ਨੂੰ ਇਨਾਮ ਦੇਣ ਵਾਲੀਆਂ ਬੇਨਤੀਆਂ ਦੇਖੀਆਂ ਜਾਂਦੀਆਂ ਹਨ। ਮਾਪਿਆਂ ਨੂੰ ਇਸ ਗੱਲ ਦਾ ਫਿਕਰ ਲੱਗਿਆ ਰਹਿੰਦਾ ਹੈ ਕਿ ਇੱਧਰ-ਉੱਧਰ ਜਾ ਕੇ ਕਿਤੇ ਉਹ ਆਪਣੀ ਜਾਨ ਨਾ ਬੈਠਣ। ਘਰਾਂ ਵਿੱਚ ਤਿੱਖੀਆਂ ਚੀਜ਼ਾਂ ਅਤੇ ਜਾਨਲੇਵਾ ਹਥਿਆਰ ਉਨ੍ਹਾਂ ਦੀ ਪਹੁੰਚ ਤੋਂ ਪਰੇ ਰੱਖਣ ਦੀ ਲੋੜ ਹੁੰਦੀ ਹੈ। ਕਿੰਨਾ ਕੁ ਖਾਣਾ ਹੈ ਅਤੇ ਕੀ ਖਾਣਾ ਹੈ ਜਾਂ ਕੀ ਨਹੀਂ ਖਾਣਾ, ਬਾਰੇ ਵੀ ਚੰਗੀ ਤਰ੍ਹਾਂ ਨਹੀਂ ਪਤਾ ਹੁੰਦਾ।

ਪੰਜਾਬ ਵਿੱਚ ਮਸਜਿਦਾਂ, ਗਿਰਜਾ ਘਰਾਂ ਦੇ ਮੁਕਾਬਲੇ ਮੰਦਰ, ਗੁਰਦੁਆਰਿਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਮਾਨਸਿਕ ਰੋਗੀਆਂ ਦੇ ਇੱਥੇ ਜਾਣ ਦੀ ਸੰਭਾਵਨਾ ਵੱਧ ਹੁੰਦੀ ਹੈ। ਕੜਾਹ ਪ੍ਰਸ਼ਾਦ, ਲੰਗਰ ਮਿਲਣ ਦੀ ਸੁਵਿਧਾ ਬਾਰੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿਉਂਕਿ ਉਹ ਆਪਣੇ ਮਾਪਿਆਂ ਨਾਲ ਪਹਿਲਾਂ ਵੀ ਇੱਥੇ ਆਏ ਹੁੰਦੇ ਹਨ। ਇਨ੍ਹਾਂ ਨੂੰ ਸਹੀ ਢੰਗ ਨਾਲ ਮੱਥਾ ਟੇਕਣ ਦਾ ਪਤਾ ਨਹੀਂ ਹੁੰਦਾ। ਕੋਈ ਵੱਡੀ ਗੱਲ ਨਹੀਂ ਕਿ ਜੇ ਉਨ੍ਹਾਂ ਨੂੰ ਇਕੱਲੇ ਛੱਡ ਦਿੱਤਾ ਜਾਵੇ ਤਾਂ ਉਹ ਧਾਰਮਿਕ ਅਸਥਾਨ ਵਿੱਚ ਬਣੇ ਸਰੋਵਰ ਵਿੱਚ ਛਾਲ ਵੀ ਮਾਰ ਦੇਣ। ਧਾਰਮਿਕ ਅਸਥਾਨਾਂ ਵਿੱਚ ਸੇਵਾਦਾਰਾਂ ਤੋਂ ਇਲਾਵਾ ਮੱਥਾ ਟੇਕਣ ਵਾਲੇ ਬਾਕੀ ਸ਼ਰਧਾਲੂਆਂ ਨੂੰ ਵੀ ਮੰਦ ਬੁੱਧੀ ਮਨੁੱਖ ਦੀਆਂ ਗਤੀਵਿਧੀਆਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ। ਵਿਸ਼ੇਸ਼ ਥਾਂਵਾਂ 'ਤੇ ਅੰਦਰ, ਸਰੋਵਰ ਵਿੱਚ ਜਾਣ ਅਤੇ ਉੱਚੀਆਂ ਥਾਂਵਾਂ ਆਦਿ 'ਤੇ ਚੜ੍ਹਨ ਤੋਂ ਰੋਕਣ ਵਿੱਚ ਮਦਦ ਕਰਨੀ ਬਣਦੀ ਹੈ।

ਚੰਗੀ ਗੱਲ ਹੈ ਕਿ ਹੈਂਡੀਕੈਪਡ (ਅਪਾਹਜ) ਨੌਜਵਾਨਾਂ ਲਈ ਤਾਂ ਕੁਝ ਪ੍ਰਤੀਸ਼ਤ ਸਰਕਾਰੀ ਨੌਕਰੀਆਂ ਰਿਜ਼ਰਵ ਰੱਖੀਆਂ ਜਾਂਦੀਆਂ ਹਨ। ਸੜਕਾਂ, ਬਜ਼ਾਰਾਂ, ਬੱਸਾਂ, ਪਬਲਿਕ, ਧਾਰਮਿਕ ਥਾਂਵਾਂ 'ਤੇ ਬਾਕੀ ਜਨਤਾ ਅਪਾਹਜ ਮਨੁੱਖ ਦੀ ਬੈਠਣ, ਮੱਥਾ ਟਿਕਾਉਣ ਆਦਿ ਵਿੱਚ ਮਦਦ ਕਰਦੀ ਵੇਖੀ ਜਾਂਦੀ ਹੈ। ਅਪਾਹਜ ਬੰਦਿਆਂ ਦਾ ਹਰੇਕ ਨੂੰ ਪਤਾ ਲੱਗ ਜਾਂਦਾ ਹੈ ਜਦੋਂ ਕਿ ਮਾਨਸਿਕ ਰੋਗ ਤੋਂ ਪੀੜਤਾਂ ਦੀ ਪਛਾਣ ਸੌਖੀ ਨਾ ਹੋਣ ਕਰਕੇ ਉਸਦੀ ਮਦਦ ਕਰਨਾ ਤਾਂ ਦੂਰ ਦੀ ਗੱਲ ਸਗੋਂ ਉਸ ਨਾਲ ਮਾਰ ਕੁਟਾਈ ਵੀ ਕਰ ਦਿੱਤੀ ਜਾਂਦੀ ਹੈ। ਸਾਡੇ ਸਮਾਜ ਵਿੱਚ ਮੰਦ ਬੁੱਧੀ ਮਨੁੱਖ ਨੂੰ ਹੀਣ ਭਾਵਨਾ ਨਾਲ ਦੇਖਿਆ ਜਾਂਦਾ ਹੈ। ਮੰਦ ਬੁੱਧੀ ਬੱਚਿਆਂ ਦੇ ਮਾਪਿਆਂ ਦੇ ਦੁੱਖ ਨੂੰ ਵੀ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਰੁਜ਼ਗਾਰ ਦੀ ਤਲਾਸ਼ ਵਿੱਚ ਇੱਥੇ ਦੂਸਰੇ ਸੂਬਿਆਂ ਤੋਂ ਲੋਕ ਆਉਂਦੇ ਰਹਿੰਦੇ ਹਨ। ਬਹੁਤ ਦੂਰ-ਦੂਰ ਦੇ ਸ਼ਹਿਰਾਂ ਤੋਂ ਆਏ ਮੰਦ ਬੁੱਧੀ ਲੋਕ ਰੇਲਵੇ ਸਟੇਸ਼ਨਾਂ 'ਤੇ ਗਲਤੀ ਨਾਲ ਉੱਤਰ ਜਾਂਦੇ ਹਨ। ਜ਼ਮੀਨਾਂ ਦੇ ਮਾਲਕ, ਕੁਝ ਕਿਸਾਨ ਮੰਦ ਬੁੱਧੀ ਨੌਜਵਾਨਾਂ ਨੂੰ ਪਿੰਡਾਂ ਵਿੱਚ ਲੈ ਆਉਂਦੇ ਹਨ। ਕਈ ਸਾਲ ਉਨ੍ਹਾਂ ਤੋਂ ਡੰਗਰਾਂ ਦਾ ਗੋਹਾ ਕੂੜਾ ਚੁਕਵਾਉਂਦੇ ਰਹਿੰਦੇ ਹਨ। ਮਾਰ-ਕੁਟਾਈ ਵੀ ਕਰਦੇ ਹਨ। ਕਿਸੇ ਦਿਆਲੂ ਗੁਆਂਢੀ ਵੱਲੋਂ ਮਾਰ ਕੁਟਾਈ ਦੀ ਬਣਾਈ ਵੀਡੀਓ ਵਾਇਰਲ ਹੋਣ 'ਤੇ ਜਦੋਂ ਸਮਾਜ ਸੇਵੀ ਜਾਂ ਪਰਿਵਾਰ ਵਾਲੇ ਲੈਣ ਆਉਂਦੇ ਹਨ ਤਾਂ ਖੇਤਾਂ, ਪਸ਼ੂਆਂ ਦੇ ਮਾਲਕ ਉਨ੍ਹਾਂ ਨਾਲ ਉਲਟਾ ਲੜਨ ਨੂੰ ਪੈਂਦੇ ਹਨ। ਮੰਦ ਬੁੱਧੀ ਬੰਧੂਆ ਮਜ਼ਦੂਰ ਜਦੋਂ ਆਪਣੇ ਪਰਿਵਾਰ ਦੇ ਮੈਂਬਰ ਨੂੰ ਪਛਾਣ ਲੈਂਦਾ ਹੈ ਤਾਂ ਇੰਨੇ ਸਾਲਾਂ ਦੇ ਵਿਛੋੜੇ ਤੋਂ ਬਾਅਦ ਜਦੋਂ ਉਹ ਮਿਲਦੇ ਹਨ ਤਾਂ ਗਲਵੱਕੜੀ ਪਾਉਣ ਵੇਲੇ ਹੰਝੂਆਂ ਦੀ ਝੜੀ ਲੱਗ ਜਾਂਦੀ ਹੈ। ਮੰਦ ਬੁੱਧੀ ਨੌਜਵਾਨਾਂ ਦੀਆਂ ਮਾਵਾਂ ਬਿਮਾਰ ਰਹਿਣ ਲੱਗ ਜਾਂਦੀਆਂ ਹਨ। ਡੰਗਰਾ ਦਾ ਗੋਹਾ ਕੂੜਾ ਚੁਕਵਾਉਣ ਵਾਲੇ ਅਜਿਹੇ ਅਮੀਰ ਅਤੇ ਲਾਲਚੀ ਲੋਕ ਮੰਦ ਬੁੱਧੀ ਮਨੁੱਖਾਂ ਨਾਲ ਬੇਤਹਾਸ਼ਾ ਜ਼ੁਲਮ ਕਰਨ ਤੋਂ ਸੰਕੋਚ ਨਹੀਂ ਕਰਦੇ। ਸਰਕਾਰ ਨੂੰ ਅਜਿਹੇ ਲੋਕਾਂ ਪ੍ਰਤੀ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਕੋਈ ਵੀ ਬੰਦਾ ਮੰਦ ਬੁੱਧੀ ਨੂੰ ਬੰਧੂਆ ਮਜ਼ਦੂਰ ਬਣਾ ਕੇ ਰੱਖਣ ਦਾ ਹੌਸਲਾ ਨਾ ਕਰ ਸਕੇ। ਮੰਦ ਬੁੱਧੀ ਨੌਜਵਾਨਾਂ ਕੋਲੋਂ ਪੁੱਛਗਿੱਛ ਕਰਕੇ ਉਨ੍ਹਾਂ ਦੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਪਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਤਕ ਜਾਂਪਿੰਗਲਾ ਆਸ਼ਰਮ ਆਦਿ ਤਕ ਪਹੁੰਚਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ। ਪਬਲਿਕ, ਧਾਰਮਿਕ ਥਾਂਵਾਂ 'ਤੇ ਜਾਣ ਵੇਲੇ ਸਾਰੇ ਲੋਕਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜੇ ਕਿਸੇ ਮਨੁੱਖ ਵਿੱਚ ਮਾਨਸਿਕ ਰੋਗ ਵਾਲੇ ਲੱਛਣ (ਸੰਕੇਤ, ਵਿਹਾਰ) ਦਿਸਣ ਉਸਨੂੰ ਪਰੇਸ਼ਾਨੀਆਂ ਤੋਂ ਬਚਾਉਣ ਵਿੱਚ ਉਸਦੀ ਮਦਦ ਕਰਨੀ ਬਣਦੀ ਹੈ। ਇੱਕ ਦਮ ਉਸਦੀ ਕਿਸੇ ਹਰਕਤ ਤੋਂ ਗੁੱਸੇ ਵਿੱਚ ਆ ਕੇ ਮਾਰ-ਕੁਟਾਈ ਨਹੀਂ ਕਰਨੀ ਚਾਹੀਦੀ। ਭੁੱਲੇ ਭਟਕੇ ਮਾਨਸਿਕ ਰੋਗੀਆਂ ਨੂੰ ਉਨ੍ਹਾਂ ਦੇ ਮਾਪਿਆਂ ਤਕ ਪਹੁੰਚਾਉਣ ਵਿੱਚ ਵੀ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਹੈਂਡੀਕੈਪਡ ਮਨੁੱਖਾਂ ਵਾਂਗ ਮੰਦ ਬੁੱਧੀ ਅਤੇ ਮਾਨਸਿਕ ਰੋਗਾਂ ਨਾਲ ਪੀੜਿਤ ਮਨੁੱਖਾਂ ਨਾਲ ਵੀ ਹਮਦਰਦੀ ਕਰਨੀ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ।

# ਮਜ਼ਦੂਰਾਂ ਦੇ ਹਾਲਾਤ ਅਤੇ ਭਵਿੱਖ

ਡਾ. ਕੇਸਰ ਸਿੰਘ ਭੰਗੂ, 98154 - 27127

ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਅਪਰੈਲ 2026 ਦੇ ਤਾਜ਼ਾ ਅਨੁਮਾਨਾਂ ਮੁਤਾਬਿਕ ਦੇਸ਼ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੌਥੇ ਸਥਾਨ ਤੋਂ ਹੇਠਾਂ ਖਿਸਕ ਕੇ ਛੇਵੇਂ ਸਥਾਨ 'ਤੇ ਪਹੁੰਚ ਗਿਆ ਹੈ। ਅਜਿਹਾ ਹੋਣ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਮੁਦਰਾ ਬਜ਼ਾਰ ਵਿੱਚ ਰੁਪਏ ਦੇ ਮੁੱਲ ਵਿੱਚ ਅਮਰੀਕੀ ਡਾਲਰ ਦੇ ਮੁਕਾਬਲੇ ਲਗਾਤਾਰ ਗਿਰਾਵਟ ਨੂੰ ਦੱਸਿਆ ਜਾ ਰਿਹਾ ਹੈ। ਇਹ ਵੀ ਅਨੁਮਾਨ ਲਾਏ ਗਏ ਹਨ ਕਿ ਦੇਸ਼ ਕੁੱਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ 2027 ਤਕ ਚੌਥੇ ਸਥਾਨ ਆ ਜਾਵੇਗਾ ਅਤੇ 2031 ਵਿੱਚ ਤੀਜੇ ਸਥਾਨ 'ਤੇ ਆ ਜਾਵੇਗਾ। ਕਾਫ਼ੀ ਸਮੇਂ ਤੋਂ ਇਹ ਵੀ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਦੇਸ਼ 2047 ਤਕ ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ ਸ਼ਾਮਲ ਹੋ ਜਾਵੇਗਾ। ਇਨ੍ਹਾਂ ਮਕਸਦਾਂ ਦੀ ਪੂਰਤੀ ਲਈ ਪਹਿਲਾਂ ਤੋਂ ਹੀ ਉਦਾਰਵਾਦੀ ਨੀਤੀਆਂ ਨੂੰ ਹੋਰ ਉਦਾਰਵਾਦੀ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਉਦਾਰਵਾਦੀ ਨੀਤੀਆਂ ਲਾਗੂ ਹੋਣ ਤੋਂ ਬਾਅਦ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਸਾਮਰਾਜੀ ਅਤੇ ਪੂੰਜੀਪਤੀ ਸ਼ਕਤੀਆਂ ਨੇ ਸਮੇਂ ਸਮੇਂ ਦੀਆਂ ਸਰਕਾਰਾਂ 'ਤੇ ਨਿਵੇਸ਼ ਵਧਾਉਣ ਅਤੇ ਆਰਥਿਕ ਤਰੱਕੀ ਦੀ ਦਰ ਉੱਚੀ ਕਰਨ ਦੇ ਬਹਾਨੇ ਇਹ ਦਬਾਅ ਬਣਾਇਆ ਕਿ ਮੌਜੂਦਾ ਮਜ਼ਦੂਰਾਂ ਸੰਬੰਧੀ ਕਾਨੂੰਨਾਂ ਵਿੱਚ ਕਾਰਪੋਰੇਟ ਘਰਾਣਿਆਂ, ਸਰਮਾਏਦਾਰਾਂ ਅਤੇ ਪੂੰਜੀਪਤੀਆਂ ਦੇ ਪੱਖ ਵਿੱਚ ਤਬਦੀਲੀਆਂ ਕੀਤੀਆਂ ਜਾਣ। ਦੁਨੀਆਂ ਭਰ ਵਿੱਚ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਨਾਲ ਗੰਢਤੁੱਪ ਕਰਕੇ ਯੋਜਨਾਬੱਧ ਤਰੀਕੇ ਨਾਲ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਵਿਰੁੱਧ ਨਰਮ ਕੀਤਾ ਜਾਂ ਖਤਮ ਕੀਤਾ ਹੈ। ਭਾਰਤ ਵਿੱਚ ਵੀ 1980ਵਿਆਂ ਤੋਂ ਬਾਅਦ ਕਾਰਪੋਰੇਟ ਸਨਅਤਕਾਰਾਂ ਅਤੇ ਸਰਮਾਏਦਾਰਾਂ ਅਤੇ ਵੱਖ-ਵੱਖ ਕੇਂਦਰੀ ਸਰਕਾਰਾਂ ਦੀ ਯੋਜਨਾਬੱਧ ਮਿਲੀਭੁਗਤ ਨਾਲ ਮਜ਼ਦੂਰਾਂ ਦੇ ਹੱਕਾਂ ਅਤੇ ਅਧਿਕਾਰਾਂ ਦੇ ਖਿਲਾਫ ਮਜ਼ਦੂਰਾਂ ਸੰਬੰਧੀ ਕਾਨੂੰਨਾਂ ਵਿੱਚ ਸੋਧਾਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਅੱਜ ਉਹ ਆਪਣੇ ਇਸ ਮਕਸਦ ਵਿੱਚ ਸਫਲ ਹੋਏ ਹਨ ਕਿਉਂਕਿ ਦੇਸ਼ ਵਿੱਚ ਲਾਗੂ ਸਾਰੇ ਕਿਰਤ ਕਾਨੂੰਨਾਂ ਨੂੰ ਮਜ਼ਦੂਰਾਂ ਦੇ ਹਿਤਾਂ ਦੇ ਵਿਰੁੱਧ ਚਾਰ ਕਿਰਤ ਕੋਡਜ਼ ਵਿੱਚ ਬਦਲ ਦਿੱਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ 2019 ਅਤੇ 2020 ਦੌਰਾਨ ਦੇਸ਼ ਵਿੱਚ ਲਾਗੂ ਲਗਭਗ ਸਾਰੇ ਕਿਰਤ ਕਾਨੂੰਨਾਂ ਨੂੰ ਚਾਰ ਕਿਰਤ ਕੋਡਜ਼, ਉਜਰਤਾਂ ਦਾ ਕੋਡ, 2019, ਉਦਯੋਗਿਕ ਸਬੰਧਾਂ ਕੋਡ, 2020, ਸੋਸ਼ਲ ਸਕਿਉਰਟੀ ਕੋਡ, 2020 ਅਤੇ ਕਿੱਤਾਮੁਖੀ ਸੁਰੱਖਿਆ, ਸਿਹਤ ਅਤੇ ਕੰਮ ਕਰਨ ਦੀਆਂ ਸਥਿਤੀਆਂ ਕੋਡ, 2020 ਵਿੱਚ ਇਕੱਠੇ ਕੀਤਾ ਗਿਆ ਸੀ। ਹੁਣ ਇਨ੍ਹਾਂ ਕੋਡਾਂ ਨੂੰ 21 ਨਵੰਬਰ 2025 ਤੋਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ ਅਤੇ 1 ਅਪਰੈਲ 2026 ਤੋਂ ਪੂਰਨ ਰੂਪ ਵਿੱਚ ਲਾਗੂ ਹੋ ਗਏ ਹਨ। ਕੇਂਦਰੀ ਸਰਕਾਰਾਂ ਨੇ ਕਿਰਤ ਕੋਡ ਬਣਾ ਕੇ ਮਜ਼ਦੂਰਾਂ ਦੇ ਹੱਕਾਂ ਨੂੰ ਅਣਗੌਲਿਆ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਖੋਰਾ ਲਾਉਣ ਦੇ ਨਾਲ ਨਾਲ ਪੂੰਜੀਪਤੀਆਂ, ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਹਿਤਾਂ ਨੂੰ ਅੱਗੇ ਵਧਾਉਣ ਲਈ ਉਹਨਾਂ ਦੇ ਹੱਕਾਂ ਵਿੱਚ ਭੁਗਤੀਆਂ ਹਨ।

ਹਰ ਸਾਲ ਮਈ ਦਾ ਮਹੀਨਾ ਮਜ਼ਦੂਰਾਂ ਲਈ ਬਹੁਤ ਮਹੱਤਵ ਅਤੇ ਅਹਿਮੀਅਤ ਵਾਲਾ ਹੁੰਦਾ ਹੈ ਕਿਉਂਕਿ ਦੁਨੀਆਂ ਭਰ ਵਿੱਚ ਮਈ 1 ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਮਈ 1886 ਵਿੱਚ ਸ਼ਿਕਾਗੋ ਤੋਂ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੇ ਸੰਘਰਸ਼ ਕਰਕੇ ਅਤੇ ਸ਼ਹੀਦੀਆਂ ਪਾ ਕੇ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਵੱਲੋਂ ਸਦੀਆਂ ਤੋਂ ਕੀਤੇ ਜਾਂਦੇ ਸ਼ੋਸ਼ਣ ਤੋਂ ਨਜਾਤ ਪਾਉਣ ਲਈ ਮਜ਼ਦੂਰਾਂ ਦੇ ਹਿਤਾਂ ਦੀ ਰਾਖੀ ਲਈ, ਪਹਿਲਾਂ ਰੋਜ਼ਾਨਾ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਾਉਣ ਲਈ ਅਤੇ ਬਾਅਦ ਵਿੱਚ ਹੋਰ ਕਾਨੂੰਨ ਬਣਾਉਣ ਲਈ ਸਰਕਾਰਾਂ ਨੂੰ ਮਜਬੂਰ ਕਰ ਦਿੱਤਾ ਸੀ। ਦੁਨੀਆਂ ਭਰ ਵਿੱਚ ਕਾਮਿਆਂ ਤੋਂ ਕਾਰਖਾਨਿਆਂ ਅਤੇ ਹੋਰ ਪੈਦਾਵਾਰ ਕਰਨ ਵਾਲੇ ਅਦਾਰਿਆਂ ਵਿੱਚ ਕੰਮ ਕਰਨ ਦੇ ਅਣਮਨੁੱਖੀ ਵਾਤਾਵਰਣ ਅਤੇ ਮਾਹੌਲ ਵਿੱਚ 12 ਤੋਂ 16 ਘੰਟੇ ਕੰਮ ਕਰਵਾਇਆ ਜਾਂਦਾ ਸੀ। ਅਹਿਜੇ ਵਰਤਾਰੇ ਵਿਰੁੱਧ ਕਾਮਿਆਂ ਵੱਲੋਂ ਦੁਨੀਆਂ ਭਰ ਵਿੱਚ ਸਮੇਂ ਸਮੇਂ 'ਤੇ ਸੰਗਠਿਤ ਹੋ ਕੇ ਅਵਾਜ਼ ਉਠਾਈ ਗਈ ਅਤੇ ਰੋਸ ਪ੍ਰਦਰਸ਼ਨ ਕੀਤੇ ਜਾਂਦੇ ਰਹੇ ਹਨ। ਜੇਕਰ ਦੁਨੀਆ ਭਰ ਦੇ ਕਾਮਿਆਂ ਨੂੰ ਮਿਲੀਆਂ ਕਾਨੂੰਨਨ ਸਹੂਲਤਾਂ, ਜਿਨ੍ਹਾਂ ਵਿੱਚ ਰੋਜ਼ਾਨਾ 8 ਘੰਟੇ ਕੰਮ ਕਰਨਾ ਵੀ ਸ਼ਾਮਲ ਹੈ, ਦੇ ਪਿਛੋਕੜ ਵੱਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਬਰਤਾਨੀਆ, ਅਮਰੀਕਾ ਅਤੇ ਹੋਰ ਦੇਸ਼ਾਂ ਦੇ ਕਾਮਿਆਂ ਨੇ ਲਗਭਗ ਪੂਰੀ 20ਵੀਂ ਸਦੀ ਸੰਘਰਸ਼ ਕੀਤਾ ਤਾਂ ਕਿਤੇ ਜਾ ਕੇ ਕਿਰਤ ਦੇ ਮਿਆਰਾਂ ਵਿੱਚ ਦੁਨੀਆਂ ਵਿੱਚ ਇਕਸਾਰਤਾ ਕਾਇਮ ਹੋਈ।

ਇਤਿਹਾਸ ਗਵਾਹ ਹੈ ਕਿ ਸਭ ਤੋਂ ਪਹਿਲਾਂ ਸਪੇਨ ਵਿੱਚ 1593 ਵਿੱਚ ਕਾਨੂੰਨ ਬਣਾ ਕੇ ਫੈਕਟਰੀਆਂ ਵਿੱਚ ਰੋਜ਼ਾਨਾ 8 ਘੰਟੇ ਕੰਮ ਕਰਨ ਨੂੰ ਲਾਗੂ



ਕੀਤਾ। ਇਸ ਤੋਂ ਬਾਅਦ ਰੌਬਰਟ ਓਵਿਨ ਨੇ 1810 ਵਿੱਚ ਬਰਤਾਨੀਆ ਵਿੱਚ 10 ਘੰਟੇ ਕੰਮ ਕਰਨ ਦੀ ਮੰਗ ਰੱਖੀ, ਜਿਸ ਨੂੰ 1817 ਵਿੱਚ ਸੁਧਾਰ ਕੇ 8 ਘੰਟਿਆਂ ਦੀ ਕੀਤਾ। ਰੌਬਰਟ ਨੇ ਨਾਲ ਹੀ ਇਹ ਨਾਹਰਾ ਵੀ ਦਿੱਤਾ ਕਿ ਅੱਠ ਘੰਟੇ ਕੰਮ, ਅੱਠ ਘੰਟੇ ਮੰਨੋਰੰਜਨ ਅਤੇ ਅੱਠ ਘੰਟੇ ਆਰਾਮ। ਉੱਧਰ ਅਮਰੀਕਾ ਵਿੱਚ ਵੀ ਕਾਮੇਂ 20ਵੀਂ ਸਦੀ ਦੇ ਸ਼ੁਰੂ ਤੋਂ ਹੀ ਕਿਰਤ ਮਿਆਰਾਂ ਵਿੱਚ ਸੁਧਾਰ ਅਤੇ ਕੰਮ ਦੇ ਘੰਟੇ ਘੱਟ ਕਰਨ ਲਈ ਜੱਦੋਜਹਿਦ ਅਤੇ ਸੰਘਰਸ਼ ਕਰ ਰਹੇ ਸਨ। ਸ਼ਿਕਾਗੋ ਵਿੱਚ 1884 ਵਿੱਚ ਆਪਣੀ ਕਨਵੈਨਸ਼ਨ ਵਿੱਚ ਟਰੇਡ ਅਤੇ ਮਜ਼ਦੂਰ ਯੂਨੀਅਨ ਦੀ ਫੈਡਰੇਸ਼ਨ ਨੇ ਮਤਾ ਪਾਸ ਕੀਤਾ ਕਿ ਮਈ 1, 1886 ਤੋਂ ਕਾਨੂੰਨਨ ਤੌਰ 'ਤੇ ਕੰਮ ਕਰਨ ਦੇ ਅੱਠ ਘੰਟੇ ਹੋਣਗੇ। ਹੁਣ ਵੀ ਇਸ ਦਿਨ ਨੂੰ ਮਜ਼ਦੂਰ ਦਿਨ ਵਜੋਂ ਮਨਾਇਆ ਜਾਂਦਾ ਹੈ। ਸੋਵੀਅਤ ਯੂਨੀਅਨ ਦੇ ਹੋਂਦ ਵਿੱਚ ਆਉਣ 'ਤੇ 1917 ਵਿੱਚ ਉੱਥੇ ਵੀ ਅੱਠ ਘੰਟੇ ਪ੍ਰਤੀ ਦਿਨ ਕੰਮ ਕਰਨ ਦੀ ਮੰਗ ਮੰਨ ਲਈ ਗਈ। 1919 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਸਥਾਪਤ ਹੋਣ ਤੇ ਪਹਿਲੇ ਹੀ ਸੈਸ਼ਨ ਵਿੱਚ ਮੈਂਬਰ ਦੇਸ਼ਾਂ ਵਿੱਚ ਕਿਰਤ ਮਿਆਰਾਂ ਵਿੱਚ ਸੁਧਾਰ ਅਤੇ ਕੰਮ ਕਰਨ ਦੇ ਅੱਠ ਘੰਟਿਆਂ ਦਾ ਮਤਾ ਪਾਸ ਕਰ ਦਿੱਤਾ। ਇਸ ਤੋਂ ਬਾਅਦ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਮੈਂਬਰ ਦੇਸ਼ਾਂ ਨੇ ਆਪਣੇ ਆਪਣੇ ਦੇਸ਼ ਵਿੱਚ ਕਿਰਤ ਮਿਆਰਾਂ ਵਿੱਚ ਇਕਸਾਰਤਾ ਅਤੇ ਰੋਜ਼ਾਨਾ ਅੱਠ ਘੰਟੇ ਕੰਮ ਕਰਨ ਦੇ ਕਾਨੂੰਨਾਂ ਨੂੰ ਪਾਸ ਕਰ ਕੇ ਲਾਗੂ ਕੀਤਾ। ਭਾਰਤ ਵਿੱਚ ਅੰਗਰੇਜ਼ੀ ਰਾਜ ਸਮੇਂ ਡਾਕਟਰ ਭੀਮ ਰਾਓ ਅੰਬੇਦਕਰ ਨੇ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਹੋਣ ਦੇ ਨਾਤੇ 1942 ਵਿੱਚ ਕੰਮ ਕਰਨ ਦੇ ਅੱਠ ਘੰਟਿਆਂ ਦੀ ਮੰਗ ਰੱਖੀ ਜਿਹੜੀ ਬਾਅਦ ਵਿੱਚ ਫੈਕਟਰੀ ਐਕਟ 1948 ਵਿੱਚ ਸ਼ਾਮਲ ਕਰ ਲਈ ਗਈ।

ਬਦਲੀਆਂ ਅਤੇ ਬਦਲ ਰਹੀਆਂ ਆਰਥਿਕ ਅਤੇ ਲੇਬਰ ਸਬੰਧੀ ਨੀਤੀਆਂ, ਬਦਲ ਰਹੇ ਹਾਲਾਤ ਅਤੇ ਨਵੇਂ ਲਾਗੂ ਕੀਤੇ ਗਏ ਲੇਬਰ ਕੋਡਜ਼ ਉੱਪਰ ਅਮਲ ਤੋਂ ਬਾਅਦ ਇਹ ਵੇਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਦੇਸ਼ ਦੇ ਮਜ਼ਦੂਰਾਂ ਦੇ ਭਵਿੱਖ ਉੱਤੇ ਕਿਸ ਕਿਸਮ ਦੇ ਪ੍ਰਭਾਵ ਪੈ ਸਕਦੇ ਹਨ। ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਆਮ ਉਦਯੋਗਾਂ, ਖ਼ਾਸ ਕਰਕੇ ਲਘੂ ਅਤੇ ਘਰੇਲੂ ਉਦਯੋਗ ਦੇ ਮਜ਼ਦੂਰਾਂ ਦੀ ਹਾਲਤ ਬਹੁਤ ਤਰਸਯੋਗ ਅਤੇ ਪਤਲੀ ਪੈ ਜਾਵੇਗੀ ਕਿਉਂਕਿ ਉਨ੍ਹਾਂ ਨੂੰ ਮਸਲਿਆਂ ਦੇ ਹੱਲ ਲਈ ਕਿਰਤ ਕੋਡਜ਼ ਵਿੱਚ ਗੱਲਬਾਤ ਵਿੱਚ ਸ਼ਾਮਲ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਇਸ ਲਈ ਉਨ੍ਹਾਂ ਦੀ ਮੰਗਾਂ ਮਨਾਉਣ ਦੀ ਸ਼ਕਤੀ ਬਹੁਤ ਘਟ ਜਾਵੇਗੀ। ਨਵੀਆਂ ਨੀਤੀਆਂ ਦੀ ਆੜ ਹੇਠ ਵਿਦੇਸ਼ੀ ਪੂੰਜੀਪਤੀਆਂ, ਕਾਰਪੋਰੇਟ ਘਰਾਣਿਆਂ, ਬਹੁਕੌਮੀ ਕੰਪਨੀਆਂ ਅਤੇ ਭਾਰਤੀ ਪੂੰਜੀਪਤੀਆਂ ਨੂੰ ਵੱਧ ਸਹੂਲਤਾਂ ਦੇ ਕੇ ਲਘੂ ਉਦਯੋਗ ਦੀ ਕੀਮਤ 'ਤੇ ਵੱਡੇ ਉਦਯੋਗਾਂ ਨੂੰ ਵਿਕਸਿਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਇਸੇ ਤਰ੍ਹਾਂ ਦਰਾਮਦਾਂ ਨੂੰ ਵੀ ਕਸਟਮ ਡਿਊਟੀ ਘੱਟ ਕਰਕੇ ਅਤੇ ਹੋਰ ਸਹੂਲਤਾਂ ਦੇ ਕੇ ਉਤਸ਼ਾਹਿਤ ਕੀਤਾ ਗਿਆ ਜਿਸ ਨਾਲ ਦੇਸ਼ ਵਿੱਚ ਘਰੇਲੂ ਅਤੇ ਲਘੂ ਉਦਯੋਗ ਦੀਆਂ ਵਸਤਾਂ ਨਾਲੋਂ ਵਿਦੇਸ਼ੀ ਵਸਤਾਂ ਸਸਤੀਆਂ ਹੋ ਗਈਆਂ। ਇਸ ਨਾਲ ਭਾਰਤੀ ਉਦਯੋਗ ਖ਼ਾਸ ਕਰਕੇ ਲਘੂ ਉਦਯੋਗ ਨੂੰ ਜ਼ਬਰਦਸਤ ਧੱਕਾ ਲੱਗਾ। ਪਿਛਲੇ ਸਮੇਂ ਤੋਂ ਸਰਕਾਰ ਦੀ ਘਰੇਲੂ ਅਤੇ ਲਘੂ ਉਦਯੋਗ ਬਾਰੇ ਕੋਈ ਸਪਸ਼ਟ ਨੀਤੀ ਵੀ ਨਹੀਂ ਹੈ ਜਿਸ ਕਾਰਨ ਇਹ ਉਦਯੋਗ ਅਤੇ ਇਨ੍ਹਾਂ ਵਿੱਚ ਲੱਗੇ ਕਾਮੇ ਘੋਰ ਮੰਦੀ ਦਾ ਸ਼ਿਕਾਰ ਹੋ ਗਏ। ਇੱਥੇ ਇਹ ਵਰਨਣਯੋਗ ਹੈ ਕਿ ਇਨ੍ਹਾਂ ਉਦਯੋਗਾਂ ਦਾ ਰੁਜ਼ਗਾਰ ਮੁਹਈਆ ਕਰਵਾਉਣ ਵਿੱਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਨ੍ਹਾਂ ਵਿੱਚ ਰੁਜ਼ਗਾਰ ਪੈਦਾ ਕਰਨ ਦੀ ਵਾਧਾ ਦਰ ਵੱਡੇ ਉਦਯੋਗਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ। ਅਜਿਹੇ ਹਾਲਾਤ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਪਰ ਸਰਕਾਰਾਂ ਨੇ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੀ ਕੋਈ ਸਾਰ ਨਹੀਂ ਲਈ ਅਤੇ ਮਜ਼ਦੂਰਾਂ ਦੀਆਂ ਔਕੜਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ।

ਭਾਵੇਂ ਭਾਰਤ ਸਰਕਾਰ ਨੇ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਵੱਲੋਂ ਨਿਰਧਾਰਤ ਕਿਰਤ ਸ਼ਰਤਾਂ ਅਤੇ ਕਿਰਤ ਮਿਆਰਾਂ ਨੂੰ ਅਸੂਲਨ ਮੰਨਿਆ ਹੋਇਆ ਹੈ ਪਰ ਹੁਣ ਕਿਰਤ ਕੋਡਜ਼ ਜੋ ਕਿ ਮਜ਼ਦੂਰ ਵਿਰੋਧੀ ਸੋਧਾਂ ਕਰਨ ਉਪਰੰਤ ਬਣਾਏ ਗਏ ਹਨ, ਦੇ ਲਾਗੂ ਹੋਣ ਨਾਲ ਸਰਕਾਰਾਂ ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ ਸੁਹਿਰਦ ਨਹੀਂ ਹੋਣਗੀਆਂ ਅਤੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਪੱਖੀ ਪਹੁੰਚ ਨਹੀਂ ਅਪਣਾਉਣਗੀਆਂ ਬਲਕਿ ਦੋਗਲੀ ਨੀਤੀ 'ਤੇ ਚੱਲਣਗੀਆਂ। ਇਨ੍ਹਾਂ ਰੁਝਾਨਾਂ ਅਤੇ ਵਰਤਾਰਿਆਂ ਤੋਂ ਸਾਫ ਅਤੇ ਸਪਸ਼ਟ ਸੰਕੇਤ ਮਿਲਦੇ ਹਨ ਕਿ ਸਰਕਾਰਾਂ ਨੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹਿਤਾਂ ਅਤੇ ਹੱਕਾਂ ਦੀ ਸੁਰੱਖਿਆ ਕਰਨ ਤੋਂ ਪਾਸਾ ਵੱਟ ਲਿਆ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਬੇਮੁੱਖ ਹੋ ਗਈਆਂ ਹਨ। ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਣ ਦੀ ਖੁੱਲ੍ਹ ਦੇ ਦਿੱਤੀ ਹੈ। ਅਜਿਹੇ ਹਾਲਾਤ ਵਿੱਚ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਲਈ ਬੇਹੱਦ ਘਾਤਕ ਸਿੱਧ ਹੋ ਰਹੇ ਹਨ। ਇਸਦੀ ਤਾਜ਼ਾ ਮਿਸਾਲ ਨੈਸ਼ਨਲ ਕੈਪੀਟਲ ਖੇਤਰ, ਮੈਨੇਸਰ (ਹਰਿਆਣਾ), ਨੌਇਡਾ ਅਤੇ ਦੇਸ਼ ਦੇ ਹੋਰ ਉਦਯੋਗਿਕ ਖੇਤਰਾਂ ਵਿੱਚ ਪਿਛਲੇ ਮਹੀਨੇ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਅੰਦਰ ਮਜ਼ਦੂਰਾਂ ਵੱਲੋਂ ਸੰਘਰਸ਼ ਕਰਨ ਅਤੇ ਮਾਲਕਾਂ ਵੱਲੋਂ ਸੰਘਰਸ਼ ਨੂੰ ਸਰਕਾਰੀ ਤੰਤਰ ਦੀ ਮਦਦ ਨਾਲ ਹਿੰਸਕ ਢੰਗਾਂ ਨਾਲ ਦਬਾਉਣ ਕਾਰਨ ਅਹਿੰਸਕ ਘਟਨਾਵਾਂ ਸਾਹਮਣੇ ਆਈਆਂ ਸਨ। ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਭਵਿੱਖ ਵਿੱਚ ਹੋਰ ਤਲਖ਼ ਕਲਾਮੀਆਂ ਹੋ ਸਕਦੀਆਂ ਹਨ ਕਿਉਂਕਿ ਲੇਬਰ ਕੋਡਜ਼ ਅਧੀਨ ਲੇਬਰ ਨਿਯਮਾਂ ਨੂੰ ਲਾਗੂ ਕਰਨ ਅਤੇ ਪਾਲਣਾ ਰਿਪੋਰਟਾਂ ਦੇਣ ਸਬੰਧੀ ਇਨ੍ਹਾਂ ਨੂੰ ਸਰਮਾਏਦਾਰੀ ਦੇ ਹਿਤਾਂ ਵਿੱਚ ਨਰਮ ਕੀਤਾ ਗਿਆ ਹੈ।

ਦੇਸ਼ ਵਿੱਚ ਸਰਕਾਰਾਂ, ਪੂੰਜੀਪਤੀਆਂ ਅਤੇ ਕਾਰਪੋਰੇਟ ਘਰਾਣਿਆਂ ਦੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹਿਤਾਂ ਅਤੇ ਹੱਕਾਂ ਉੱਤੇ ਹਮਲਿਆਂ ਦੇ ਨਤੀਜੇ ਸਾਹਮਣੇ ਆਏ ਦਿਖਾਈ ਦਿੰਦੇ ਹਨ ਕਿਉਂਕਿ ਅੱਜ ਕੱਲ੍ਹ ਲੰਮੇ ਸੰਘਰਸ਼ਾਂ ਅਤੇ ਜੱਦੋਜਹਿਦਾਂ ਤੋਂ ਬਾਅਦ ਹੋਂਦ ਵਿੱਚ ਆਈਆਂ ਮਜ਼ਬੂਤ ਮਜ਼ਦੂਰ ਯੂਨੀਅਨ/ਟਰੇਡ ਯੂਨੀਅਨਾਂ ਬਹੁਤ ਕਮਜ਼ੋਰ ਹੋ ਰਹੀਆਂ ਹਨ ਅਤੇ ਲਗਭਗ ਹਾਸ਼ੀਏ 'ਤੇ ਪਹੁੰਚ ਗਈਆਂ ਹਨ; ਜਿਸ ਨਾਲ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੀਆਂ ਜ਼ਰੂਰੀ ਅਤੇ ਹੱਕੀ ਮੰਗਾਂ ਮਨਵਾਉਣ ਵਿੱਚ ਕਾਫ਼ੀ ਦਿੱਕਤਾਂ ਆ ਰਹੀਆਂ ਹਨ। ਸਰਕਾਰਾਂ ਅਤੇ ਪੂੰਜੀਪਤੀ/ਕਾਰਪੋਰੇਟ ਘਰਾਣੇ ਹੁਣ ਬਿਨਾਂ ਕਿਸੇ ਵਿਰੋਧ ਅਤੇ ਸੰਘਰਸ਼ ਤੋਂ ਮਨਮਾਨੀਆਂ ਕਰਨ ਲੱਗ ਪਏ ਹਨ। ਇਸ ਵਰਤਾਰੇ ਦਾ ਆਉਣ ਵਾਲੇ ਸਮੇਂ ਵਿੱਚ ਮਜ਼ਦੂਰਾਂ, ਮਿਹਨਤਕਸ਼ ਲੋਕਾਂ ਅਤੇ ਟਰੇਡ ਯੂਨੀਅਨਾਂ ਉੱਤੇ ਹੋਰ ਵੀ ਮਾਰੂ ਪ੍ਰਭਾਵ ਪੈਣਗੇ ਜਿਹੜੇ ਕਿ ਸਮਾਜ ਦੇ ਇਸ ਮਹੱਤਵਪੂਰਨ ਵਰਗ ਦੇ ਹਿਤਾਂ ਵਿੱਚ ਨਹੀਂ ਹੋਣਗੇ।

ਜੇਕਰ ਬਦਲੇ ਹਾਲਾਤ 'ਤੇ ਸਰਸਰੀ ਨਜ਼ਰ ਮਾਰੀਏ, ਜਿਨ੍ਹਾਂ ਦੀ ਚਰਚਾ ਅਤੇ ਪ੍ਰਚਾਰ ਸਰਕਾਰ ਪੱਖੀ ਨੀਤੀਵਾਨਾਂ, ਬੁੱਧੀਜੀਵੀਆਂ, ਕਾਰਪੋਰੇਟ ਘਰਾਣਿਆਂ ਅਤੇ ਹੋਰ ਸਬੰਧਤ ਧਿਰਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ, ਤਾਂ ਵਧਦੀ ਆਮ/ਖੁੱਲ੍ਹੀ ਬੇਰੁਜ਼ਗਾਰੀ, ਪੜ੍ਹੇ ਲਿਖੇ ਨੌਜਵਾਨਾਂ ਵਿੱਚ ਵਧਦੀ ਬੇਰੁਜ਼ਗਾਰੀ, ਵੱਡੇ ਪੱਧਰ 'ਤੇ ਪਾਈ ਜਾਂਦੀ ਅਰਧ-ਬੇਰੁਜ਼ਗਾਰੀ, ਘੱਟ ਰੁਜ਼ਗਾਰ ਦੀ ਸਮੱਸਿਆ, ਉੱਚੀਆਂ ਅਤੇ ਵਧਦੀਆਂ ਆਮਦਨ ਅਤੇ ਧਨ ਦੌਲਤ ਵਿੱਚ ਨਾ-ਬਰਾਬਰੀਆ, ਹਰ ਰੋਜ਼ ਵਧਦੀ ਮਹਿੰਗਾਈ, ਰਿਸ਼ਵਤਖੋਰੀ, ਬੱਚਿਆਂ ਵਿੱਚ ਕੁਪੋਸ਼ਣ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਸਾਫ ਦਿਖਾਈ ਦਿੰਦੀਆਂ ਹਨ। ਸਰਕਾਰਾਂ ਦੁਆਰਾ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਅਣਗੌਲਿਆਂ ਕਰਨ ਦੇ ਵਧਦੇ ਰੁਝਾਨ ਅਤੇ ਸਰਮਾਏਦਾਰਾਂ ਅਤੇ ਕਾਰਪੋਰੇਟਾਂ ਦੇ ਹਿਤਾਂ ਵਿੱਚ ਭੁਗਤਦੀਆਂ ਨੀਤੀਆਂ ਵੀ ਸਪਸ਼ਟ ਨਜ਼ਰੀਂ ਪੈਂਦੀਆਂ ਹਨ। ਨਤੀਜੇ ਵਜੋਂ ਧਨਕੁਬੇਰਾਂ, ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੀ ਬੇਤਹਾਸ਼ਾ ਵਧਦੀ ਆਮਦਨ ਅਤੇ ਧਨ ਦੌਲਤ ਅਤੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਕੰਮ ਕਰਦੀਆਂ ਸਰਕਾਰਾਂ ਵੀ ਨਜ਼ਰੀਂ ਆਉਂਦੀਆਂ ਹਨ। ਇਸ ਲਈ ਇਹ ਸਪਸ਼ਟ ਹੈ ਕਿ ਬਦਲੇ ਹੋਏ ਹਾਲਾਤ ਅਸਲੀਅਤ ਵਿੱਚ ਮਜ਼ਦੂਰਾਂ, ਮਿਹਨਤਕਸ਼ ਲੋਕਾਂ ਅਤੇ ਆਮ ਲੋਕਾਂ ਦੇ ਹਿਤਾਂ ਵਿੱਚ ਨਹੀਂ ਹਨ, ਸਗੋਂ ਇਹ ਤਾਂ ਸਰਮਾਏਦਾਰਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਹਿਤਾਂ ਵਿੱਚ ਹਨ। ਹੁਣ ਸਮਾਂ ਅਤੇ ਬਦਲੇ ਹਾਲਾਤ ਮੰਗ ਕਰਦੇ ਹਨ ਕਿ ਦੇਸ਼ ਵਿੱਚ ਆਰਥਿਕ ਅਤੇ ਹੋਰ ਨੀਤੀਆਂ ਵਿੱਚ ਲੋਕ ਪੱਖੀ ਤਬਦੀਲੀਆਂ ਕਰ ਕੇ ਆਮ ਲੋਕਾਂ, ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਲੁੱਟ ਖਸੁੱਟ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਦੋ ਸ੍ਰੀ ਅਖੰਡ ਪਾਠ ਸਾਹਿਬ 1) ਨਗਰ ਕਲਸੀਆਂ ਲੁਧਿਆਣਾ ਅਤੇ ਨਗਰ ਭੈਣੀ ਵਿੜਿੰਗਾਂ ਦੀ ਸੰਗਤ, 2) ਭਾਈ ਗੁਰਿੰਦਰਜੀਤ ਸਿੰਘ ਮੁਲਤਾਨੀ ਪ੍ਰਵਾਰ ਵੱਲੋਂ ਅਰੰਭ ਹੋਣਗੇ।
- ਇਹ ਅਖੰਡ ਪਾਠ 08 ਮਈ ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ ਅਰੰਭ ਹੋਣਗੇ ਜਿਨਾਂ ਦੇ ਭੋਗ 11 ਮਈ ਸਵੇਰੇ 09:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।
- 8 ਮਈ ਦਿਨ ਸ਼ੁੱਕਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਕੁਲਵੰਤ ਸਿੰਘ ਬੈਂਸ 2) ਬੀਬੀ ਸਤਵੰਤ ਕੌਰ ਢਿੱਲੋਂ ਪ੍ਰਵਾਰ ਵੱਲੋਂ ਹੋਵੇਗੀ।
- 9 ਮਈ ਦਿਨ ਸ਼ਨਿੱਚਰਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਗੁਰਸ਼ਰਨ ਸਿੰਘ ਸੰਧੂ 2) ਭਾਈ ਕਰਨਵੀਰ ਸਿੰਘ ਗਿੱਲ ਪ੍ਰਵਾਰ ਵੱਲੋਂ ਹੋਵੇਗੀ।
- 9 ਮਈ ਦਿਨ ਸ਼ਨਿੱਚਰਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਬਲਜੀਤ ਸਿੰਘ ਸਹੋਤਾ 2) ਭਾਈ ਰਾਜਿੰਦਰ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- 10 ਮਈ ਦਿਨ ਐਤਵਾਰ ਸਵੇਰੇ 09:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਜਸਬੀਰ ਸਿੰਘ ਪ੍ਰਵਾਰ ਵੱਲੋਂ 2) ਭਾਈ ਕੰਵਲਜੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- ਅੰਤਿਮ ਸਸਕਾਰ ਬੀਬੀ ਬਲਵਿੰਦਰ ਕੌਰ ਮਾਹਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 10 ਮਈ ਦਿਨ ਐਤਵਾਰ 10:00ਵਜੇ ਹੋਵੇਗਾ ਉਪਰੰਤ 11:30 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 10 ਮਈ ਦਿਨ ਐਤਵਾਰ ਸ਼ਾਮ 05:30 ਵਜੇ ਪਾਠ ਸੁਖਮਨੀ ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਜੋਰਾ ਸਿੰਘ ਝੱਜ ਪ੍ਰਵਾਰ 2) ਭਾਈ ਪਵਿੱਤਰ ਸਿੰਘ ਗਿੱਲ ਪ੍ਰਵਾਰ ਵੱਲੋਂ ਹੋਵੇਗੀ।

- ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

ਰਾਗੀ ਜੱਥਾ : ਭਾਈ ਦਿਲਬਾਗ ਸਿੰਘ
ਭਾਈ ਹਰਜੀਤ ਸਿੰਘ

ਕਥਾਵਾਚਕ : ਭਾਈ ਗੁਰਪ੍ਰੀਤ ਸਿੰਘ ਜੀ

ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਸਿਆਸੀ ਜੋੜ-ਤੋੜ ਅਤੇ ਪੰਜਾਬ ਦਾ ਭਵਿੱਖ

ਅਸਵਨੀ ਕੁਮਾਰ




ਆਮ ਆਦਮੀ ਪਾਰਟੀ ਦੇ 10 ਵਿੱਚੋਂ ਸੱਤ ਰਾਜ ਸਭਾ ਮੈਂਬਰਾਂ ਦਾ ਟੁੱਟ ਕੇ ਭਾਜਪਾ ਵਿੱਚ ਜਾਣ (ਜਿਨ੍ਹਾਂ ਵਿੱਚੋਂ 6 ਪੰਜਾਬ ਦੀ ਨੁਮਾਇੰਦਗੀ ਕਰਦੇ ਹਨ) ਦੇ ਘਟਨਾਕ੍ਰਮ ਦੀ ਗੂੰਜ ਪੰਜਾਬ ਵਰਗੇ ਸਰਹੱਦੀ ਸੂਬੇ ਵਿੱਚ ਵਧੇਰੇ ਸੁਣਾਈ ਦੇ ਰਹੀ ਹੈ, ਜਿਸ ਨੇ ਲੰਮਾ ਸਮਾਂ ਅਤਿਵਾਦ ਦਾ ਸੰਤਾਪ ਹੰਢਾਇਆ ਹੈ। 'ਆਪ' ਦੇ ਸੰਸਦ ਮੈਂਬਰਾਂ ਵੱਲੋਂ ਵਫ਼ਾਦਾਰੀਆਂ ਬਦਲਣ ਨਾਲ ਹੁਣ ਭਾਜਪਾ ਦੇ ਅਕਾਲੀ ਦਲ ਨਾਲ ਗੱਠਜੋੜ ਹੋਣ ਦੀ ਸੰਭਾਵਨਾ ਵੀ ਵਧ ਗਈ ਹੈ, ਜਿੱਥੇ ਭਾਜਪਾ ਹੁਣ ਜ਼ਿਆਦਾ ਸੀਟਾਂ ਦੀ ਮੰਗ ਕਰ ਸਕਦੀ ਹੈ। ਜੇ ਇੰਝ ਹੋਇਆ ਤਾਂ ਸੂਬੇ ਦੇ ਸਿਆਸੀ ਸਮੀਕਰਨ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਣਗੇ। ਬਦਲੇ ਹੋਏ ਹਾਲਾਤ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀਆਂ ਉਮੀਦਾਂ ਨੂੰ ਢਾਹ ਲੱਗ ਸਕਦੀ ਹੈ।

ਹੁਣ ਤੱਕ ਕਾਂਗਰਸ ਇਹ ਮੰਨ ਕੇ ਚੱਲ ਰਹੀ ਸੀ ਕਿ ਸਥਾਪਤੀ ਵਿਰੋਧੀ ਲਹਿਰ ਦਾ ਸਾਰਾ ਫ਼ਾਇਦਾ ਉਸ ਨੂੰ ਮਿਲੇਗਾ, ਪਰ ਹੁਣ ਇਹ ਮੁਕਾਬਲਾ ਕਾਫ਼ੀ ਫਸਵਾਂ ਹੋ ਗਿਆ ਜਾਪਦਾ ਹੈ। ਪੰਜਾਬ ਵਿੱਚ ਆਪਣੀ ਹੋਂਦ ਬਣਾਈ ਰੱਖਣ ਲਈ ਕਾਂਗਰਸ ਨੂੰ ਆਪਣਾ ਸਰੂਪ ਬਦਲਣਾ ਪਵੇਗਾ। ਉਸ ਨੂੰ ਜਾਤ-ਪਾਤ ਦੀ ਸਿਆਸਤ ਕਰਨ ਦੀ ਬਜਾਏ ਕਾਬਲੀਅਤ ਦੇ ਆਧਾਰ 'ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਪਾਰਟੀ ਵਜੋਂ ਉੱਭਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੌਜੂਦਾ ਸਿਆਸੀ ਸਮੀਕਰਨਾਂ ਨੂੰ ਦੇਖਦੇ ਹੋਏ ਕਾਂਗਰਸ ਅਤੇ 'ਆਪ' ਦੋਵਾਂ ਨੂੰ ਆਪਣੀਆਂ ਰਣਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਖ਼ਾਸਕਰ ਚੋਣਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਥਿਤੀਆਂ ਅਤੇ ਤ੍ਰਿਸ਼ੰਕੂ ਫਤਵੇ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਣਾ ਹੁਣ ਬੇਹੱਦ ਜ਼ਰੂਰੀ ਹੋ ਗਿਆ ਹੈ ਕਿਉਂਕਿ ਸ਼ਾਇਦ ਚੋਣਾਂ ਤੋਂ ਬਾਅਦ ਕਿਸੇ ਵੀ ਇੱਕ ਪਾਰਟੀ ਨੂੰ ਪੂਰਨ ਬਹੁਮੱਤ ਨਾ ਮਿਲੇ।

ਸਿਆਸਤ ਵਿੱਚ 10 ਮਹੀਨਿਆਂ ਦਾ ਸਮਾਂ ਬਹੁਤ ਹੁੰਦਾ ਹੈ ਅਤੇ ਸੱਤਾ ਦੀ ਵਾਗਡੋਰ ਸੰਭਾਲ ਰਹੀ 'ਆਪ' ਹਾਲੇ ਵੀ ਆਪਣੀਆਂ ਭਲਾਈ ਸਕੀਮਾਂ ਦੇ ਜ਼ੋਰਦਾਰ ਅਮਲ, ਨਿਆਂਪੂਰਨ ਤੇ ਪਾਰਦਰਸ਼ੀ ਪ੍ਰਸ਼ਾਸਨ ਅਤੇ ਸੂਬੇ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੂੰ ਠੀਕ ਬਣਾ ਕੇ ਸ਼ਾਇਦ ਜਨਤਕ ਸਮਰਥਨ ਹਾਸਲ ਕਰ ਸਕਦੀ ਹੈ। ਧਿਆਨ ਰਹੇ ਕਿ 'ਆਪ' ਦੀ ਸਿਆਸੀ ਮੌਤ ਦਾ ਮਰਸੀਆ ਪੜ੍ਹ ਰਹੇ ਲੋਕ ਵੀ ਸ਼ਾਇਦ ਜਲਦਬਾਜ਼ੀ 'ਚ ਇਹ ਗੱਲ ਆਖ ਰਹੇ ਹਨ। ਸਿਆਸੀ ਜੋੜ-ਤੋੜ ਤੋਂ ਪਰ੍ਹੇ ਕੁਝ ਅਜਿਹੇ ਵੱਡੇ ਮੁੱਦੇ ਵੀ ਹਨ, ਜਿਨ੍ਹਾਂ 'ਤੇ ਜਨਤਕ ਤੌਰ 'ਤੇ ਬਹਿਸ ਹੋਣੀ ਚਾਹੀਦੀ ਹੈ। ਅੱਜ ਦੇ ਇਸ ਦੌਰ ਵਿੱਚ ਸਿਆਸੀ ਤੇ ਨਿੱਜੀ ਦੁਸ਼ਮਣੀਆਂ ਵਧ ਰਹੀਆਂ ਹਨ ਅਤੇ ਸਮਾਜਿਕ ਤਾਣਾ-ਬਾਣਾ ਕਮਜ਼ੋਰ ਹੋ ਰਿਹਾ ਹੈ।

ਇਸ ਮਾਹੌਲ ਵਿੱਚ ਪੰਜਾਬ ਇੱਕ ਸੱਭਿਅਕ ਅਤੇ ਉਸਾਰੂ ਰਾਜਨੀਤੀ ਦੀ ਮਿਸਾਲ ਪੇਸ਼ ਕਰ ਸਕਦਾ ਹੈ। ਇਹ ਕੋਈ ਵਿਕਲਪ ਨਹੀਂ ਸਗੋਂ ਅਤਿ ਲੋੜੀਂਦਾ ਹੈ ਤਾਂ ਜੋ ਸੂਬੇ ਦੀ ਤਰੱਕੀ ਲਈ ਵੱਡੀਆਂ ਨੀਤੀਆਂ ਬਣਾਈਆਂ ਅਤੇ ਲਾਗੂ ਕੀਤੀਆਂ ਜਾ ਸਕਣ।

ਪਿਛਲੇ ਕੁਝ ਸਾਲਾਂ ਵਿੱਚ ਵਿਕਾਸ ਦੇ ਮਾਮਲੇ ਵਿੱਚ ਪੰਜਾਬ ਦਾ ਰਿਕਾਰਡ ਕਮਜ਼ੋਰ ਰਿਹਾ ਹੈ ਅਤੇ ਨੀਤੀ ਆਯੋਗ ਦੇ ਅੰਕੜਿਆਂ ਅਨੁਸਾਰ ਸੂਬੇ ਦੀ ਆਰਥਿਕ ਹਾਲਤ ਵੀ ਕਾਫ਼ੀ ਨਾਜ਼ੁਕ ਹੈ। ਕੋਈ ਵੀ ਸਿਆਸੀ ਪਾਰਟੀ ਪੰਜਾਬ ਦੀਆਂ ਗੰਭੀਰ ਚੁਣੌਤੀਆਂ ਨੂੰ ਅਣਗੌਲਿਆਂ ਨਹੀਂ ਕਰ ਸਕਦੀ। ਇਨ੍ਹਾਂ ਵਿੱਚ ਵਾਤਾਵਰਨ ਦੀ ਸੰਭਾਲ, ਸਿਹਤ ਅਤੇ ਸਿੱਖਿਆ ਦਾ ਢਾਂਚਾ, ਆਰਥਿਕਤਾ ਨੂੰ ਮਜ਼ਬੂਤ ਕਰਨਾ, ਧਰਮ ਅਤੇ ਜਾਤ-ਪਾਤ ਦੇ ਨਾਂ 'ਤੇ ਵਧ ਰਹੀ ਵੰਡ, ਕੱਟੜਵਾਦ ਅਤੇ ਅਮਨ-ਕਾਨੂੰਨ ਦੀ ਚਿੰਤਾਜਨਕ ਸਥਿਤੀ ਵਰਗੇ ਅਹਿਮ ਮੁੱਦੇ ਸ਼ਾਮਿਲ ਹਨ। ਸਿਆਸੀ ਵਿਰੋਧੀਆਂ ਪ੍ਰਤੀ ਨਫ਼ਰਤ ਰੱਖ ਕੇ ਅਸੀਂ ਸੂਬੇ ਦੇ ਭਲੇ ਲਈ ਕੋਈ ਸਾਂਝੀ ਰਾਏ ਨਹੀਂ ਬਣਾ ਸਕਦੇ। ਵਿਰੋਧੀਆਂ 'ਤੇ ਅੰਨ੍ਹੇਵਾਹ ਇਲਜ਼ਾਮ ਲਗਾਉਣ ਅਤੇ ਉਨ੍ਹਾਂ ਨੂੰ ਨਿੱਜੀ ਦੁਸ਼ਮਣ ਮੰਨ ਕੇ ਨਿਗੂਣਾ ਕਰਨ ਦੀ ਕੋਸ਼ਿਸ਼ ਨੇ ਸਾਰੀ ਸਿਆਸੀ ਜਮਾਤ ਦੀ ਭਰੋਸੇਯੋਗਤਾ ਨੂੰ ਖ਼ਤਮ ਕਰ ਦਿੱਤਾ ਹੈ। ਅਸਲ ਮੁੱਦਿਆਂ 'ਤੇ ਕੋਈ ਸਾਰਥਕ ਚਰਚਾ ਨਾ ਹੋਣ ਕਰਕੇ ਰਾਜਨੀਤੀ ਦਾ ਮਕਸਦ ਹੀ ਖ਼ਤਮ ਹੁੰਦਾ ਜਾ ਰਿਹਾ ਹੈ। ਹਾਲਾਂਕਿ ਲੋਕ-ਲੁਭਾਊ ਵਾਅਦੇ ਸਿਆਸਤ ਦਾ ਹਿੱਸਾ ਹਨ, ਪਰ ਸਮਾਜਿਕ ਅਤੇ ਸਿਆਸੀ ਸਥਿਰਤਾ ਲਈ ਇਹ ਜ਼ਰੂਰੀ ਹੈ ਕਿ ਸਿਧਾਂਤਾਂ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਰੱਖਿਆ ਜਾਵੇ।

ਇੱਥੇ ਇੱਕ ਬੁਨਿਆਦੀ ਸਵਾਲ 'ਸਾਧਨ ਅਤੇ ਮਨੋਰਥ' ਬਾਰੇ ਵੀ ਹੈ। ਜੇਕਰ ਸਾਡੇ ਸੰਵਿਧਾਨਕ ਰਾਜ ਦਾ ਮੁੱਖ ਮਨੋਰਥ ਮਨੁੱਖੀ ਸਨਮਾਨ ਨੂੰ ਵਧਾਉਣਾ ਹੈ ਤਾਂ ਸਾਨੂੰ ਸਿਆਸੀ ਜੀਵਨ ਵਿੱਚ ਨਿਸਵਾਰਥ ਸੇਵਾ ਦੀ ਉੱਚੀ-ਸੁੱਚੀ ਪਰੰਪਰਾ ਨੂੰ ਸੁਰਜੀਤ ਕਰਨਾ ਪਵੇਗਾ, ਜੋ ਸਿਆਸਤ ਦੀ ਪਹਿਲੀ ਸ਼ਰਤ ਹੋਣੀ ਚਾਹੀਦੀ ਹੈ। ਸਾਨੂੰ ਸੱਤਾ ਦੀ ਤਾਕਤ ਨੂੰ ਜਨਤਕ ਨੈਤਿਕਤਾ ਅਤੇ ਸੰਵਿਧਾਨਕ ਮਰਿਆਦਾ ਦੇ ਅਨੁਸ਼ਾਸਨ ਵਿੱਚ ਲਿਆਉਣਾ ਪਵੇਗਾ। ਪੰਜਾਬ ਗੁਰੂਆਂ ਅਤੇ ਨਿਆਂ ਲਈ ਲੜਨ ਵਾਲੇ ਸੂਰਬੀਰਾਂ ਦੀ ਧਰਤੀ ਹੈ, ਪਰ ਅੱਜ ਇਹ ਅਜਿਹੀ ਨੈਤਿਕ ਨਿਘਾਰ ਵਾਲੀ ਸਿਆਸਤ ਦੀ ਭੇਟ ਚੜ੍ਹ ਰਹੀ ਹੈ ਜਿੱਥੇ ਸਿਰਫ਼ ਸੱਤਾ ਹਾਸਲ ਕਰਨ ਨੂੰ ਹੀ ਰਾਜਨੀਤੀ ਦਾ ਅਸਲ ਮਕਸਦ ਮੰਨ ਲਿਆ ਗਿਆ ਹੈ। ਇਸੇ ਕਾਰਨ ਸਾਰੀਆਂ ਸਿਆਸੀ ਪਾਰਟੀਆਂ ਵੋਟਰਾਂ ਨੂੰ ਅਜਿਹੇ ਵਾਅਦਿਆਂ ਨਾਲ ਭਰਮਾ ਰਹੀਆਂ ਹਨ, ਜਿਨ੍ਹਾਂ ਨੂੰ ਤੋੜ ਚੜ੍ਹਾਉਣਾ ਨਾਮੁਮਕਿਨ ਹੈ। ਅਜਿਹਾ ਕਰਕੇ ਉਹ ਲੋਕਤੰਤਰ ਦੀ ਬੁਨਿਆਦ ਨੂੰ ਹੀ ਕਮਜ਼ੋਰ ਕਰ ਰਹੀਆਂ ਹਨ।

ਪੰਜਾਬ ਦੀਆਂ ਅਗਲੀਆਂ ਚੋਣਾਂ ਅਤੇ ਉਸ ਤੋਂ ਪਹਿਲਾਂ ਦੀ ਸਿਆਸੀ ਹਲਚਲ ਸਾਡੇ ਕੋਲ ਇੱਕ ਅਜਿਹਾ ਮੌਕਾ ਹੈ, ਜਿੱਥੇ ਅਸੀਂ ਇੱਕ ਅਜਿਹੇ ਲੋਕਤੰਤਰ ਦੀ ਬੁਨਿਆਦ ਰੱਖ ਸਕੀਏ ਜੋ ਸਾਰਿਆਂ ਲਈ ਬਰਾਬਰੀ, ਹਮਦਰਦੀ ਅਤੇ ਇਨਸਾਫ਼ 'ਤੇ ਟਿਕਿਆ ਹੋਵੇ। ਇਹੋ ਨੈਤਿਕਤਾ ਸਾਡੀ ਸਿਆਸਤ ਦਾ ਆਧਾਰ ਹੋਣੀ ਚਾਹੀਦੀ ਹੈ। ਸਪੱਸ਼ਟ ਹੈ ਕਿ ਇਸ ਵੱਡੀ ਤਬਦੀਲੀ ਲਈ ਸਾਨੂੰ ਪੈਸੇ ਅਤੇ ਧੱਕੇਸ਼ਾਹੀ ਵਾਲੀ ਸਿਆਸਤ ਨੂੰ ਤਿਆਗ ਕੇ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਪੂਰੀ ਤਰ੍ਹਾਂ ਅਪਣਾਉਣਾ ਪਵੇਗਾ। ਬਾਕੀ ਥਾਵਾਂ ਵਾਂਗ ਪੰਜਾਬ ਵਿੱਚ ਵੀ ਸਿਆਸੀ ਤਬਦੀਲੀ ਨੌਜਵਾਨਾਂ ਦੀ ਸਰਗਰਮੀ, ਔਰਤਾਂ ਦੇ ਸ਼ਾਂਤ ਪਰ ਦ੍ਰਿੜ੍ਹ ਇਰਾਦੇ ਅਤੇ ਬੁੱਧੀਜੀਵੀ ਵਰਗ ਰਾਹੀਂ ਹੀ ਆਵੇਗੀ। ਇਹ ਬੁੱਧੀਜੀਵੀਆਂ ਦਾ ਫ਼ਰਜ਼ ਹੈ ਕਿ ਉਹ ਇੱਕ ਨਿਆਂਪੂਰਨ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਸਮਾਜ ਦੀ ਸਿਰਜਣਾ ਲਈ ਸੂਬੇ ਦੀ ਨੈਤਿਕ ਅਤੇ ਬੌਧਿਕ ਜ਼ਮੀਰ ਨੂੰ ਜਗਾਉਣ।

ਪੰਜਾਬੀਆਂ ਲਈ ਸੂਬੇ ਦੇ ਭਵਿੱਖ ਦੀ ਸਲਾਮਤੀ ਸਭ ਤੋਂ ਉੱਪਰ ਹੋਣੀ ਚਾਹੀਦੀ ਹੈ। ਇਹੋ ਪੰਜਾਬ ਲਈ ਸਭ ਤੋਂ ਵੱਡੀ ਚੁਣੌਤੀ ਹੈ ਅਤੇ ਇਹੋ ਇੱਥੋਂ ਦੀ ਸਿਆਸੀ ਲੀਡਰਸ਼ਿਪ ਦੀ ਅਸਲ ਪ੍ਰੀਖਿਆ ਵੀ ਹੈ। ਪੰਜਾਬ ਨੂੰ ਅੱਜ ਅਜਿਹੇ 'ਸਿਰਜਣਾਤਮਕ ਬਾਗ਼ੀਆਂ' (Guerrillas of the Imagination) ਦੀ ਲੋੜ ਹੈ, ਜਿਵੇਂ ਕਿ ਆਇਰਿਸ਼ ਕਵੀ ਸੀਮਸ ਹੀਨੀ ਨੇ ਲਿਖਿਆ ਸੀ, 'ਜੋ ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਾਈ ਦੀ ਅਗਵਾਈ ਕਰ ਸਕਣ।' ਸਾਨੂੰ ਅੱਲਾਮਾ ਇਕਬਾਲ ਦੇ ਉਸ ਤੌਖ਼ਲੇ ਨੂੰ ਸੱਚ ਸਾਬਿਤ ਨਹੀਂ ਹੋਣ ਦੇਣਾ ਚਾਹੀਦਾ ਕਿ:

ਨਿਸ਼ਾਨ-ਏ-ਰਾਹ ਦਿਖਾਤੇ ਥੇ ਜੋ ਸਿਤਾਰੋਂ ਕੋ,
ਭਟਕ ਰਹੇ ਹੈਂ ਕਿਸੀ ਮਰਦ-ਏ-ਰਾਹ-ਦਾਂ ਕੇ ਲੀਏ।

ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਪਛਾਣ ਉਸ ਦੇ ਆਗੂਆਂ ਦੇ ਉੱਚੇ ਕਿਰਦਾਰ ਤੋਂ ਹੁੰਦੀ ਹੈ ਅਤੇ ਇਸ ਦੀ ਮਜ਼ਬੂਤੀ ਨਾਗਰਿਕਾਂ ਦੀ ਜਾਗਰੂਕਤਾ 'ਤੇ ਟਿਕੀ ਹੁੰਦੀ ਹੈ।

# ਨਿਕੰਮਾ !

ਰਜਵਿੰਦਰ ਪਾਲ ਸ਼ਰਮਾ
7087367969

ਬਿਜ਼ਲੀ ਬੋਰਡ ਵਿੱਚ ਕਲਰਕ ਦੀ ਸੇਵਾ ਨਿਭਾ ਰਹੇ ਕੁਲਦੀਪ ਸਿੰਘ ਦੀ ਪਿਆਰੀ ਧੀ ਰੀਤ ਦਾ ਅੱਜ ਜਨਮ ਦਿਨ ਸੀ।ਧੀ ਨੇ ਗੁੱਸੇ ਹੁੰਦਿਆਂ ਕਿਹਾ, ਪਾਪਾ ਤੁਸੀਂ ਹਰ ਵਾਰ ਜਨਮ ਦਿਨ ਤੇ ਦਫ਼ਤਰੋਂ ਲੇਟ ਪਹੁੰਚਦੇ ਹੋ । ਧੀ ਦੀ ਗੱਲ ਸੁਣ ਉਸ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਇਸ ਵਾਰ ਕੁਲਦੀਪ ਨੇ ਧੀ ਨੂੰ ਸਮੇਂ ਸਿਰ ਪਹੁੰਚਣ ਦਾ ਪੂਰਾ ਭਰੋਸਾ ਦਿੱਤਾ। ਦਫ਼ਤਰ ਪਹੁੰਚ ਕਿ ਕੁਲਦੀਪ ਨੇ ਐੱਸ ਡੀ ਓ ਸਾਹਿਬ ਨੂੰ ਬੇਨਤੀ ਕੀਤੀ ਕਿ ਸਰ ਅੱਜ ਘਰ ਜ਼ਰੂਰੀ ਕੰਮ ਹੈ ਸੋ ਚਾਰ ਕੁ ਵਜੇ ਜਾਵਾਂਗਾ, ਕੁਲਦੀਪ ਦੀ ਗੱਲ ਸੁਣ ਕੇ ਐੱਸ ਡੀ ਓ ਨੇ ਹਾਂਅ ਵਿੱਚ ਸਿਰ ਹਿਲਾਇਆ।

ਕੁਲਦੀਪ ਬਹੁਤ ਖੁਸ਼ ਸੀ ਕਿ ਚਲੋ ਅੱਜ ਆਪਣੀ ਧੀ ਦਾ ਜਨਮ ਦਿਨ ਪਰਿਵਾਰ ਨਾਲ ਮਨਾ ਕੇ ਸਾਰਿਆਂ ਦਾ ਉਲਾਂਭਾ ਲਾ ਦੇਵਾਂਗਾ।ਸਾਰਾ ਦਿਨ ਬੀਤ ਗਿਆ।ਚਾਰ ਵੱਜਣ ਵਾਲੇ ਸਨ ।ਕੁਲਦੀਪ ਕੰਪਿਊਟਰ ਬੰਦ ਕਰਕੇ ਦਫ਼ਤਰੋਂ ਤੁਰਨ ਹੀ ਲੱਗਿਆ ਸੀ ਕਿ ਅਚਾਨਕ ਐੱਸ ਡੀ ਓ ਸਾਹਿਬ ਦਾ ਫੋਨ ਆ ਗਿਆ , ਹਾਂ ਜੀ ਸਰ ਕੁਲਦੀਪ ਬੋਲਿਆ, ਕੁਲਦੀਪ ਸਿੰਘ ਤੁਸੀਂ ਰੁਕ ਜਾਉ ਸ਼ਾਮ ਦੀ ਡਿਊਟੀ ਵਾਲਾ ਅੱਜ ਛੁੱਟੀ ਲੈ ਗਿਆ, ਤੁਸੀਂ ਸਾਰਾ ਕੰਮ ਕਰਕੇ ਹੀ ਜਾਇਉ ਉਹ ਤਾਂ ਨਿਕੰਮੇ ਨੇ ਜਦੋਂ ਮਰਜ਼ੀ ਛੁੱਟੀ ਲੈ ਲੈਂਦੇ ਆ ਤੁਸੀਂ ਕੰਮ ਕਰੋ ਤੁਸੀਂ ਕੰਮਾਂ ਵਾਲੇ ਹੋ।ਐੱਸ ਡੀ ਓ ਦੀ ਗੱਲ ਸੁਣ ਕੇ ਕੁਲਦੀਪ ਸੁੰਨ ਹੋ ਗਿਆ, ਅੰਦਰੋਂ ਅੰਦਰੀਂ ਗੁੱਸਾ ਪੀਂਦਾ ਹੋਇਆ ਕੁਲਦੀਪ ਸੋਚ ਰਿਹਾ ਸੀ ਕਾਸ਼ ਮੈਂ ਵੀ ਦੂਜਿਆਂ ਵਾਂਗ ਨਿਕੰਮਾ ਹੁੰਦਾ ਤਾਂ ਅੱਜ ਆਪਣੀ ਧੀ ਦਾ ਜਨਮ ਦਿਨ ਮਨਾ ਰਿਹਾ ਹੁੰਦਾ।

# ਵਿਸ਼ਵ ਪ੍ਰੈਸ ਆਜ਼ਾਦੀ ਦਿਵਸ: ਸ਼ੋਰ ਦੇ ਯੁੱਗ ਵਿੱਚ ਸੱਚ ਦੀ ਰੱਖਿਆ

ਡਾ. ਵਿਜੇ ਗਰਗ




ਹਰ ਸਾਲ 3 ਮਈ ਨੂੰ, ਦੁਨੀਆ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਮਨਾਉਂਦੀ ਹੈ। ਇਹ ਦਿਨ ਇੱਕ ਜਸ਼ਨ ਅਤੇ ਚੇਤਾਵਨੀ ਦੋਵਾਂ ਵਜੋਂ ਕੰਮ ਕਰਦਾ ਹੈ। ਇਹ ਪ੍ਰੈਸ ਆਜ਼ਾਦੀ ਦੇ ਬੁਨਿਆਦੀ ਸਿਧਾਂਤਾਂ ਦਾ ਸਨਮਾਨ ਕਰਦਾ ਹੈ, ਡਿਊਟੀ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ ਪੱਤਰਕਾਰਾਂ ਨੂੰ ਸ਼ਰਧਾਂਜਲੀ ਦਿੰਦਾ ਹੈ, ਅਤੇ ਸਰਕਾਰਾਂ ਨੂੰ ਪ੍ਰਗਟਾਵੇ ਦੀ ਆਜ਼ਾਦ ਦੇ ਅਧਿਕਾਰ ਨੂੰ ਕਾਇਮ ਰੱਖਣ ਦੇ ਆਪਣੇ ਫਰਜ਼ ਦੀ ਯਾਦ ਦਿਵਾਉਂਦਾ ਹੈ। ਤੇਜ਼ ਤਕਨੀਕੀ ਤਬਦੀਲੀ, ਰਾਜਨੀਤਿਕ ਧਰੁਵੀਕਰਨ ਅਤੇ ਗਲਤ ਜਾਣਕਾਰੀ ਦੇ ਉਭਾਰ ਦੁਆਰਾ ਦਰਸਾਇਆ ਗਿਆ ਯੁੱਗ ਵਿੱਚ, ਇੱਕ ਆਜ਼ਾਦ ਅਤੇ ਸੁਤੰਤਰ ਪ੍ਰੈਸ ਦੀ ਮਹੱਤਤਾ ਕਦੇ ਵੀ ਇੰਨੀ ਡੂੰਘੀ ਨਹੀਂ ਰਹੀ।

### ਮੂਲ ਅਤੇ ਉਦੇਸ਼

ਯੂਨੈਸਕੋ ਦੀ ਸਿਫ਼ਾਰਸ਼ ਤੋਂ ਬਾਅਦ, 1993 ਵਿੱਚ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਦਾ ਐਲਾਨ ਕੀਤਾ ਗਿਆ ਸੀ। ਇਹ ਮਿਤੀ 1991 ਦੀ ਵਿੰਡਹੋਕ ਘੋਸ਼ਣਾ ਨੂੰ ਯਾਦ ਕਰਦੀ ਹੈ, ਜੋ ਕਿ ਇੱਕ ਸੁਤੰਤਰ ਅਤੇ ਬਹੁਲਵਾਦੀ ਅਫਰੀਕੀ ਪ੍ਰੈਸ ਲਈ ਵਕਾਲਤ ਕਰਨ ਵਾਲੇ ਸਿਧਾਂਤਾਂ ਦਾ ਬਿਆਨ ਸੀ। ਸਮੇਂ ਦੇ ਨਾਲ, ਇਹ ਸਮਾਗਮ ਮੀਡੀਆ ਦੀ ਆਜ਼ਾਦੀ, ਪੱਤਰਕਾਰੀ ਨੈਤਿਕਤਾ ਅਤੇ ਪ੍ਰੈਸ ਦੁਆਰਾ ਦਰਪੇਸ਼ ਵਧਦੀਆਂ ਚੁਣੌਤੀਆਂ 'ਤੇ ਗੱਲਬਾਤ ਲਈ ਇੱਕ ਵਿਸ਼ਵਵਿਆਪੀ ਪਲੇਟਫਾਰਮ ਬਣ ਗਿਆ ਹੈ।

ਆਪਣੇ ਮੂਲ ਵਿੱਚ, ਇਹ ਦਿਨ ਇੱਕ ਸਧਾਰਨ ਪਰ ਸ਼ਕਤੀਸ਼ਾਲੀ ਵਿਚਾਰ ਨੂੰ ਉਜਾਗਰ ਕਰਦਾ ਹੈ: ਲੋਕਤੰਤਰ ਲਈ ਇੱਕ ਆਜ਼ਾਦ ਪ੍ਰੈਸ ਜ਼ਰੂਰੀ ਹੈ। ਇਸ ਤੋਂ ਬਿਨਾਂ, ਨਾਗਰਿਕਾਂ ਨੂੰ ਸੂਚਿਤ ਫੈਸਲੇ ਲੈਣ, ਨੇਤਾਵਾਂ ਨੂੰ ਜਵਾਬਦੇਹ ਬਣਾਉਣ ਅਤੇ ਜਨਤਕ ਜੀਵਨ ਵਿੱਚ ਅਰਥਪੂਰਨ ਹਿੱਸਾ ਲੈਣ ਲਈ ਜ਼ਰੂਰੀ ਜਾਣਕਾਰੀ ਤੋਂ ਵਾਂਝਾ ਕਰ ਦਿੱਤਾ ਜਾਂਦਾ ਹੈ।

### ਸਮਾਜ ਵਿੱਚ ਪ੍ਰੈਸ ਦੀ ਭੂਮਿਕਾ

ਪੱਤਰਕਾਰ ਨਿਗਰਾਨੀ ਕਰਨ ਵਾਲੇ, ਜਾਂਚਕਰਤਾ ਅਤੇ ਕਹਾਣੀ ਸੁਣਾਉਣ ਵਾਲੇ ਵਜੋਂ ਕੰਮ ਕਰਦੇ ਹਨ। ਉਹ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਦੇ ਹਨ, ਬੇਇਨਸਾਫ਼ੀ ਨੂੰ ਉਜਾਗਰ ਕਰਦੇ ਹਨ, ਅਤੇ ਲੁਕੀਆਂ ਸੱਚਾਈਆਂ ਨੂੰ ਪ੍ਰਕਾਸ਼ ਵਿੱਚ ਲਿਆਉਂਦੇ ਹਨ। ਚੋਣਾਂ ਦੀ ਰਿਪੋਰਟਿੰਗ ਤੋਂ ਲੈ ਕੇ ਮਾਨਵਤਾਵਾਦੀ ਸੰਕਟਾਂ ਨੂੰ ਦਸਤਾਵੇਜ਼ੀ ਰੂਪ ਦੇਣ ਤੱਕ, ਮੀਡੀਆ ਜਨਤਕ ਭਾਸ਼ਣ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਲੋਕਤੰਤਰੀ ਸਮਾਜਾਂ ਵਿੱਚ, ਪ੍ਰੈਸ ਸਰਕਾਰ ਅਤੇ ਲੋਕਾਂ ਵਿਚਕਾਰ ਇੱਕ ਪੁਲ ਵਜੋਂ ਕੰਮ ਕਰਦੀ ਹੈ। ਇਹ ਪਾਰਦਰਸ਼ਤਾ ਨੂੰ ਯਕੀਨੀ ਬਣਾਉਂਦਾ ਹੈ ਅਤੇ ਗੱਲਬਾਤ ਨੂੰ ਉਤਸ਼ਾਹਿਤ ਕਰਦਾ ਹੈ। ਹਾਲਾਂਕਿ, ਤਾਨਾਸ਼ਾਹੀ ਮਾਹੌਲ ਵਿੱਚ, ਪੱਤਰਕਾਰੀ ਅਕਸਰ ਇੱਕ ਖ਼ਤਰਨਾਕ ਪੇਸ਼ੇ ਬਣ ਜਾਂਦੀ ਹੈ, ਜਿਸ ਵਿੱਚ ਰਿਪੋਰਟਰਾਂ ਨੂੰ ਸੈਂਸਰਸ਼ਿਪ, ਧਮਕੀ, ਕੈਦ ਅਤੇ ਇੱਥੋਂ ਤੱਕ ਕਿ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਡਿਜੀਟਲ ਕ੍ਰਾਂਤੀ ਨੇ ਪੱਤਰਕਾਰੀ ਨੂੰ ਹੋਰ ਬਦਲ ਦਿੱਤਾ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਜਾਣਕਾਰੀ ਸਾਂਝੀ ਕਰਨ ਨੂੰ ਲੋਕਤੰਤਰੀ ਬਣਾਇਆ ਹੈ, ਪਰ ਉਨ੍ਹਾਂ ਨੇ ਪ੍ਰਮਾਣਿਤ ਖ਼ਬਰਾਂ ਅਤੇ ਅਣਪਛਾਤੀ ਸਮੱਗਰੀ ਵਿਚਕਾਰ ਰੇਖਾ ਵੀ ਧੁੰਦਲੀ ਕਰ ਦਿੱਤੀ ਹੈ। ਨਤੀਜੇ ਵਜੋਂ, ਪੇਸ਼ੇਵਰ ਪੱਤਰਕਾਰੀ ਦੀ ਜ਼ਿੰਮੇਵਾਰੀ ਤੱਥਾਂ ਦੀ ਪੁਸ਼ਟੀ ਕਰਨਾ, ਸੰਦਰਭ ਪ੍ਰਦਾਨ ਕਰਨਾ ਅਤੇ ਭਰੋਸੇਯੋਗਤਾ ਬਣਾਈ ਰੱਖਣਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ।

### ਆਧੁਨਿਕ ਯੁੱਗ ਵਿੱਚ ਚੁਣੌਤੀਆਂ

ਸੰਵਿਧਾਨਕ ਗਰੰਟੀ ਅਤੇ ਅੰਤਰਰਾਸ਼ਟਰੀ ਨਿਯਮਾਂ ਦੇ ਬਾਵਜੂਦ, ਦੁਨੀਆ ਦੇ ਕਈ ਹਿੱਸਿਆਂ ਵਿੱਚ ਪ੍ਰੈਸ ਦੀ ਆਜ਼ਾਦੀ ਖ਼ਤਰੇ ਵਿੱਚ ਹੈ। ਸਰਕਾਰਾਂ ਕਈ ਵਾਰ ਰਾਸ਼ਟਰੀ ਸੁਰੱਖਿਆ ਜਾਂ ਜਨਤਕ ਵਿਵਸਥਾ ਦੀ ਆੜ ਵਿੱਚ ਪਾਬੰਦੀਆਂ ਲਗਾਉਂਦੀਆਂ ਹਨ। ਪੱਤਰਕਾਰਾਂ ਨੂੰ ਕਾਨੂੰਨੀ ਪਰੇਸ਼ਾਨੀ, ਨਿਗਰਾਨੀ ਜਾਂ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅੱਜ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਗਲਤ ਜਾਣਕਾਰੀ ਅਤੇ ਗਲਤ ਜਾਣਕਾਰੀ ਦਾ ਪ੍ਰਸਾਰ ਹੈ। ਝੂਠੇ ਬਿਰਤਾਂਤ, ਜਿਨ੍ਹਾਂ ਨੂੰ ਅਕਸਰ ਐਲਗੋਰਿਦਮ ਦੁਆਰਾ ਵਧਾਇਆ ਜਾਂਦਾ ਹੈ, ਜਨਤਾ ਨੂੰ ਗੁੰਮਰਾਹ ਕਰ ਸਕਦੇ ਹਨ ਅਤੇ ਜਾਇਜ਼ ਮੀਡੀਆ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੇ ਹਨ। "fake news" ਦੇ ਵਾਧੇ ਨੇ ਦਰਸ਼ਕਾਂ ਲਈ ਤੱਥਾਂ ਨੂੰ ਗਲਪ ਤੋਂ ਵੱਖਰਾ ਕਰਨਾ ਮੁਸ਼ਕਲ ਬਣਾ ਦਿੱਤਾ ਹੈ।

ਆਰਥਿਕ ਦਬਾਅ ਵੀ ਇੱਕ ਗੰਭੀਰ ਚੁਣੌਤੀ ਪੈਦਾ ਕਰਦੇ ਹਨ। ਵਿਗਿਆਪਨ ਮਾਲੀਆ ਵਿੱਚ ਗਿਰਾਵਟ ਅਤੇ ਡਿਜੀਟਲ ਪਲੇਟਫਾਰਮਾਂ ਤੋਂ ਮੁਕਾਬਲੇ ਦੇ ਮੱਦੇਨਜ਼ਰ, ਰਵਾਇਤੀ ਮੀਡੀਆ ਆਪਣੇ ਆਪ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ। ਇਹ ਵਿੱਤੀ ਅਸਥਿਰਤਾ ਸੰਪਾਦਕੀ ਸੁਤੰਤਰਤਾ ਨਾਲ ਸਮਝੌਤਾ ਕਰ ਸਕਦੀ ਹੈ ਅਤੇ ਸਨਸਨੀਖੇਜ਼ ਜਾਂ ਪੱਖਪਾਤੀ ਰਿਪੋਰਟਿੰਗ ਵੱਲ ਲੈ ਜਾ ਸਕਦੀ ਹੈ।

ਇਸ ਤੋਂ ਇਲਾਵਾ, ਪੱਤਰਕਾਰਾਂ ਦੀ ਸੁਰੱਖਿਆ ਇੱਕ ਵਿਸ਼ਵਵਿਆਪੀ ਚਿੰਤਾ ਹੈ। ਅੰਤਰਰਾਸ਼ਟਰੀ ਨਿਗਰਾਨੀ ਸੰਸਥਾਵਾਂ ਦੇ ਅਨੁਸਾਰ, ਹਰ ਸਾਲ ਸੈਂਕੜੇ ਪੱਤਰਕਾਰਾਂ 'ਤੇ ਹਮਲਾ ਜਾਂ ਮਾਰਿਆ ਜਾਂਦਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਅਪਰਾਧ ਬਿਨਾਂ ਸਜ਼ਾ ਦੇ ਰਹਿੰਦੇ ਹਨ, ਜਿਸ ਨਾਲ ਡਰ ਅਤੇ ਜੁਰਮ ਤੋਂ ਬਚਣ ਦਾ ਮਾਹੌਲ ਪੈਦਾ ਹੁੰਦਾ ਹੈ।

### ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ

ਭਾਰਤ, ਜਿਸਨੂੰ ਅਕਸਰ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰ ਵਜੋਂ ਦਰਸਾਇਆ ਜਾਂਦਾ ਹੈ, ਇੱਕ ਜੀਵੰਤ ਅਤੇ ਵਿਭਿੰਨ ਮੀਡੀਆ ਦ੍ਰਿਸ਼ ਰੱਖਦਾ ਹੈ। ਪ੍ਰਿੰਟ ਅਖ਼ਬਾਰਾਂ ਤੋਂ ਲੈ ਕੇ ਟੈਲੀਵਿਜ਼ਨ ਚੈਨਲਾਂ ਅਤੇ ਡਿਜੀਟਲ ਪਲੇਟਫਾਰਮਾਂ ਤੱਕ, ਦੇਸ਼ ਵਿੱਚ ਆਵਾਜ਼ਾਂ ਅਤੇ ਦ੍ਰਿਸ਼ਟੀਕੋਣਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ। ਹਾਲਾਂਕਿ, ਹਾਲ ਹੀ ਦੇ ਸਾਲਾਂ ਵਿੱਚ ਪ੍ਰੈਸ ਦੀ ਆਜ਼ਾਦੀ ਬਾਰੇ ਚਿੰਤਾਵਾਂ ਵਧੀਆਂ ਹਨ।

ਭਾਰਤ ਵਿੱਚ ਪੱਤਰਕਾਰਾਂ ਨੇ ਦਬਾਅ, ਕਾਨੂੰਨੀ ਚੁਣੌਤੀਆਂ ਅਤੇ ਧਮਕੀਆਂ ਦੇ ਮਾਮਲਿਆਂ ਦੀ ਰਿਪੋਰਟ ਕੀਤੀ ਹੈ, ਖਾਸ ਕਰਕੇ ਜਦੋਂ ਉਹ ਰਾਜਨੀਤੀ, ਭ੍ਰਿਸ਼ਟਾਚਾਰ ਜਾਂ ਸਮਾਜਿਕ ਟਕਰਾਅ ਵਰਗੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਕਵਰ ਕਰਦੇ ਹਨ। ਰਾਸ਼ਟਰੀ ਹਿੱਤ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਿਚਕਾਰ ਸੰਤੁਲਨ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਦੇ ਨਾਲ ਹੀ, ਸੁਤੰਤਰ ਪੱਤਰਕਾਰੀ ਅਤੇ ਖੇਤਰੀ ਮੀਡੀਆ ਜ਼ਮੀਨੀ ਪੱਧਰ ਦੇ ਮੁੱਦਿਆਂ ਨੂੰ ਉਜਾਗਰ ਕਰਨ, ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਨੂੰ ਆਵਾਜ਼ ਦੇਣ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹਿੰਦੇ ਹਨ।

### ਅੱਗੇ ਵਧਣ ਦਾ ਰਾਹ

ਪ੍ਰੈਸ ਦੀ ਆਜ਼ਾਦੀ ਦੀ ਰੱਖਿਆ ਲਈ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ। ਸਰਕਾਰਾਂ ਨੂੰ ਪੱਤਰਕਾਰਾਂ ਲਈ ਕਾਨੂੰਨੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਦਾ ਪਾਲਣ ਕਰਨਾ ਚਾਹੀਦਾ ਹੈ। ਮੀਡੀਆ ਸੰਗਠਨਾਂ ਨੂੰ ਨੈਤਿਕ ਅਭਿਆਸਾਂ ਬਣਾਈ ਰੱਖਣੀਆਂ ਚਾਹੀਦੀਆਂ ਹਨ ਅਤੇ ਸਨਸਨੀਖੇਜ਼ਤਾ ਦੇ ਲਾਲਚ ਦਾ ਵਿਰੋਧ ਕਰਨਾ ਚਾਹੀਦਾ ਹੈ। ਤਕਨਾਲੋਜੀ ਕੰਪਨੀਆਂ ਨੂੰ ਮੁਕਤ ਪ੍ਰਗਟਾਵੇ ਨੂੰ ਦਬਾਏ ਬਿਨਾਂ ਗਲਤ ਜਾਣਕਾਰੀ ਨੂੰ ਰੋਕਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਨਾਗਰਿਕਾਂ ਦੀ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਹੈ। ਮੀਡੀਆ ਸਾਖਰਤਾ – ਜਾਣਕਾਰੀ ਦਾ ਆਲੋਚਨਾਤਮਕ ਮੁਲਾਂਕਣ ਕਰਨ ਦੀ ਯੋਗਤਾ – ਅੱਜ ਦੇ ਜਾਣਕਾਰੀ ਨਾਲ ਭਰਪੂਰ ਸੰਸਾਰ ਵਿੱਚ ਬਹੁਤ ਜ਼ਰੂਰੀ ਹੈ। ਇੱਕ ਸੂਚਿਤ ਅਤੇ ਸਮਝਦਾਰ ਜਨਤਾ ਗਲਤ ਜਾਣਕਾਰੀ ਅਤੇ ਪ੍ਰਚਾਰ ਦੇ ਵਿਰੁੱਧ ਸਭ ਤੋਂ ਮਜ਼ਬੂਤ ਬਚਾਅ ਹੈ।

ਵਿਦਿਅਕ ਸੰਸਥਾਵਾਂ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਕੇ ਅਤੇ ਵਿਦਿਆਰਥੀਆਂ ਨੂੰ ਭਰੋਸੇਯੋਗ ਸਰੋਤਾਂ ਨਾਲ ਜੁੜਨ ਲਈ ਉਤਸ਼ਾਹਿਤ ਕਰਕੇ ਯੋਗਦਾਨ ਪਾ ਸਕਦੀਆਂ ਹਨ। ਸਿਵਲ ਸੋਸਾਇਟੀ ਸੰਗਠਨ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਵਕਾਲਤ ਕਰ ਸਕਦੇ ਹਨ।

### ਇੱਕ ਸ਼ਰਧਾਂਜਲੀ ਅਤੇ ਇੱਕ ਯਾਦ ਦਿਵਾਉਣਾ

ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਸਿਰਫ਼ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਬਾਰੇ ਨਹੀਂ ਹੈ; ਇਹ ਉਨ੍ਹਾਂ ਲੋਕਾਂ ਨੂੰ ਯਾਦ ਕਰਨ ਬਾਰੇ ਵੀ ਹੈ ਜਿਨ੍ਹਾਂ ਨੇ ਸੱਚਾਈ ਲਈ ਅੰਤਮ ਕੀਮਤ ਚੁਕਾਈ ਹੈ। ਜਿਹੜੇ ਪੱਤਰਕਾਰ ਟਕਰਾਅ ਵਾਲੇ ਖੇਤਰਾਂ ਤੋਂ ਰਿਪੋਰਟ ਕਰਨ, ਗਲਤ ਕੰਮਾਂ ਦਾ ਪਰਦਾਫਾਸ਼ ਕਰਨ, ਜਾਂ ਬਿਨਾਂ ਆਵਾਜ਼ ਦੇ ਲੋਕਾਂ ਨੂੰ ਆਵਾਜ਼ ਦੇਣ ਲਈ ਆਪਣੀ ਜਾਨ ਜੋਖਮ ਵਿੱਚ ਪਾਉਂਦੇ ਹਨ, ਉਹ ਇਸ ਦਿਨ ਦੀ ਸੱਚੀ ਭਾਵਨਾ ਨੂੰ ਦਰਸਾਉਂਦੇ ਹਨ।

ਉਨ੍ਹਾਂ ਦੀ ਹਿੰਮਤ ਇੱਕ ਯਾਦ ਦਿਵਾਉਂਦੀ ਹੈ ਕਿ ਪ੍ਰੈਸ ਦੀ ਆਜ਼ਾਦੀ ਦੀ ਗਰੰਟੀ ਨਹੀਂ ਹੈ। ਇਸਨੂੰ ਸੁਰੱਖਿਅਤ, ਪਾਲਿਆ ਅਤੇ ਰੱਖਿਆ ਕੀਤਾ ਜਾਣਾ ਚਾਹੀਦਾ ਹੈ।

ਜਾਣਕਾਰੀ ਨਾਲ ਭਰੀ ਦੁਨੀਆਂ ਵਿੱਚ, ਸੱਚ ਦੀ ਕੀਮਤ ਨੂੰ ਵਧਾ-ਚੜ੍ਹਾ ਕੇ ਨਹੀਂ ਦੱਸਿਆ ਜਾ ਸਕਦਾ। ਇੱਕ ਆਜ਼ਾਦ ਪ੍ਰੈਸ ਸਿਰਫ਼ ਲੋਕਤੰਤਰ ਦਾ ਥੰਮ੍ਹ ਨਹੀਂ ਹੈ; ਇਹ ਇਸਦਾ ਜੀਵਨਸ਼ਕਤੀ ਹੈ। ਜਿਵੇਂ ਕਿ ਅਸੀਂ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਮਨਾਉਂਦੇ ਹਾਂ, ਸਾਨੂੰ ਇਸ ਜ਼ਰੂਰੀ ਆਜ਼ਾਦੀ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਪੁਸ਼ਟੀ ਕਰਨੀ ਚਾਹੀਦੀ ਹੈ।

ਕਿਉਂਕਿ ਜਦੋਂ ਪ੍ਰੈਸ ਆਜ਼ਾਦ ਹੁੰਦੀ ਹੈ, ਤਾਂ ਸਮਾਜ ਨੂੰ ਸੂਚਿਤ ਕੀਤਾ ਜਾਂਦਾ ਹੈ। ਅਤੇ ਜਦੋਂ ਸਮਾਜ ਨੂੰ ਸੂਚਿਤ ਕੀਤਾ ਜਾਂਦਾ ਹੈ, ਤਾਂ ਲੋਕਤੰਤਰ ਵਧਦਾ ਹੈ।

# ਪੰਜਾਬੀ ਯੂਨੀਵਰਸਿਟੀ ਵਿਰਸਾ ਤੇ ਵਰਤਮਾਨ



ਪ੍ਰਸਿੱਧ ਚਿੰਤਕ ਜੌਹਨ ਹੈਨਰੀ ਨਿਊਮੈਨ ਨੇ (The Idea of a University, 1852) ਕਿਹਾ ਸੀ ਕਿ ਯੂਨੀਵਰਸਿਟੀ ਇੱਕ ਅਜਿਹੀ ਸੰਸਥਾ ਹੁੰਦੀ ਹੈ, ਜਿੱਥੇ ਬ੍ਰਹਿਮੰਡੀ ਗਿਆਨ ਦੀ ਸਿਰਜਣਾ ਅਤੇ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਵਿਕਸਿਤ ਕੀਤੀ ਜਾਂਦੀ ਹੈ। ਇੱਕ ਮਿਆਰੀ ਯੂਨੀਵਰਸਿਟੀ ਦੇ ਅਧਿਆਪਕ ਸਮੁੱਚੇ ਵਿਸ਼ਵ ਦੇ ਸੰਦਰਭ ਵਿੱਚ ਸੋਚਦੇ ਹਨ ਅਤੇ ਵਿਦਿਆਰਥੀ ਬੌਧਿਕ ਝੋਲੀਆਂ ਭਰ ਕੇ ਖ਼ੁਦ ਸੋਚਣ, ਸਮਝਣ, ਫ਼ੈਸਲੇ ਲੈਣ ਅਤੇ ਜ਼ਿੰਮੇਵਾਰੀਆਂ ਸੰਭਾਲਣ ਦੇ ਸਮਰੱਥ ਹੁੰਦੇ ਹਨ। 'The Emergence of the American University' ਕਿਤਾਬ ਦੇ ਕਰਤਾ ਲਾਰੰਸ ਵਾਇਸੀ ਨੇ ਲਿਖਿਆ ਹੈ ਕਿ ਯੂਨੀਵਰਸਿਟੀ ਸਮਾਜ ਦੇ ਸਰਬਪੱਖੀ ਵਿਕਾਸ ਅਤੇ ਖੋਜ ਨੂੰ ਸਮਰਪਿਤ ਇੱਕ ਕਲਿਆਣਕਾਰੀ ਉੱਦਮ ਹੈ। ਯੂਨੀਵਰਸਿਟੀ ਕੋਈ ਸਾਧਾਰਨ ਸੰਸਥਾ ਨਹੀਂ ਹੁੰਦੀ ਸਗੋਂ ਗਿਆਨ ਦੀ ਟਕਸਾਲ ਅਤੇ ਖੋਜ ਦਾ ਕੇਂਦਰ ਹੁੰਦੀ ਹੈ, ਜਿੱਥੇ ਬੌਧਿਕ ਸੰਵਾਦ ਰਾਹੀਂ ਨਵਾਂ ਗਿਆਨ, ਵਿਗਿਆਨ, ਸਾਹਿਤ ਅਤੇ ਸਿਆਸਤ ਦੀ ਰਣਨੀਤੀ ਘੜੀ-ਤਰਾਸ਼ੀ ਜਾਂਦੀ ਹੈ; ਜਿੱਥੇ ਨਵੇਂ ਵਿਚਾਰ ਸਿਰਜੇ ਜਾਂਦੇ ਹਨ ਅਤੇ ਸਿਧਾਂਤ ਸਿੱਧ ਕੀਤੇ ਜਾਂਦੇ ਹਨ।

ਭਾਰਤ ਵਿੱਚ ਯੂਨੀਵਰਸਿਟੀ ਦੇ ਸੰਕਲਪ ਦੀ ਬਹੁਤ ਹੀ ਪੁਰਾਤਨ ਮੌਲਿਕ ਪਰੰਪਰਾ ਹੈ। ਆਧੁਨਿਕ ਯੂਰੋਪੀਅਨ ਮਾਡਲ ਤੋਂ ਸਦੀਆਂ ਪਹਿਲਾਂ ਇੱਥੇ ਉੱਚ ਸਿੱਖਿਆ ਦੇ ਪ੍ਰਸਿੱਧ ਕੇਂਦਰ ਤਕਸ਼ਿਲਾ ਅਤੇ ਨਾਲੰਦਾ ਯੂਨੀਵਰਸਿਟੀਆਂ ਸਥਾਪਿਤ ਸਨ। ਮਹਾਂਰਿਸ਼ੀ ਦੇਵੇਂਦ੍ਰਨਾਥ ਟੈਗੋਰ ਦੁਆਰਾ ਵਰੋਸਾਈ ਅਤੇ ਉਨ੍ਹਾਂ ਦੇ ਸਪੁੱਤਰ ਰਾਬਿੰਦਰਨਾਥ ਟੈਗੋਰ ਦੁਆਰਾ ਸਥਾਪਿਤ ਸ਼ਾਂਤੀ ਨਿਕੇਤਨ ਵੀ ਗੁਰੂਕੁਲ ਸ਼ੈਲੀ ਦੀ ਮੌਲਿਕ ਭਾਰਤੀ ਯੂਨੀਵਰਸਿਟੀ ਹੈ ਜੋ ਕੋਲਕਾਤਾ ਤੋਂ 152 ਕਿਲੋਮੀਟਰ ਉੱਤਰ 'ਚ ਸਥਿਤ ਹੈ। ਦਿਲਚਸਪ ਇਤਫ਼ਾਕ ਇਹ ਹੈ ਕਿ ਬਰਤਾਨਵੀ ਹਕੂਮਤ ਦੁਆਰਾ ਸਥਾਪਿਤ ਹਿੰਦੋਸਤਾਨ ਦੀ ਪਹਿਲੀ ਪੱਛਮੀ ਤਰਜ਼ ਦੀ ਯੂਨੀਵਰਸਿਟੀ ਵੀ ਕੋਲਕਾਤਾ ਯੂਨੀਵਰਸਿਟੀ ਹੈ, ਜਿਸ ਦੀ ਸਥਾਪਨਾ 24 ਜਨਵਰੀ 1857 ਨੂੰ ਕੀਤੀ ਗਈ। ਇਸੇ ਸਾਲ ਹੀ 24 ਜੁਲਾਈ ਨੂੰ ਬੰਬਈ ਯੂਨੀਵਰਸਿਟੀ ਅਤੇ 5 ਸਤੰਬਰ ਨੂੰ ਮਦਰਾਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਇਸ ਤੋਂ ਬਾਅਦ 16 ਨਵੰਬਰ 1889 ਨੂੰ ਅਲਾਹਾਬਾਦ (ਹੁਣ ਪ੍ਰਯਾਗਰਾਜ) ਯੂਨੀਵਰਸਿਟੀ ਕਾਇਮ ਕੀਤੀ ਗਈ। ਬਰਤਾਨਵੀ ਹਕੂਮਤ ਦਾ ਮੰਤਵ ਇੱਕ ਅਜਿਹਾ ਕੁਲੀਨ ਵਰਗ ਤਿਆਰ ਕਰਨਾ ਸੀ ਜੋ ਪ੍ਰਸ਼ਾਸਕੀ ਅਤੇ ਲੇਖਾ-ਜੋਖਾ ਵਾਲੀਆਂ ਨੌਕਰੀਆਂ ਵਿੱਚ ਕੰਮ ਕਰ ਸਕੇ। ਇਸ ਤੋਂ 25 ਸਾਲਾਂ ਬਾਅਦ ਸੰਨ 1916 ਵਿੱਚ ਬਨਾਰਸ ਹਿੰਦੂ ਯੂਨੀਵਰਸਿਟੀ ਸਥਾਪਿਤ ਕੀਤੀ ਗਈ। ਸੰਨ 1904 ਤੱਕ ਸਾਰੀਆਂ ਯੂਨੀਵਰਸਿਟੀਆਂ ਦੇ ਆਪੋ-ਆਪਣੇ ਵਿਧਾਨ ਸਨ। ਫਿਰ 1904 ਵਿੱਚ ਸਾਰੀਆਂ ਯੂਨੀਵਰਸਿਟੀਆਂ ਨੂੰ ਸਾਂਝੇ ਤੌਰ 'ਤੇ ਇੰਡੀਅਨ ਯੂਨੀਵਰਸਿਟੀਜ਼ ਐਕਟ 1904 ਅਧੀਨ ਲਿਆਂਦਾ ਗਿਆ।

ਅਣਵੰਡੇ ਪੰਜਾਬ ਵਿੱਚ ਪਹਿਲੀ ਯੂਨੀਵਰਸਿਟੀ 14 ਅਕਤੂਬਰ 1882 ਨੂੰ ਲਾਹੌਰ ਵਿਖੇ ਸਥਾਪਿਤ ਕੀਤੀ ਗਈ। ਇਸ ਦੀ ਸਥਾਪਨਾ ਵੀ ਬਰਤਾਨਵੀ ਹਕੂਮਤ ਨੇ ਹੀ ਕੀਤੀ। ਇਸ ਦਾ ਨਾਮ 'ਪੰਜਾਬ ਯੂਨੀਵਰਸਿਟੀ ਲਾਹੌਰ' ਰੱਖਿਆ ਗਿਆ। ਇਹ ਹਿੰਦੋਸਤਾਨ ਦੀ ਪਹਿਲੀ ਯੂਨੀਵਰਸਿਟੀ ਸੀ ਜਿਸ ਨੇ ਇਮਤਿਹਾਨਾਂ ਦੇ ਨਾਲ-ਨਾਲ ਪੜ੍ਹਾਉਣ ਦਾ ਕਾਰਜ ਵੀ ਕੀਤਾ। ਮੁਲਕ ਦੀ ਵੰਡ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਦੋ ਭਾਗਾਂ ਵਿੱਚ ਵੰਡ ਕੇ ਇਸ ਦਾ ਇੱਕ ਹੈੱਡਕੁਆਰਟਰ ਸੋਲਨ (ਹਿਮਾਚਲ ਪ੍ਰਦੇਸ਼) ਵਿਖੇ ਕਾਇਮ ਕੀਤਾ ਗਿਆ ਅਤੇ 1956 ਵਿੱਚ ਚੰਡੀਗੜ੍ਹ ਵਿਖੇ ਇਸ ਦਾ ਮੌਜੂਦਾ ਕੈਂਪਸ ਸਥਾਪਤ ਕੀਤਾ ਗਿਆ।

ਪਟਿਆਲਾ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ 30 ਅਪਰੈਲ 1962 ਨੂੰ ਕੀਤੀ ਗਈ। ਇਸ ਯੂਨੀਵਰਸਿਟੀ ਦੀ ਅਨੂਠੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਸ਼ਾ ਦੇ ਨਾਮ 'ਤੇ ਬਣੀ ਆਜ਼ਾਦ ਭਾਰਤ ਦੀ ਪਹਿਲੀ ਅਤੇ ਦੁਨੀਆ ਦੀ ਦੂਜੀ ਯੂਨੀਵਰਸਿਟੀ ਹੈ। ਇਹ ਨਵੇਂ ਪੰਜਾਬ ਦਾ ਇੱਕ ਵਿਲੱਖਣ ਪ੍ਰੋਜੈਕਟ ਸੀ। ਇਸ ਤੋਂ ਬਾਅਦ 1981 ਵਿੱਚ ਤਾਮਿਲਨਾਡੂ ਵਿਖੇ ਵੀ ਭਾਸ਼ਾ ਦੇ ਨਾਂ 'ਤੇ ਤਾਮਿਲ ਯੂਨੀਵਰਸਿਟੀ ਸਥਾਪਿਤ ਹੋਈ। ਇਸ ਤੋਂ ਪਹਿਲਾਂ ਭਾਸ਼ਾ ਦੇ ਨਾਮ 'ਤੇ ਹਿਬਰੂ ਯੂਨੀਵਰਸਿਟੀ ਸੰਨ 1918 ਵਿੱਚ ਸਥਾਪਿਤ ਹੋ ਚੁੱਕੀ ਸੀ। ਇਤਫ਼ਾਕਵੱਸ ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਪੰਜਾਬੀ ਨੂੰ ਗਵਾਰਾਂ ਦੀ ਬੋਲੀ ਕਿਹਾ ਜਾਂਦਾ ਸੀ, ਉਵੇਂ ਹਿਬਰੂ ਭਾਸ਼ਾ ਦੀ ਸਥਿਤੀ ਵੀ 18ਵੀਂ ਸਦੀ ਤੱਕ ਬੜੀ ਮਾੜੀ ਸੀ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਵੇਲੇ ਵੀ ਪੰਜਾਬੀ ਸੂਬੇ ਦੀ ਮੰਗ ਦਾ ਸੰਘਰਸ਼ ਚੱਲ ਰਿਹਾ ਸੀ। ਖ਼ਾਸ ਕਰਕੇ ਖੇਤਰੀ ਫਾਰਮੂਲੇ ਦਾ ਇਸ ਦੀ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਹੈ। ਗਿਆਨੀ ਕਰਤਾਰ ਸਿੰਘ ਨੇ ਇਸ ਦੀ ਸਥਾਪਨਾ ਨੂੰ ਖੇਤਰੀ ਫਾਰਮੂਲੇ ਦੀ ਮੁੱਖ ਮੰਗ ਵਜੋਂ ਪੇਸ਼ ਕੀਤਾ। ਜਦ ਇਹ ਮੰਗ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਪਾਸ ਪੁੱਜੀ ਤਾਂ ਉਨ੍ਹਾਂ ਝੱਟ ਪ੍ਰਵਾਨ ਕਰ ਲਈ। ਇਉਂ ਉਸ ਵੇਲੇ ਪੰਜਾਬੀ ਸੂਬਾ ਤਾਂ ਭਾਵੇਂ ਨਾ ਬਣਿਆ, ਪਰ ਪੰਜਾਬੀ ਭਾਸ਼ਾ ਦੇ ਨਾਮ 'ਤੇ ਪੰਜਾਬੀ ਯੂਨੀਵਰਸਿਟੀ ਬਣ ਗਈ। ਇਸ ਦਾ ਨੀਂਹ ਪੱਥਰ 24 ਜੂਨ 1962 ਨੂੰ ਰੱਖਿਆ ਗਿਆ ਅਤੇ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨਨ ਦੇ ਭਾਸ਼ਣ ਨਾਲ ਇਸ ਦੀ ਸ਼ੁਰੂਆਤ ਹੋਈ। ਗੁਰੂ ਗੋਬਿੰਦ ਸਿੰਘ ਭਵਨ ਦਾ ਨੀਂਹ ਪੱਥਰ ਡਾ. ਜ਼ਾਕਿਰ ਹੁਸੈਨ ਨੇ 27 ਦਸੰਬਰ 1967 ਨੂੰ ਰੱਖਿਆ ਜੋ ਕਿ ਯੂਨੀਵਰਸਿਟੀ ਦੀ ਪਛਾਣ ਬਣ ਗਿਆ। ਇਹ ਯੂਨੀਵਰਸਿਟੀ 30 ਅਪਰੈਲ 1962 ਨੂੰ ਪਟਿਆਲਾ ਦੇ ਬਾਰਾਂਦਰੀ ਪੈਲੇਸ ਵਿਖੇ ਸ਼ੁਰੂ ਕੀਤੀ ਗਈ ਅਤੇ ਵਿੱਦਿਅਕ ਦਾਖ਼ਲੇ 1963 ਵਿੱਚ ਸ਼ੁਰੂ ਕੀਤੇ ਗਏ। ਯੂਨੀਵਰਸਿਟੀ ਨੇ ਮੌਜੂਦਾ ਸੁਚੱਜੀ ਵਿਉਂਤ ਵਾਲੇ ਕੈਂਪਸ ਵਿੱਚ ਆਪਣਾ ਕਾਰਜ 1965 ਵਿੱਚ ਸ਼ੁਰੂ ਕੀਤਾ। ਇਸ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਢਲਾ ਉਦੇਸ਼ ਤਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਵਿਕਾਸ ਸੀ, ਪਰ ਬਾਅਦ ਵਿੱਚ ਲੋੜ ਮੁਤਾਬਿਕ ਇਸ ਦਾ ਵਿਸਤਾਰ ਕਰ ਦਿੱਤਾ ਗਿਆ। ਦਰਅਸਲ, ਜਦ ਪਹਿਲੀ ਨਵੰਬਰ 1966 ਨੂੰ ਪੰਜਾਬ ਦੇ ਪੁਨਰਗਠਨ ਕਾਰਨ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਦਿੱਤਾ ਗਿਆ ਅਤੇ ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧ ਕੇਂਦਰ ਨੇ ਆਪਣੇ ਅਧੀਨ ਕਰ ਲਿਆ ਤਾਂ ਪੰਜਾਬ ਸਰਕਾਰ ਨੂੰ ਪੰਜਾਬੀ ਯੂਨੀਵਰਸਿਟੀ ਦਾ ਵਿਸਤਾਰ ਕਰਨਾ ਪਿਆ।

ਇਸ ਲਈ ਸੰਨ 1969 ਵਿੱਚ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਨੂੰ ਵਧਾ ਕੇ ਮਾਲਵਾ ਖੇਤਰ ਦੇ 45 ਕਾਲਜ ਇਸ ਨਾਲ ਜੋੜ ਦਿੱਤੇ ਗਏ। ਅੱਜ ਕਾਲਜਾਂ ਤੋਂ ਇਲਾਵਾ ਰੀਜਨਲ ਸੈਂਟਰ, ਨੇਬਰਹੁੱਡ ਕੈਂਪਸ ਅਤੇ ਕਾਂਸਟੀਚਿਊਟ ਕਾਲਜ ਇਸ ਨੂੰ ਵੱਖਰਾ ਵਿਸਤਾਰ ਦਿੰਦੇ ਹਨ। ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦਾ ਅਧਿਐਨ ਕਰਨਾ ਅਤੇ ਪੰਜਾਬੀ ਭਾਸ਼ਾ ਨੂੰ ਗਿਆਨ-ਵਿਗਿਆਨ ਦੇ ਖੇਤਰ ਵਿੱਚ ਉਚੇਰੀ ਸਿੱਖਿਆ ਦੇ ਮਾਧਿਅਮ ਵਜੋਂ ਵਿਕਸਿਤ ਕਰਨਾ ਮਿਥਿਆ ਗਿਆ ਸੀ। ਆਪਣੇ ਮੁੱਖ ਉਦੇਸ਼ ਦੀ ਪੂਰਤੀ ਹਿੱਤ ਇਸ ਯੂਨੀਵਰਸਿਟੀ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਯੂਨੀਵਰਸਿਟੀ ਵਿੱਚ ਪੰਜਾਬੀ ਦੇ ਸਰਬਪੱਖੀ ਵਿਕਾਸ ਹਿੱਤ ਵਿਸ਼ੇਸ਼ ਵਿਭਾਗ ਸਥਾਪਿਤ ਕੀਤੇ ਗਏ। ਪੰਜਾਬੀ ਵਿਭਾਗ ਤੋਂ ਇਲਾਵਾ ਪੰਜਾਬੀ ਵਿਉਂਤ ਵਿਕਾਸ ਵਿਭਾਗ, ਭਾਸ਼ਾ ਵਿਗਿਆਨ ਵਿਭਾਗ, ਪੰਜਾਬੀ ਕੋਸ਼ਕਾਰੀ ਵਿਭਾਗ, ਸਾਹਿਤ ਅਧਿਐਨ ਵਿਭਾਗ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਧਰਮ ਅਧਿਐਨ ਵਿਭਾਗ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਆਦਿ ਪੰਜਾਬੀ ਦੇ ਸਰਬਪੱਖੀ ਵਿਕਾਸ ਲਈ ਹੀ ਸਥਾਪਿਤ ਕੀਤੇ ਗਏ। ਇਸ ਯੂਨੀਵਰਸਿਟੀ ਦੀ ਖ਼ਾਸੀਅਤ ਰਹੀ ਹੈ ਕਿ ਪੰਜਾਬੀ ਸਮਾਜ ਦੀਆਂ ਨਵੀਆਂ ਲੋੜਾਂ ਮੁਤਾਬਿਕ ਇੱਥੇ ਸਮੇਂ-ਸਮੇਂ 'ਤੇ ਨਵੇਂ ਵਿਭਾਗ ਵੀ ਖੋਲ੍ਹੇ ਗਏ। ਮਸਲਨ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦਾ ਉਚਤਮ ਕੇਂਦਰ' ਨਵੀਆਂ ਲੋੜਾਂ ਦੇ ਮੱਦੇਨਜ਼ਰ ਹੀ ਸਥਾਪਿਤ ਕੀਤਾ ਗਿਆ। ਇਸੇ ਤਰ੍ਹਾਂ ਪੰਜਾਬੀ ਪੀਡੀਆ ਸੈਂਟਰ ਦੀ ਸਥਾਪਨਾ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਆਲਮੀ ਆਧਾਰ ਪ੍ਰਦਾਨ ਕਰਨ ਵਾਲਾ ਪ੍ਰੋਜੈਕਟ ਹੈ।

ਯੂਨੀਵਰਸਿਟੀ ਦੀ ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ ਵਿੱਚ ਲਗਪਗ ਛੇ ਲੱਖ ਪੁਸਤਕਾਂ ਹਨ ਜੋ ਕਿ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹਨ। ਇਸ ਦੇ ਨਾਲ ਹੀ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਵੀ ਦੁਰਲੱਭ ਕਿਤਾਬਾਂ ਤੇ ਖਰੜਿਆਂ ਦਾ ਵੱਡਾ ਭੰਡਾਰ ਹੈ। ਇਸ ਵਿੱਚ ਇੱਕ ਲੱਖ ਤੋਂ ਉੱਤੇ ਕਿਤਾਬਾਂ, ਖਰੜੇ, ਰਸਾਲੇ ਅਤੇ ਥੀਸਿਸ ਸੰਗ੍ਰਹਿਤ ਰੂਪ ਵਿੱਚ ਉਪਲਬਧ ਹਨ। ਅਕਾਦਮਿਕ ਆਜ਼ਾਦੀ ਇਸ ਯੂਨੀਵਰਸਿਟੀ ਦਾ ਖ਼ਾਸਾ ਰਿਹਾ ਹੈ। ਸੈਮੀਨਾਰਾਂ ਅਤੇ ਵਿਸ਼ਵ ਕਾਨਫ਼ਰੰਸਾਂ ਵਿੱਚ ਰਚਾਇਆ ਜਾਂਦਾ ਸੰਵਾਦ ਵਿਦਵਾਨਾਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵੇਲੇ ਯੂਨੀਵਰਸਿਟੀ ਵਿਖੇ ਲਗਪਗ ਦਰਜਨ ਦੇ ਕਰੀਬ ਫੈਕਲਟੀਆਂ ਅਧੀਨ ਭਾਸ਼ਾਵਾਂ, ਕਲਾ, ਸਭਿਆਚਾਰ, ਸੰਗੀਤ, ਸਮਾਜ ਵਿਗਿਆਨ, ਕਾਨੂੰਨ, ਵਿਗਿਆਨ, ਲਾਈਫ ਸਾਇੰਸਿਜ਼, ਕੰਪਿਊਟਰ, ਐਜੂਕੇਸ਼ਨ, ਬਿਜ਼ਨਸ, ਸੂਚਨਾ ਵਿਗਿਆਨ, ਜਨ ਸੰਚਾਰ ਤੇ ਪੱਤਰਕਾਰੀ, ਇੰਜੀਨੀਅਰਿੰਗ, ਸਰੀਰਕ ਸਿੱਖਿਆ ਅਤੇ ਖੇਡਾਂ ਆਦਿ ਕਈ ਖੇਤਰਾਂ ਵਿੱਚ ਸਿੱਖਿਆ ਅਤੇ ਖੋਜ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਇਸ ਦਾ ਡਿਸਟੈਂਸ ਐਜੂਕੇਸ਼ਨ ਵਿਭਾਗ ਪੱਤਰ ਵਿਹਾਰ ਪ੍ਰਣਾਲੀ ਰਾਹੀਂ ਸਿੱਖਿਆ ਪ੍ਰਦਾਨ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਇਉਂ ਵਿਸ਼ਿਆਂ ਦੀ ਵੰਨ-ਸੁਵੰਨਤਾ, ਕੋਰਸਾਂ ਦੀ ਗੁਣਵੱਤਾ ਅਤੇ ਵਿੱਦਿਅਕ ਸੰਸਥਾਵਾਂ ਦੀ ਗਿਣਤੀ ਪੱਖੋਂ ਇਹ ਪੰਜਾਬ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਹੈ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੂੰ ਵਿਸ਼ਾਲ ਦ੍ਰਿਸ਼ਟੀ ਵਾਲੇ ਵਿਦਵਾਨਾਂ ਦੀ ਸਰਪ੍ਰਸਤੀ ਮਿਲਦੀ ਰਹੀ ਹੈ। ਆਪਣੇ ਸ਼ਾਨਾਂਮੱਤੇ ਇਤਿਹਾਸ ਦੌਰਾਨ ਇਸ ਯੂਨੀਵਰਸਿਟੀ ਨੇ ਆਪਣੇ ਹਰ ਟੀਚੇ ਨੂੰ ਪੂਰਾ ਕਰਨ ਵੱਲ ਹਰ ਸੰਭਵ ਕਦਮ ਪੁੱਟਿਆ। ਹਰੇਕ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਮਿਆਰੀ ਪੁਸਤਕਾਂ, ਕੋਸ਼, ਵਿਸ਼ਵਕੋਸ਼ ਅਤੇ ਖੋਜ-ਰਸਾਲੇ ਪ੍ਰਕਾਸ਼ਿਤ ਕਰ ਕੇ ਪੰਜਾਬ ਦੇ ਬੌਧਿਕ ਵਿਰਸੇ ਤੇ ਵਰਤਮਾਨ ਨੂੰ ਅਮੀਰੀ ਬਖ਼ਸ਼ੀ ਹੈ। ਪ੍ਰਕਾਸ਼ਨ ਵਿਭਾਗ ਵੱਲੋਂ ਹੁਣ ਤੱਕ ਚਾਰ ਹਜ਼ਾਰ ਦੇ ਕਰੀਬ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਸ਼ਬਦ-ਜੋੜ ਕੋਸ਼, ਫ਼ਾਰਸੀ-ਪੰਜਾਬੀ ਕੋਸ਼, ਸੰਸਕ੍ਰਿਤ-ਪੰਜਾਬੀ ਕੋਸ਼, ਪੰਜਾਬੀ ਨਿਰੁਕਤ ਕੋਸ਼, ਬਾਲ ਵਿਸ਼ਵ ਕੋਸ਼, ਪੰਜਾਬੀ ਸੂਫ਼ੀ-ਸਾਹਿਤ ਸੰਦਰਭ ਗ੍ਰੰਥ, ਉਰਦੂ-ਪੰਜਾਬੀ ਕੋਸ਼, ਮਲਵਈ-ਕੋਸ਼, ਲਹਿੰਦੀ-ਕੋਸ਼, ਪੰਜਾਬੀ ਕਿੱਤਾ-ਕੋਸ਼, ਕਾਨੂੰਨ-ਕੋਸ਼, ਪੰਜਾਬੀ-ਅੰਗਰੇਜ਼ੀ, ਅੰਗਰੇਜ਼ੀ-ਪੰਜਾਬੀ ਕੋਸ਼, ਪੰਜਾਬ ਦੀ ਭਾਸ਼ਾ ਐਟਲਸ ਅਤੇ ਐਨਸਾਈਕਲੋਪੀਡੀਆ ਔਫ ਸਿੱਖਿਇਜ਼ਮ ਆਦਿ ਇਸ ਯੂਨੀਵਰਸਿਟੀ ਦੇ ਅਹਿਮ ਹਾਸਲ ਹਨ। ਵਿਸ਼ਵ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ ਨੂੰ ਵੀ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਸ਼ੇਕਸਪੀਅਰ ਦੀਆਂ ਸਮੁੱਚੀਆਂ ਰਚਨਾਵਾਂ ਦਾ ਅਨੁਵਾਦ ਕਰਨਾ ਤਾਂ ਸ਼ਾਇਦ ਇਸੇ ਯੂਨੀਵਰਸਿਟੀ ਦੇ ਹਿੱਸੇ ਆਇਆ ਹੈ। ਮਾਧਿਅਮ ਪਰਿਵਰਤਨ ਦੇ ਖੇਤਰ ਵਿੱਚ ਵੀ ਇਸ ਯੂਨੀਵਰਸਿਟੀ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਯੂਨੀਵਰਸਿਟੀ ਦੇ ਦੂਰ-ਅੰਦੇਸ਼, ਅਨੁਭਵੀ ਅਤੇ ਵਿਸ਼ਾਲ ਦ੍ਰਿਸ਼ਟੀ ਵਾਲੇ ਵਾਈਸ ਚਾਂਸਲਰਾਂ ਨੇ ਇਸ ਮਿਆਰੀ ਸੰਸਥਾ ਨੂੰ ਨਿੱਗਰ ਆਧਾਰ ਪ੍ਰਦਾਨ ਕੀਤਾ ਹੈ। ਅਕਾਦਮਿਕ ਮੁਲਾਂਕਣ ਸੰਸਥਾ 'ਨੈਕ' ਵੱਲੋਂ ਲਗਾਤਾਰ ਏ-ਗਰੇਡ ਵੀ ਮਿਲਦਾ ਰਿਹਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਇਸ ਸੰਸਥਾ ਦਾ ਵਰਤਮਾਨ ਸੰਕਟਗ੍ਰਸਤ ਹੈ। ਇਸ ਦੀ ਸਮੀਖਿਆ ਕਰਨੀ ਵੀ ਬਣਦੀ ਹੈ ਕਿ ਪੰਜਾਬ ਦੀ ਇਸ ਸਿਰਮੌਰ ਸੰਸਥਾ ਦੀ ਇਹ ਦਸ਼ਾ ਕਿਵੇਂ ਹੋਈ? ਦਰਅਸਲ, ਇਸ ਦੇ ਮੌਜੂਦਾ ਸੰਕਟ ਦੀਆਂ ਕਈ ਪਰਤਾਂ ਹਨ। ਇਸ ਦਾ ਪਹਿਲਾ ਕਾਰਨ ਤਾਂ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਵਿਕਾਸ ਮਾਡਲ ਦੀਆਂ ਨੀਤੀਆਂ ਵਿੱਚ ਪਿਆ ਹੈ। ਸੰਨ ਦੋ ਹਜ਼ਾਰ ਵਿੱਚ ਕੇਂਦਰ ਸਰਕਾਰ ਨੇ ਉਚੇਰੀ ਸਿੱਖਿਆ ਬਾਬਤ ਇੱਕ ਕਮੇਟੀ ਦਾ ਗਠਨ ਕੀਤਾ ਸੀ, ਜਿਸ ਵਿੱਚ ਮੁਲਕ ਦੇ ਵੱਡੇ ਵਪਾਰੀ ਸ਼ਾਮਲ ਸਨ। ਇਨ੍ਹਾਂ ਮੈਂਬਰਾਂ ਨੇ ਸਰਕਾਰ ਨੂੰ ਕਿਹਾ ਕਿ ਉਚੇਰੀ ਸਿੱਖਿਆ ਮੁਨਾਫ਼ੇ ਦਾ ਧੰਦਾ ਹੈ। ਇਸ ਲਈ ਇਸ ਦਾ ਨਿੱਜੀਕਰਨ ਕਰ ਦਿਓ। ਉਸ ਤੋਂ ਬਾਅਦ ਹੀ ਸਰਕਾਰਾਂ ਸਟੇਟ ਯੂਨੀਵਰਸਿਟੀਆਂ ਨੂੰ ਖ਼ਤਮ ਕਰਨ ਦੇ ਰਾਹ ਪਈਆਂ। ਇਸ ਦੀ ਸ਼ੁਰੂਆਤ ਸਾਲਾਨਾ ਮਿਲਦੀ 95 ਫ਼ੀਸਦੀ ਗ੍ਰਾਂਟ ਵਿੱਚ ਕਟੌਤੀ ਕਰਨ ਤੋਂ ਕੀਤੀ ਗਈ ਅਤੇ

– ਬਾਕੀ ਅਗਲੇ ਸਫ਼ੇ 'ਤੇ

# ਅੱਤ ਦੀ ਗਰਮੀ ਤੋਂ ਆਪ ਵੀ ਬਚੋ ਅਤੇ ਹੋਰਨਾਂ ਨੂੰ ਵੀ ਬਚਾਓ

ਵਿਸ਼ਵਾ ਮਿੱਤਰ, 94176 - 32228

ਇਸ ਵਾਰ ਐੱਲ ਨੀਨੋ ਪਿਛਲੇ ਸਾਲ ਤੋਂ ਵੀ ਵਧ ਗਰਮੀ ਦਾ ਕਹਿਰ ਵਰਤਾਏਗਾ। ਐੱਲ ਨੀਨੋ ਕੀ ਹੁੰਦਾ ਹੈ, ਕਿਉਂ ਬਣਦਾ ਹੈ ਅਤੇ ਕਿਵੇਂ ਬਣਦਾ ਹੈ, ਇਸ ਕਾਰਨ ਗਰਮੀ ਕਿਉਂ ਵਧ ਜਾਂਦੀ ਹੈ, ਮੈਂ ਇਸਦੇ ਵਿਸਤਾਰ ਵਿੱਚ ਨਹੀਂ ਜਾਣਾ ਚਾਹੁੰਦਾ, ਬੱਸ ਐਨਾ ਹੀ ਸਮਝ ਲਓ ਕਿ ਮੌਸਮ ਵਿਭਾਗ ਵੱਲੋਂ ਆ ਰਹੀਆਂ ਸੂਚਨਾਵਾਂ ਅਨੁਸਾਰ ਇਸ ਵਾਰ ਗਰਮੀ ਪਿਛਲੇ ਸਾਲ ਤੋਂ ਵੀ ਵੱਧ ਪਵੇਗੀ। ਕੇਵਲ ਗਰਮੀ ਹੀ ਵੱਧ ਨਹੀਂ ਪਵੇਗੀ ਬਲਕਿ ਸੰਸਾਰ ਦਾ ਔਸਤ ਤਾਪਮਾਨ ਵੀ ਪਹਿਲਾਂ ਨਾਲੋਂ ਅੱਧਾ ਡਿਗਰੀ ਸੈਲਸੀਅਸ ਜਾਂ ਇਸ ਤੋਂ ਵੀ ਵਧ ਜਾਵੇਗਾ, ਜਿਸ ਨਾਲ ਗਰੀਨ ਲੈਂਡ, ਐਂਟਾਰਕਟਿਕਾ, ਅਲਾਸਕਾ, ਪਟਾਗੋਨਿਆ ਅਤੇ ਆਰਕਟਿਕ ਦੀ ਬਰਫ ਅਤੇ ਪਹਾੜਾਂ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲਣਗੇ ਅਤੇ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ; ਜਿਸ ਕਾਰਨ ਕੁਝ ਨੀਵੇਂ ਦੇਸ਼ ਪਾਣੀ ਹੇਠਾਂ ਜਾਣ ਦਾ ਖਤਰਾ ਹੈ।

ਇਸ ਅੱਤ ਦੀ ਗਰਮੀ ਕਾਰਨ ਖੇਤਾਂ ਅਤੇ ਬਾਗ਼ ਬਗ਼ੀਚਿਆਂ ਨੂੰ ਜ਼ਿਆਦਾ ਪਾਣੀ ਦੀ ਲੋੜ ਹੋਵੇਗੀ। ਜਿੱਥੇ ਦਰਿਆਵਾਂ ਦਾ ਪਾਣੀ ਨਹੀਂ ਪਹੁੰਚਦਾ, ਉੱਥੇ ਧਰਤੀ ਹੇਠਲਾ ਪਾਣੀ ਪਹਿਲਾਂ ਨਾਲੋਂ ਵੀ ਜ਼ਿਆਦਾ ਕੱਢਿਆ ਜਾਵੇਗਾ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ (ਵਾਟਰ ਟੇਬਲ) ਹੋਰ ਜ਼ਿਆਦਾ ਹੇਠਾਂ ਚਲਾ ਜਾਵੇਗਾ। ਇਸ ਨਾਲ ਬਿਜਲੀ ਦੀ ਖਪਤ ਹੋਰ ਵਧ ਜਾਏਗੀ ਅਤੇ ਸਭਨਾਂ ਨੂੰ ਬਿਜਲੀ ਦੇਣ ਲਈ ਬਿਜਲੀ ਕੱਟ ਜ਼ਿਆਦਾ ਲੱਗਣਗੇ।

ਜੇਕਰ ਘਰ ਤੋਂ ਬਾਹਰ ਕਿਸੇ ਨੇ ਕੰਮਕਾਰ ਲਈ ਜਾਣਾ ਹੋਵੇ ਜਾਂ ਖੁੱਲ੍ਹੇ ਸਥਾਨ ਜਾਂ ਖੇਤਾਂ ਵਿੱਚ ਕੰਮ ਕਰਨਾ ਹੋਵੇ ਤਾਂ ਅੱਤ ਦੀ ਗਰਮੀ ਤੋਂ ਬਚਣ ਲਈ ਘਰੋਂ ਕੋਈ ਠੰਢਾ ਸ਼ਰਬਤ, ਠੰਢੀ ਲੱਸੀ, ਸੱਤੂ ਜਾਂ ਠੰਢਾ ਪਾਣੀ ਪੀ ਕੇ ਹੀ ਨਿਕਲੋ। ਸਿਰ ਉੱਤੇ ਗਿੱਲਾ ਤੌਲੀਆ ਜਾਂ ਕੋਈ ਹੋਰ ਕੱਪੜਾ ਰੱਖਣਾ ਵੀ ਕਾਫੀ ਫਾਇਦੇਮੰਦ ਹੈ। ਹੋ ਸਕੇ ਤਾਂ ਛਤਰੀ ਲੈ ਕੇ ਚਲੋ। ਜੇਕਰ ਗਰਮੀ ਤੋਂ ਬਚਾ ਲਈ ਉਪਰਾਲੇ ਨਾ ਕੀਤੇ ਜਾਣ ਤਾਂ ਬਹੁਤ ਜ਼ਿਆਦਾ ਗਰਮੀ ਸਰੀਰ ਦੇ ਠੰਢ ਤੰਤਰ (ਪਸੀਨਾ ਆਉਣਾ, ਖ਼ੂਨ ਸੰਚਾਰ) ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਡੀਹਾਈਡਰੇਸ਼ਨ, ਥਕਾਵਟ, ਚੱਕਰ ਆਉਂਦੇ ਹਨ ਅਤੇ ਮਹੱਤਵਪੂਰਨ ਅੰਗਾਂ ’ਤੇ ਦਬਾਅ ਪੈਂਦਾ ਹੈ। ਗੰਭੀਰ ਮਾਮਲਿਆਂ ਵਿੱਚ ਗਰਮੀ ਦੀ ਥਕਾਵਟ, ਭਾਰੀ ਪਸੀਨਾ ਆਉਣਾ, ਸਿਰ ਦਰਦ, ਮਤਲੀ ਹੋਣਾ ਅਤੇ ਜਾਨਲੇਵਾ ਹੀਟਸਟ੍ਰੋਕ ਹੋ ਜਾਂਦਾ ਹੈ, ਜਿਸ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ। ਇਸ ਗਰਮੀ ਤੋਂ ਆਪ ਤਾਂ ਬਚਣਾ ਹੀ ਹੈ, ਹੋਰਨਾਂ ਨੂੰ ਵੀ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਭਾਵੇਂ ਇਨ੍ਹਾਂ ਨੂੰ ਪੁੰਨ ਦਾ ਕੰਮ ਹੀ ਸਮਝ ਲਓ। ਜੇਕਰ ਤੁਹਾਡੀ ਗਲੀ ਵਿੱਚੋਂ ਜਾਂਦਾ ਕੋਈ ਰਾਹੀ ਪਾਣੀ ਮੰਗੇ ਤਾਂ ਉਸ ਨੂੰ ਜ਼ਰੂਰ ਪਿਆਓ, ਪਾਣੀ ਦੀ ਛਬੀਲ ਲਾਓ। ਕੋਈ ਜ਼ਰੂਰੀ ਨਹੀਂ ਕਿ ਕਿਸੇ ਧਾਰਮਿਕ ਦਿਵਸ ’ਤੇ ਹੀ ਛਬੀਲ ਲਾਈ ਜਾਵੇ, ਕੋਈ ਜ਼ਰੂਰੀ ਨਹੀਂ ਕਿ ਉਸ ਵਿੱਚ ਕੋਈ ਸ਼ਰਬਤ ਮਿਲਾਇਆ ਜਾਵੇ, ਬੱਸ ਠੰਢਾ ਪਾਣੀ ਜ਼ਰੂਰ ਪਿਆਇਆ ਜਾਏ। ਯਾਦ ਰੱਖੋ, ਅਸੀਂ ਉਸ ਪੰਜਾਬ ਦੇ ਵਾਸੀ ਹਾਂ ਜਿਸ ਵਿੱਚ ਜਦੋਂ ਕੋਈ ਪਾਣੀ ਮੰਗਦਾ ਸੀ ਤਾਂ ਸਾਡੇ ਬਜ਼ੁਰਗ ਲੱਸੀ ਜਾਂ ਦੁੱਧ ਪਿਆਉਂਦੇ ਸਨ। ਸੜਕਾਂ ਜਾਂ ਕੱਚੇ ਰਾਹਾਂ ’ਤੇ ਖੂਹ ਖੋਦੇ ਜਾਂਦੇ ਸਨ ਤਾਂਕਿ ਗਰਮੀ ਵਿੱਚ ਆਉਂਦਾ ਜਾਂਦਾ ਵਿਅਕਤੀ ਆਪਣੀ ਪਿਆਸ ਬੁਝਾ ਸਕੇ। ਖੂਹ ਦੇ ਨਾਲ ਛਾਂ ਦਾਰ ਦਰਖਤ ਅਤੇ ਠੰਢੀ ਛਾਂ ਹੇਠ ਆਰਾਮ ਕਰਨ ਦੀ ਜਗ੍ਹਾ ਵੀ ਬਣਾਈ ਜਾਂਦੀ ਸੀ।

ਅੱਜਕਲ ਕਾਫ਼ੀ ਲੋਕਾਂ ਦੇ ਘਰਾਂ ਵਿੱਚ ਏ. ਸੀ. ਲੱਗੇ ਹੋਏ ਹਨ। ਕਈਆਂ ਦੇ ਘਰਾਂ ਵਿੱਚ ਦੋ ਜਾਂ ਦੋ ਤੋਂ ਵੱਧ ਏ. ਸੀ. ਵੀ ਹਨ। ਦਫਤਰਾਂ ਅਤੇ ਦੁਕਾਨਾਂ ਵਿੱਚ ਏ. ਸੀ. ਲੱਗੇ ਹੋਏ ਹਨ ਅਤੇ ਲੋਕ ਠੰਢੀ ਹਵਾ ਦਾ ਅਨੰਦ ਲੈ ਰਹੇ ਹਨ। ਅਸੀਂ ਆਪਣੇ ਏ. ਸੀ. ਤੋਂ ਜਿੰਨੀ ਜ਼ਿਆਦਾ ਠੰਢੀ ਹਵਾ ਲੈਂਦੇ ਹਾਂ, ਏ.ਸੀ. ਉਂਨੀ ਹੀ ਜ਼ਿਆਦਾ ਗਰਮੀ ਹਵਾ (ਵਾਤਾਵਰਣ) ਵਿੱਚ ਛੱਡਦਾ ਹੈ। ਜ਼ਰਾ ਸੋਚੋ, ਜਿਨ੍ਹਾਂ ਲੋਕਾਂ ਕੋਲ ਏ.ਸੀ. ਨਹੀਂ ਹੈ, ਇੱਥੇ ਤਕ ਕਿ ਬਿਜਲੀ ਦਾ ਪੱਖਾ ਵੀ ਨਹੀਂ ਹੈ, ਅਜਿਹੇ ਲੋਕਾਂ ਕੋਲ ਸਾਡੇ ਵਾਲੀ ਗਰਮ ਕੀਤੀ ਗਈ ਹਵਾ ਪਹੁੰਚ ਰਹੀ ਹੈ। ਭਾਵੇਂ ਅਜਿਹੇ ਲੋਕ ਐਨਾ ਕਹਿ ਕੇ ਹੀ ਆਪਣੇ ਆਪ ਨੂੰ ਤਸੱਲੀ ਦੇ ਲੈਂਦੇ ਹਨ ਕਿ ਇਸ ਵਾਰ ਬਹੁਤ ਗਰਮੀ ਪੈ ਰਹੀ ਹੈ ਪਰ ਉਹਨਾਂ ਨੂੰ ਵੱਧ ਗਰਮੀ ਪਹੁੰਚਾਉਣ ਵਿੱਚ ਸਾਡਾ ਵੀ ਹੱਥ ਹੈ।

ਜੰਗਲਾਂ ਦੀ ਸਫਾਈ ਇੱਕ ਪੱਖ ਹੈ, ਚੌਂਕਾਂ ਵਿੱਚੋਂ ਦਰਖਤ ਗਾਇਬ ਹੋਣੇ ਦੂਜਾ ਪੱਖ ਹੈ ਅਤੇ ਏ. ਸੀਆਂ ਤੋਂ ਪੈਦਾ ਕੀਤੀ ਗਰਮੀ ਤੀਜਾ ਪੱਖ ਹੈ, ਜਿਸ ਨਾਲ ਹਵਾ ਵਿੱਚ ਗਰਮੀ ਵਧ ਰਹੀ ਹੈ। ਸਾਡੇ ਸਰੀਰ ਲਈ 24 ਡਿਗਰੀ ਸੈਲਸੀਅਸ ਤਾਪਮਾਨ ਸੁਹਾਵਣੇ ਮੌਸਮ ਵਰਗਾ ਹੁੰਦਾ ਹੈ, ਜਿਸ ਵਿੱਚ ਸਾਨੂੰ ਨਾ ਗਰਮੀ ਲਗਦੀ ਹੈ ਅਤੇ ਨਾ ਠੰਢ ਲਗਦੀ ਹੈ। ਜੇਕਰ ਹਵਾ ਵਿੱਚ ਨਮੀ ਜ਼ਿਆਦਾ ਹੋਵੇ ਤਾਂ 23 ਡਿਗਰੀ ਦਾ ਤਾਪਮਾਨ ਵੀ 24 ਡਿਗਰੀ ਵਾਲਾ ਮਹਿਸੂਸ ਹੁੰਦਾ ਹੈ। ਆਮ ਦਿਨਾਂ ਲਈ ਏ. ਸੀ. 23 ਜਾਂ 24 ਡਿਗਰੀ ’ਤੇ ਹੀ ਚਲਾਏ ਜਾਣ। ਪਰ ਹੁੰਦਾ ਇਸ ਤੋਂ ਉਲਟ ਹੈ। ਲੋਕ ਗਰਮੀਆਂ ਵਿੱਚ ਵੀ ਕੰਬਲ ਲੈ ਰਹੇ ਹਨ ਅਤੇ ਏ.ਸੀ 18 ਜਾਂ 17 ਡਿਗਰੀ ’ਤੇ ਚਲਾ ਰਹੇ ਹਨ। ਇਸ ਨਾਲ ਇੱਕ ਤਾਂ ਆਪਣਾ ਨੁਕਸਾਨ ਕਰ ਰਹੇ ਹੁੰਦੇ ਹਨ ਕਿਉਂਕਿ ਬਿਜਲੀ ਦਾ ਬਿੱਲ ਜ਼ਿਆਦਾ ਆਉਂਦਾ ਹੈ ਅਤੇ ਦੂਜੇ ਉਹਨਾਂ ਗਰੀਬਾਂ ਦਾ ਨੁਕਸਾਨ ਕਰ ਰਹੇ ਹਨ, ਜਿਨ੍ਹਾਂ ਕੋਲ ਬਿਜਲੀ ਦਾ ਪੱਖਾ ਵੀ ਨਹੀਂ ਹੈ। ਅੱਤ ਦੀ ਗਰਮੀ ਵਿੱਚ ਵਾਤਾਵਰਣ ਹੋਰ ਗਰਮ ਕਰਕੇ ਮਨੁੱਖਤਾ ਨਾਲ ਧ੍ਰੋਹ ਕਮਾ ਰਹੇ ਹਨ।

ਇੱਕ ਹੋਰ ਕਿਸਮ ਦੇ ਨਮੂਨੇ ਵੀ ਹਨ। ਇਹ ਦਫਤਰਾਂ ਦੇ ਵੱਡੇ ਅਫਸਰ ਹਨ ਅਤੇ ਘਰੋਂ ਚੱਲਣ ਵੇਲੇ ਸੇਵਾਦਾਰ ਨੂੰ ਫੋਨ ਕਰ ਦਿੰਦੇ ਹਨ ਕਿ ਏ. ਸੀ. ਚਾਲੂ ਕਰ ਦੇ। ਅਫਸਰ ਦੇ ਦਫਤਰ ਪਹੁੰਚਣ ਤਕ ਏ. ਸੀ. ਅੱਧਾ ਘੰਟਾ ਜਾਂ ਜ਼ਿਆਦਾ ਦੇਰ ਚਲਦਾ ਰਹਿੰਦਾ ਹੈ ਤਾਂਕਿ ਅਫਸਰ ਦੇ ਆਉਣ ਤਕ ਦਫਤਰ ਚੰਗੀ ਤਰ੍ਹਾਂ ਠੰਢਾ ਹੋ ਜਾਵੇ। ਬਿਜਲੀ ਦਾ ਬਿੱਲ ਤਾਂ ਸਰਕਾਰ ਨੇ ਦੇਣਾ ਹੈ। ਅਜਿਹੇ ਅਫਸਰ ਨੂੰ ਕੌਣ ਸਮਝਾਵੇ? ਪਰ ਸਾਨੂੰ ਐਨੀ ਕੁ ਅਕਲ ਤਾਂ ਵਰਤ ਲੈਣੀ ਚਾਹੀਦੀ ਹੈ ਕਿ ਆਪਣਾ ਬਿਜਲੀ ਦਾ ਬਿੱਲ ਘਟਾਉਣ ਲਈ ਏ. ਸੀ. 23/24 ਡਿਗਰੀ ਸੈਲਸੀਅਸ ’ਤੇ ਚਲਾਇਆ ਜਾਵੇ ਤਾਂਕਿ ਗਰੀਬਾਂ ਦਾ ਵੀ ਖਿਆਲ ਰੱਖਿਆ ਜਾ ਸਕੇ ਅਤੇ ਕੰਬਲਾਂ ਦੀ ਬਜਾਏ ਚਾਦਰਾਂ ਵਰਤ ਲਈਆਂ ਜਾਣ। ਸੰਸਾਰ ਭਰ ਦੇ ਵਾਤਾਵਰਣ ਪ੍ਰੇਮੀ ਮੌਸਮਾਂ ਦੀ ਤਬਦੀਲੀ, ਵਾਤਾਵਰਣ ਦੇ ਗਰਮ ਹੋਣ, ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣ ਅਤੇ ਇਸ ਪਾਣੀ ਵਿੱਚ ਫੈਕਟਰੀਆਂ ਦੇ ਜ਼ਹਿਰੀਲੇ ਪਦਾਰਥਾਂ ਦੇ ਮਿਲਣ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋਣ ਕਾਰਨ ਨੀਵੇਂ ਇਲਾਕਿਆਂ ਦੇ ਡੁੱਬ ਜਾਣ ਦੇ ਖਤਰਿਆਂ ਤੋਂ ਚਿੰਤਿਤ ਹਨ ਅਤੇ ਲੋਕਾਂ ਦਾ ਧਿਆਨ ਇਨ੍ਹਾਂ ਸਮੱਸਿਆਵਾਂ ਵੱਲ ਖਿੱਚ ਰਹੇ ਹਨ। ਵਾਤਾਵਰਣ ਪ੍ਰੇਮੀ ਸੰਸਾਰ ਵਿੱਚ ਲੱਗ ਰਹੀਆਂ ਜੰਗਾਂ ਵਿੱਚ ਬਲਣ ਵਾਲੇ ਬਰੂਦ ਤੋਂ ਪੈਦਾ ਹੋ ਰਹੀ ਗਰਮੀ ਅਤੇ ਹਵਾ ਵਿੱਚ ਮਿਲਣ ਵਾਲੇ ਜ਼ਹਿਰੀਲੇ ਪਦਾਰਥਾਂ ਤੋਂ ਵੀ ਚਿੰਤਿਤ ਹਨ। ਇਸ ਸਾਰੇ ਕੁਝ ਦਾ ਕਾਰਨ ਬੇਸਮਝੀ ਤਾਂ ਥੋੜ੍ਹੀ ਜਿਹੀ ਹੈ ਪਰ ਵੱਡਾ ਕਾਰਨ ਸਰਮਾਏਦਾਰਾਨਾ ਲਾਲਚ ਹੈ। ਇਹ ਸਰਮਾਏਦਾਰਾਨਾ ਲਾਲਚ ਹੀ ਹੈ ਜਿਸ ਕਾਰਨ ਜੰਗਲਾਂ ਦੀ ਬੇਤਹਾਸ਼ਾ ਕਟਾਈ ਹੋ ਰਹੀ ਹੈ ਅਤੇ ਮੌਸਮ ਗੜਬੜਾ ਰਹੇ ਹਨ। ਇਹ ਸਰਮਾਏਦਾਰਾਨਾ ਲਾਲਚ ਹੀ ਹੈ ਕਿ ਦੂਜੇ ਦੇਸ਼ਾਂ ਦਾ ਕੱਚਾ ਤੇਲ, ਯੂਰੇਨੀਅਮ ਅਤੇ ਹੋਰ ਪਦਾਰਥਾਂ ’ਤੇ ਕਬਜ਼ਾ ਕਰਨ ਲਈ ਜਾਂ ਦੂਜੇ ਦੇਸ਼ ’ਤੇ ਹੀ ਕਬਜ਼ਾ ਕਰਨ ਲਈ ਲੋਕ ਮਾਰੂ ਜੰਗ ਛੇੜ ਦਿੱਤੀ ਜਾਂਦੀ ਹੈ। ਅਮਰੀਕਾ ਵਰਗੇ ਦੇਸ਼ ਦੀ ਵਾਰ ਇੰਡਸਟਰੀ (ਯੁੱਧ ਸਮਗਰੀ ਉਦਯੋਗ) ਜਿਹੜਾ ਕਿ ਅਰਬਾਂ ਡਾਲਰ ਦਾ ਮੁਨਾਫ਼ਾ ਕਮਾਉਂਦੀ ਹੈ, ਉਸਦੀ ਇੱਛਾ ਹੀ ਇਹ ਹੁੰਦੀ ਹੈ ਕਿ ਸੰਸਾਰ ਵਿੱਚ ਕਿਤੇ ਨਾ ਕਿਤੇ ਜੰਗ ਛਿੜੀ ਰਹੇ ਅਤੇ ਇਸਦਾ ਮਾਲ ਵਿਕਦਾ ਰਹੇ। ਅਮਰੀਕਾ ਦਾ ਕੋਈ ਵੀ ਰਾਸ਼ਟਰਪਤੀ ਇਸ ਇੱਛਾ ਦੇ ਵਿਰੁੱਧ ਨਹੀਂ ਜਾ ਸਕਦਾ। ਇਰਾਕ ਵਿੱਚ ਤਬਾਹੀ ਮਚਾਉਣ ਤੋਂ ਬਾਅਦ ਅਮਰੀਕਾ ਨੇ ਆਪਣੇ ਵਰਤੇ ਗਏ ਜੰਗੀ ਸਾਜ਼ੋ ਸਾਮਾਨ ਦੀ ਨੁਮਾਇਸ਼ ਲਾ ਦਿੱਤੀ ਸੀ, ਜਿਸ ਵਿੱਚ ਹਰ ਹਥਿਆਰ ਦੀ ਫੋਟੋ ਨਾਲ ਉਸ ਦੁਆਰਾ ਕੀਤੀ ਗਈ ਤਬਾਹੀ, ਉਸਦੀ ਦੂਰ ਤਕ ਮਾਰ ਸਮਰੱਥਾ ਅਤੇ ਮੁੱਲ ਲਿਖਿਆ ਹੋਇਆ ਸੀ ਅਤੇ ਕਈ ਦੇਸ਼ਾਂ ਨੇ ਉਹ ਹਥਿਆਰ ਖਰੀਦੇ। ਫੈਕਟਰੀਆਂ ਵੱਲੋਂ ਪੈਦਾ ਕੀਤੇ ਫਾਲਤੂ ਜ਼ਹਿਰੀਲੇ ਪਦਾਰਥ ਬਿਨਾਂ ਟ੍ਰੀਟ ਕੀਤੇ (ਪਾਣੀ ਨੂੰ ਸਾਫ ਕੀਤੇ) ਕੇਵਲ ਇਸ ਲਾਲਚ ਕਾਰਨ ਧਰਤੀ ਹੇਠ ਭੇਜੇ ਜਾ ਰਹੇ ਹਨ ਕਿ ਟਰੀਟਮੈਂਟ ਪਲਾਂਟ ਲਵਾਉਣ ਦਾ ਖਰਚਾ ਬਚਾਇਆ ਜਾ ਸਕੇ।

---

ਪਿਛਲੇ ਸਫ਼ੇ ਦਾ ਬਾਕੀ

ਨਾਲ ਹੀ ਤਾਕੀਦ ਕੀਤੀ ਗਈ ਕਿ ਹੁਣ ਯੂਨੀਵਰਸਿਟੀਆਂ ਨੂੰ ਆਪਣੇ ਵਿੱਤੀ ਸਰੋਤ ਆਪ ਜੁਟਾਉਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਵੇਲੇ ਪੰਜਾਬ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਤਾਂ ਵਿਕਾਸ ਕਰ ਰਹੀਆਂ ਹਨ, ਪਰ ਸਰਕਾਰੀ ਯੂਨੀਵਰਸਿਟੀਆਂ ਦਮ ਤੋੜ ਰਹੀਆਂ ਹਨ। ਸਪੱਸ਼ਟ ਹੈ ਕਿ ਸਰਕਾਰ ਦੀਆਂ ਨੀਤੀਆਂ ਦਾ ਸਿੱਧਾ ਅਸਰ ਸਰਕਾਰੀ ਯੂਨੀਵਰਸਿਟੀਆਂ ਦੀ ਅਕਾਦਮਿਕ ਕਾਰਜ ਪ੍ਰਣਾਲੀ ’ਤੇ ਪਿਆ। ਹੁਣ ਜਿਉਂ-ਜਿਉਂ ਨਵ-ਉਦਾਰੀਕਰਨ ਦਾ ਤਰਕ ਭਾਰੂ ਹੋ ਰਿਹਾ ਹੈ, ਤਿਉਂ-ਤਿਉਂ ਸਿੱਖਿਆ ਦਾ ਵਪਾਰੀਕਰਨ ਵੀ ਵਧ ਰਿਹਾ ਹੈ। ਵਿਦਿਆਰਥੀ ਖ਼ਪਤਕਾਰ ਬਣਦੇ ਜਾ ਰਹੇ ਹਨ ਅਤੇ ਅਧਿਆਪਕ ਮਹਿਜ਼ ਸੇਵਾ ਪ੍ਰਦਾਨ ਕਰਨ ਵਾਲੀ ਮਸ਼ੀਨ ਬਣਦੇ ਜਾ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਦਾ ਮੌਜੂਦਾ ਸੰਕਟ ਵੀ ਅਸਲ ਵਿੱਚ ਵਿੱਤੀ ਸੰਕਟ ਹੈ। ਕਿਸੇ ਵੇਲੇ ਯੂਨੀਵਰਸਿਟੀ ਨੂੰ 95 ਫ਼ੀਸਦੀ ਗ੍ਰਾਂਟ ਮਿਲਦੀ ਸੀ, ਜੋ ਕਿ ਹੁਣ ਘਟ ਕੇ ਨਾਂ-ਮਾਤਰ ਹੀ ਰਹਿ ਗਈ ਹੈ। ਸਰਕਾਰਾਂ ਨੇ ਹੁਣ ਸਿੱਖਿਆ ਅਤੇ ਸਿਹਤ ਜਿਹੇ ਮਹੱਤਵਪੂਰਨ ਖੇਤਰਾਂ ਤੋਂ ਪਾਸਾ ਵੱਟ ਲਿਆ ਹੈ। ਹਰ ਸਾਲ ਯੂਨੀਵਰਸਿਟੀ ਦੀ ਵਿੱਤ ਕਮੇਟੀ ਕਰੋੜਾਂ ਰੁਪਏ ਦੇ ਘਾਟੇ ਵਾਲਾ ਬਜਟ ਪਾਸ ਕਰਦੀ ਹੈ। ਸਰਕਾਰਾਂ ਦੀ ਇਸ ਅਣਦੇਖੀ ਕਾਰਨ ਇਸ ਯੂਨੀਵਰਸਿਟੀ ਵਿੱਚ ਪ੍ਰਸ਼ਾਸਨਿਕ, ਅਕਾਦਮਿਕ ਅਤੇ ਵਿੱਤੀ ਪ੍ਰਬੰਧ ਚਲਾਉਣਾ ਮੁਸ਼ਕਿਲ ਹੋ ਚੁੱਕਾ ਹੈ। ਵਿੱਤੀ ਸੰਕਟ ਕਾਰਨ ਸਾਰੇ ਹੀ ਵਿਭਾਗਾਂ ਦੇ ਖੋਜ ਅਤੇ ਅਕਾਦਮਿਕ ਕਾਰਜ ਰੁਕੇ ਹੋਏ ਹਨ। ਲੰਮੇ ਸਮੇਂ ਤੋਂ ਖਾਲੀ ਪਈਆਂ ਅਧਿਆਪਨ ਖੇਤਰ ਦੀਆਂ ਅਸਾਮੀਆਂ ਕਾਰਨ ਇਲਮ ਦੀ ਆਭਾ ਅਤੇ ਅਕਾਦਮਿਕਤਾ ਸਹਿਜੇ-ਸਹਿਜੇ ਗੁਆਚ ਰਹੀ ਹੈ। ਪ੍ਰਤਿਭਾਮਈ ਖੋਜ ਦੇ ਮਿਆਰ ਲਗਾਤਾਰ ਡਿੱਗਦੇ ਜਾ ਰਹੇ ਹਨ। ਲੱਖਾਂ ਵਿਦਿਆਰਥੀਆਂ ਨੂੰ ਪੰਜਾਬੀਅਤ ਦਾ ਪਾਠ ਪੜ੍ਹਾ ਚੁੱਕੀ ਇਹ ਯੂਨੀਵਰਸਿਟੀ ਹੁਣ ਆਪਣੇ ਮੁੱਖ ਉਦੇਸ਼ ਤੋਂ ਥਿੜਕ ਰਹੀ ਹੈ।

ਦੂਸਰਾ ਇਸ ਯੂਨੀਵਰਸਿਟੀ ਵਿੱਚ ਬੇਲੋੜੀ ਸਿਆਸੀ ਦਖ਼ਲਅੰਦਾਜ਼ੀ ਕਾਰਨ ਗ਼ੈਰ-ਮਿਆਰੀ ਭਰਤੀ ਵੀ ਹੋਈ ਹੈ। ਯੂਨੀਵਰਸਿਟੀ ਹਰਗਿਜ਼ ਨੌਕਰੀ ਦੇਣ ਵਾਲੀ ਸੰਸਥਾ ਨਹੀਂ ਹੁੰਦੀ, ਸਗੋਂ ਇੱਥੇ ਤਾਂ ਵਿਦਵਤਾ ਨੂੰ ਸੱਦਾ ਦਿੱਤਾ ਜਾਂਦਾ ਹੈ। ਕਿਸੇ ਵੇਲੇ ਇਸ ਯੂਨੀਵਰਸਿਟੀ ਵਿੱਚ ਇਹ ਪਰੰਪਰਾ ਰਹੀ ਵੀ ਹੈ। ਵਾਈਸ ਚਾਂਸਲਰ ਨਿਯਮਾਂ ਦੀ ਪਾਲਣਾ ਕਰਾਉਣ ਵਾਲਾ ਕੁਸ਼ਲ ਪ੍ਰਬੰਧਕ ਅਤੇ ਬੌਧਿਕ ਸਰਪ੍ਰਸਤ ਹੁੰਦਾ ਹੈ। ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵਿੱਚ ਸਪੱਸ਼ਟ ਲਿਖਿਆ ਗਿਆ ਸੀ ਕਿ ਵਾਈਸ ਚਾਂਸਲਰ ਅਜਿਹੀ ਸ਼ਖ਼ਸੀਅਤ ਹੋਣੀ ਚਾਹੀਦੀ ਹੈ, ਜਿਸ ਅੰਦਰ ਅਕਾਦਮਿਕ ਆਜ਼ਾਦੀ ਦੀ ਸਮਰੱਥਾ ਹੋਵੇ ਅਤੇ ਸੱਚ ਨਾਲ ਖੜ੍ਹਨ ਜੁਰੱਅਤ ਹੋਵੇ। ਉਸ ਅੰਦਰ ਅਕਾਦਮਿਕ ਭਾਈਚਾਰੇ ਦੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਨ ਦੀ ਯੋਗਤਾ ਹੋਵੇ। ਇਸ ਲਈ ਇੱਥੇ ਸੁਤੰਤਰਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਵਰਗੇ ਮੂਲ ਆਦਰਸ਼ਾਂ ਉੱਤੇ ਪਹਿਰਾ ਦੇਣ ਦੀ ਲੋੜ ਹੁੰਦੀ ਹੈ। ਇਸ ਲਈ ਇਸ ਸੰਸਥਾ ਨੂੰ ਅਜਿਹਾ ਆਦਰਸ਼ ਸਿਰਜਣਾ ਪਵੇਗਾ, ਜੋ ਪ੍ਰਸ਼ਾਸਨਿਕ ਅਤੇ ਅਕਾਦਮਿਕ ਪ੍ਰਤੀਬੱਧਤਾ ਨੂੰ ਇੱਕ ਸੂਤਰ ਵਿੱਚ ਸੂਤਰਬੱਧ ਕਰੇ।

ਤੀਸਰਾ ਇਸ ਵੇਲੇ ਪੰਜਾਬੀ ਯੂਨੀਵਰਸਿਟੀ (ਮੁਲਕ ਦੀਆਂ ਹੋਰਨਾਂ ਯੂਨੀਵਰਸਿਟੀਆਂ ਸਮੇਤ) ਕੌਮੀ ਸਿੱਖਿਆ ਨੀਤੀ 2020 ਦੇ ਰੂ-ਬ-ਰੂ ਹੈ। ਨਵੀਂ ਸਿੱਖਿਆ ਨੀਤੀ ਬਹੁ-ਅਨੁਸ਼ਾਸਨੀ ਕੋਰਸਾਂ ਦੀ ਵਕਾਲਤ ਕਰਦੀ ਹੈ। ਇਸ ਨੀਤੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਕੋਰਸਾਂ ਨੂੰ ਅੰਤਰ-ਅਨੁਸ਼ਾਸਨੀ ਅਤੇ ਬਹੁ-ਅਨੁਸ਼ਾਸਨੀ ਬਣਾਇਆ ਜਾ ਰਿਹਾ ਹੈ, ਪਰ ਪੰਜਾਬੀ ਯੂਨੀਵਰਸਿਟੀ ਦੀਆਂ ਫੈਕਲਟੀਆਂ ਦਾ ਢਾਂਚਾ ਇੱਕ-ਅਨੁਸ਼ਾਸਨੀ ਹੈ। ਇਸ ਢਾਂਚੇ ਤਹਿਤ ਵੱਖ-ਵੱਖ ਵਿਭਾਗ ਜੋ ਕੋਰਸ ਪੜ੍ਹਾਉਂਦੇ ਹਨ ਉਨ੍ਹਾਂ ਦੀ ਪ੍ਰਕਿਰਤੀ ਵੀ ਇਕਾਂਗੀ ਹੈ, ਜਿਸ ਤਹਿਤ ਡਿਗਰੀ ਲੈਣ ਵਾਲੇ ਵਿਦਿਆਰਥੀ ਕਈ ਸਾਲ ਲਾ ਕੇ ਵੀ ਬਹੁ-ਅਨੁਸ਼ਾਸਨੀ ਨਹੀਂ ਬਣ ਸਕਦੇ। ਇਸ ਲਈ ਹੁਣ ਇਹ ਵੀ ਜ਼ਰੂਰੀ ਹੋ ਗਿਆ ਹੈ ਕਿ ਇਸ ਯੂਨੀਵਰਸਿਟੀ ਵਿੱਚ ਸਥਾਪਿਤ ਇੱਕ-ਅਨੁਸ਼ਾਸਨੀ ਵਿਭਾਗਾਂ ਨੂੰ ਬਹੁ-ਅਨੁਸ਼ਾਸਨੀ ਸਕੂਲ ਬਣਾਇਆ ਜਾਵੇ। ਪੁਰਾਣੇ ਇਕਾਂਗੀ ਵਿਭਾਗਾਂ ਦੀ ਖ਼ੁਦਮੁਖ਼ਤਾਰੀ ਦੀ ਨਵੀਂ ਪਰਿਭਾਸ਼ਾ ਬਣਾਈ ਜਾਵੇ। ਇਸ ਲਈ ਕੁਝ ਵਿਭਾਗਾਂ ਦਾ ਕੇਂਦਰੀਕਰਨ ਕਰਨਾ ਪਵੇਗਾ। ਬੇਸ਼ੱਕ ਅਜੋਕੇ ਗਿਆਨ, ਵਿਗਿਆਨ ਤੇ ਤਕਨਾਲੋਜੀ ਦੀ ਤੇਜ਼-ਤੱਰਾਰ ਤਰੱਕੀ ਨਾਲ ਨਵੇਂ ਗਤੀਸ਼ੀਲ ਕੋਰਸ ਉਲੀਕਣੇ ਵੇਲੇ ਦੀ ਵੱਡੀ ਲੋੜ ਹੈ, ਪਰ ਆਲਮੀ ਅਕਾਦਮਿਕ ਮਿਆਰਾਂ ਨੂੰ ਪੰਜਾਬ ਦੀ ਗਿਆਨ ਪਰੰਪਰਾ ਨਾਲ ਜੋੜਨ ਦੀ ਵੀ ਲੋੜ ਹੈ, ਜੋ ਸਿੱਖਿਆ ਨੂੰ ਸਿਰਫ਼ ਰੁਜ਼ਗਾਰ ਦੇ ਸਾਧਨ ਵਜੋਂ ਨਹੀਂ ਸਗੋਂ ਮਨੁੱਖੀ ਆਜ਼ਾਦੀ ਅਤੇ ਜਮਹੂਰੀਅਤ ਦੀ ਸੁਰਜੀਤੀ ਵਜੋਂ ਤਸੱਵਰ ਕਰਦੀ ਹੈ। ਇਸ ਸਥਿਤੀ ਵਿੱਚ ਪੰਜਾਬੀ ਯੂਨੀਵਰਸਿਟੀ ਨੂੰ ਆਪਣੀ ਵਿਰਾਸਤੀ ਬੌਧਿਕ ਪਰੰਪਰਾ ਅਨੁਕੂਲ ਇਸ ਵਿੱਚੋਂ ਐਸੇ ਰਾਹ ਲੱਭਣੇ ਪੈਣਗੇ, ਜਿੱਥੇ ਸਾਇੰਸ ਅਤੇ ਕਲਾਵਾਂ ਦੇ ਅਨੁਸ਼ਾਸਨਾਂ ਦਾ ਸੁਮੇਲ ਹੋਵੇ। ਸਹੀ ਅਰਥਾਂ ਵਿੱਚ ਬਹੁ-ਅਨੁਸ਼ਾਸਨੀ ਹੋਣਾ ਸਿਰਫ਼ ਵਿਸ਼ਿਆਂ ਦਾ ਮਿਸ਼ਰਣ ਨਹੀਂ ਸਗੋਂ ਗਿਆਨ-ਪ੍ਰਣਾਲੀਆਂ ਦਾ ਪਰਸਪਰ ਸੰਵਾਦ ਹੁੰਦਾ ਹੈ ਤਾਂ ਕਿ ਵਿਗਿਆਨ ਤੇ ਤਕਨਾਲੋਜੀ ਦਾ ਵਿਦਿਆਰਥੀ ਕਲਾ ਦੀ ਕਲਪਨਾ ਸ਼ਕਤੀ ਨੂੰ ਸਮਝਣ ਦੀ ਸਮਰੱਥਾ ਹਾਸਲ ਕਰੇ ਪਰ ਪੰਜਾਬੀ ਵਿਕਾਸ ਦਾ ਫੋਕਸ ਵੀ ਗੁਆਚਣਾ ਨਹੀਂ ਚਾਹੀਦਾ।





# ਕਿਵੇਂ ਬਣਿਆ ਪੈਰਾਸ਼ੂਟ ?

ਤੁਸੀਂ ਸਾਰਿਆਂ ਨੇ ਫਿਲਮਾਂ ਵਿਚ ਪੈਰਾਸ਼ੂਟ ਲਾ ਕੇ ਲੋਕਾਂ ਨੂੰ ਜਹਾਜ਼ ਤੋਂ ਛਾਲ ਮਾਰਦਿਆਂ ਜ਼ਰੂਰ ਦੇਖਿਆ ਹੋਵੇਗਾ। ਅੱਜ-ਕੱਲ੍ਹ ਆਸਮਾਨ 'ਚ ਉਡਣ, ਭਾਵ ਸਕਾਈ ਫਲਾਇੰਗ ਲਈ ਵੀ ਪੈਰਾਸ਼ੂਟ ਦਾ ਇਸਤੇਮਾਲ ਹੁੰਦਾ ਹੈ। ਪੈਰਾਸ਼ੂਟ ਅਮਰਜੈਂਸੀ ਦੌਰਾਨ ਆਸਮਾਨ ਤੋਂ ਹੇਠਾਂ ਆਉਣ ਦਾ ਇਕ ਸੌਖਾ ਤੇ ਸੁਰੱਖਿਅਤ ਸਾਧਨ ਹੈ। ਇਹ ਹਲਕਾ ਹੁੰਦਾ ਹੈ ਅਤੇ ਇਸ ਦੀ ਵਰਤੋਂ ਕਰਨੀ ਵੀ ਸੌਖੀ ਹੈ। ਮੰਨਿਆ ਜਾਂਦਾ ਹੈ ਕਿ ਪੈਰਾਸ਼ੂਟ ਦੀ ਖੋਜ ਗੁਬਾਰੇ ਦੀ ਖੋਜ ਮੌਕੇ ਹੀ ਹੋਈ ਸੀ।

ਪੈਰਾਸ਼ੂਟ ਆਸਮਾਨ ਤੋਂ ਜ਼ਮੀਨ ਤਕ ਆਸਾਨੀ ਨਾਲ ਕਿਸੇ ਨੂੰ ਬਹੁਤ ਘੱਟ ਸਮੇਂ ਵਿਚ ਉਤਾਰ ਦਿੰਦਾ ਹੈ। ਪੈਰਾਸ਼ੂਟ ਦਾ ਇਸਤੇਮਾਲ ਹਵਾਈ ਸੈਨਾ ਵੱਲੋਂ ਤੇ ਕਿਸੇ ਅਮਰਜੈਂਸੀ ਹਾਲਤ 'ਚ ਕੀਤਾ ਜਾਂਦਾ ਹੈ। ਆਮ ਤੌਰ 'ਤੇ ਜਿੱਥੇ ਜਹਾਜ਼ ਨਹੀਂ ਪਹੁੰਚ ਸਕਦਾ, ਉਥੇ ਪੈਰਾਸ਼ੂਟ ਦੀ ਮਦਦ ਨਾਲ ਸੈਨਿਕ ਆਸਾਨੀ ਨਾਲ ਪਹੁੰਚ ਜਾਂਦੇ ਹਨ।

### ਸਭ ਤੋਂ ਪਹਿਲਾ ਪੈਰਾਸ਼ੂਟ

ਦੁਨੀਆ ਵਿਚ ਸਭ ਤੋਂ ਪਹਿਲਾ ਪੈਰਾਸ਼ੂਟ ਬਣਾਉਣ ਦਾ ਮਾਣ ਫਰਾਂਸੀਸੀ ਨਾਗਰਿਕ ਲੁਈ ਸੇਬਾਸੀਤਿਅਨ ਲੇਨੋਮਰੇ ਨੂੰ ਜਾਂਦਾ ਹੈ। ਉਸ ਨੇ 1783 ਵਿਚ ਇਸ ਨੂੰ ਪਹਿਲੀ ਵਾਰ ਜਨਤਕ ਕੀਤਾ ਸੀ। ਹਾਲਾਂਕਿ 15ਵੀਂ ਸਦੀ ਦੌਰਾਨ ਲਿਓਨਾਦਰੋ-ਦਿ-ਵਿੰਚੀ ਨੇ ਸਭ ਤੋਂ ਪਹਿਲਾਂ ਪੈਰਾਸ਼ੂਟ ਦੀ ਕਲਪਨਾ ਕਰਦਿਆਂ ਰੇਖਾ ਚਿੱਤਰ ਵੀ ਤਿਆਰ ਕੀਤਾ ਸੀ। ਵਿੰਚੀ ਦੇ ਇਸ ਡਿਜ਼ਾਈਨ ਤੋਂ ਪ੍ਰੇਰਨਾ ਲੈ ਕੇ ਫੌਸਟ ਬ੍ਰਾਂਸਿਸ ਨੇ 1617 ਵਿਚ ਇਕ ਸਖ਼ਤ ਫਰੇਮ ਵਾਲਾ ਪੈਰਾਸ਼ੂਟ ਪਹਿਨ ਕੇ ਨੈਨਿਸ ਟਾਵਰ ਤੋਂ ਛਾਲ ਮਾਰੀ ਸੀ। ਉਨ੍ਹਾਂ ਨੇ ਆਪਣੇ ਇਸ ਪੈਰਾਸ਼ੂਟ ਨੂੰ 'ਹੋਮੋ ਵੋਲਸ' ਨਾਂ ਦਿੱਤਾ ਸੀ। ਹਾਲਾਂਕਿ ਅਮਰਜੈਂਸੀ ਦੌਰਾਨ ਪੈਰਾਸ਼ੂਟ ਦੀ ਵਰਤੋਂ ਪਹਿਲੀ ਵਾਰ ਫਰਾਂਸੀਸੀ ਨਾਗਰਿਕ ਪਿਯਰੇ ਬਲਾਚਾਰਡ ਨੇ ਕੀਤਾ ਸੀ, ਜਿਸ ਨੇ ਉਚਾਈ ਤੋਂ ਇਕ ਹਾਟ ਏਅਰ ਬੈਗ ਨਾਲ ਇਕ ਕੁੱਤੇ ਨੂੰ ਪੈਰਾਸ਼ੂਟ ਨਾਲ ਬੰਨ੍ਹੀ ਹੋਈ ਟੋਕਰੀ ਜ਼ਰੀਏ ਜ਼ਮੀਨ 'ਤੇ ਉਤਾਰਿਆ ਸੀ।

### ਯੁੱਧ ਦੌਰਾਨ ਕੰਮ ਆਇਆ ਪੈਰਾਸ਼ੂਟ

ਪੈਰਾਸ਼ੂਟ ਦੀ ਅਸਲੀ ਅਹਿਮੀਅਤ ਦੂਸਰੇ ਵਿਸ਼ਵ ਯੁੱਧ ਦੌਰਾਨ ਪਤਾ ਲੱਗੀ, ਜਦੋਂ ਸਿਰਫ਼ ਜ਼ਮੀਨ ਤੋਂ ਹਮਲਾ ਕਰਨਾ ਹੀ ਕਾਫ਼ੀ ਨਹੀਂ ਸੀ। ਅਮਰੀਕੀ ਫ਼ੌਜ ਪੈਰਾਸ਼ੂਟ ਨੂੰ ਜਾਨ ਬਚਾਉਣ ਅਤੇ ਆਪਣੇ ਫ਼ੌਜੀਆਂ ਨੂੰ ਕਿਤੇ ਪਹੁੰਚਾਉਣ ਲਈ ਇਸਤੇਮਾਲ ਕਰਨਾ ਚਾਹੁੰਦੀ ਸੀ। ਜਦੋਂ ਦੂਸਰਾ ਵਿਸ਼ਵ ਯੁੱਧ ਸ਼ੁਰੂ ਹੋਇਆ ਤਾਂ ਅਮਰੀਕੀ ਫ਼ੌਜ ਨੇ ਇਸ ਤਰਕੀਬ ਨੂੰ ਅਪਨਾਉਣ ਬਾਰੇ ਸੋਚਿਆ। ਉਨ੍ਹਾਂ ਨੇ ਏਅਰਬੋਰਨ ਨਾਮਕ ਪਤੰਗ ਬਣਾਉਣਾ ਸ਼ੁਰੂ ਕਰ ਦਿੱਤਾ। 1942 ਤਕ ਉਨ੍ਹਾਂ ਨੇ ਇਕ ਕਾਰਗਰ ਪਤੰਗ ਤਿਆਰ ਕੀਤੀ। ਉਨ੍ਹਾਂ ਦਾ ਪਹਿਲਾ ਮਿਸ਼ਨ ਇਟਲੀ ਦੇ ਸਿਸਿਲੀ ਟਾਪੂ ਸਨ ਅਤੇ ਫਿਰ ਜਰਮਨ ਪਾਸੋਂ ਕਬਜ਼ਾ ਵਾਪਸ ਲੈਣਾ। ਇਸ ਦੌਰਾਨ ਹੀ ਪੈਰਾਸ਼ੂਟ ਨੇ ਜੰਗ ਵਿਚ ਆਪਣੀ ਅਹਿਮੀਅਤ ਸਿੱਧ ਕੀਤੀ।

### ਜਾਰੀ ਰਹੇ ਸੁਧਾਰ

ਬਲਾਚਾਰਡ ਨੇ ਪਹਿਲੀ ਵਾਰ ਸਿਲਕ ਦੇ ਕੱਪੜੇ ਨਾਲ ਪੈਰਾਸ਼ੂਟ ਤਿਆਰ ਕੀਤਾ। ਇਸ ਦਾ ਇਸਤੇਮਾਲ ਕਰਨਾ ਸੌਖਾ ਸੀ। 1797 ਵਿਚ ਫਰਾਂਸ ਦੇ ਆਂਦਰੇ ਗਾਨੇਰਿਨ ਨੇ ਪਹਿਲੀ ਵਾਰ ਇਸ ਤਰ੍ਹਾਂ ਦੇ ਪੈਰਾਸ਼ੂਟ ਜ਼ਰੀਏ ਸਫਲ ਜੰਪ ਨੂੰ ਅੰਜਾਮ ਦਿੱਤਾ। ਗਾਨੇਰਿਨ ਨੇ ਇਸ ਵਿਚ ਕੁਝ ਸੁਧਾਰ ਕੀਤੇ ਅਤੇ ਛੇਕਾਂ ਵਾਲਾ ਪੈਰਾਸ਼ੂਟ ਹੋਂਦ 'ਚ ਆਇਆ।

### ਪੈਰਾਸ਼ੂਟ ਦਾ ਵਿਗਿਆਨ

ਡਿਗਦੀ ਹੋਈ ਚੀਜ਼ ਉੱਪਰ ਦੋ ਪ੍ਰਕਾਰ ਦੇ ਬਲ ਇਕੋ ਵੇਲੇ ਕੰਮ ਕਰਦੇ ਹਨ। ਇਕ ਧਰਤੀ ਦਾ ਗੁਰੂਤਾਕਰਸ਼ਣ ਬਲ ਤੇ ਦੂਸਰਾ ਹਵਾ ਦਾ ਪ੍ਰਤੀਰੋਧ ਬਲ। ਗੁਰੂਤਾਕਰਸ਼ਣ ਬਲ ਉਸ ਚੀਜ਼ ਨੂੰ ਬਹੁਤ ਤੇਜ਼ੀ ਨਾਲ ਹੇਠਾਂ ਖਿੱਚਦਾ ਹੈ ਅਤੇ ਹਵਾ ਦਾ ਪ੍ਰਤੀਰੋਧ ਉਸ ਨੂੰ ਡਿਗਣ ਤੋਂ ਰੋਕਦਾ ਹੈ। ਖ਼ਾਸ ਗੱਲ ਇਹ ਹੈ ਕਿ ਡਿੱਗਣ ਵਾਲੀ ਚੀਜ਼ ਦਾ ਵੇਗ ਵਧਣ ਨਾਲ ਹਵਾ ਦਾ ਪ੍ਰਤੀਰੋਧ ਵੀ ਵਧਦਾ ਜਾਂਦਾ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਅਮਰਜੈਂਸੀ 'ਚ ਕੰਮ ਆਉਣ ਵਾਲੇ ਐਪਸ

*ਕਈ ਵਾਰ ਅਜਿਹਾ ਹੁੰਦਾ ਹੈ ਕਿ ਜਦੋਂ ਤੁਹਾਨੂੰ ਮਦਦ ਦੀ ਜ਼ਰੂਰਤ ਹੋਵੇ ਤਾਂ ਤੁਹਾਡੇ ਆਸ-ਪਾਸ ਕੋਈ ਨਹੀਂ ਹੁੰਦਾ। ਅਜਿਹੇ 'ਚ ਤੁਸੀਂ ਆਪਣੇ ਮੋਬਾਈਲ ਦੀ ਮਦਦ ਲੈ ਸਕਦੇ ਹੋ। ਗੂਗਲ ਪਲੇਅ ਸਟੋਰ 'ਤੇ ਕਈ ਅਜਿਹੇ ਐਪਸ ਉਪਲੱਬਧ ਹਨ, ਜਿਨ੍ਹਾਂ ਦੀ ਵਰਤੋਂ ਤੁਸੀਂ ਅਮਰਜੈਂਸੀ ਵੇਲੇ ਕਰ ਸਕਦੇ ਹੋ। ਆਓ, ਜਾਣਦੇ ਹਾਂ ਅਜਿਹੇ ਹੀ ਕੁਝ ਐਪਸ ਬਾਰੇ :*

### ਆਈ ਆਨ ਮੀ ਐਪ

ਇਹ ਐਪ ਪਰਿਵਾਰ ਦੇ ਮੈਂਬਰਾਂ ਤੇ ਦੋਸਤਾਂ ਲਈ ਬਣਾਇਆ ਗਿਆ ਹੈ, ਜੋ ਘਰ ਤੋਂ ਬਾਹਰ ਰਹਿ ਕੇ ਪੜ੍ਹਾਈ ਜਾਂ ਨੌਕਰੀ ਕਰ ਰਹੇ ਹਨ। ਜੇ ਕੋਈ ਯੂਜ਼ਰ ਐਪ ਦਾ ਜਵਾਬ ਨਾ ਦੇ ਰਿਹਾ ਹੋਵੇ ਤਾਂ ਇਹ ਆਪਣੇ ਆਪ ਹੀ ਦੂਸਰੇ ਯੂਜ਼ਰ ਨੂੰ ਸੂਚਿਤ ਕਰ ਦੇਵੇਗਾ, ਜਿਸ ਲਈ ਕੋਈ ਵੀ ਬਟਨ ਦਬਾਉਣ ਦੀ ਜ਼ਰੂਰਤ ਨਹੀਂ ਪਵੇਗੀ। ਇਸ ਐਪ 'ਚ ਤੁਸੀਂ ਆਪਣਾ ਸ਼ਡਿਊਲ ਬਣਾ ਸਕਦੇ ਹੋ ਤੇ ਸੈਟਿੰਗ ਕਰਨ 'ਤੇ ਇਹ ਐਪ ਤੁਹਾਨੂੰ ਹਰ ਘੰਟੇ ਬਾਅਦ ਪੁੱਛਦਾ ਹੈ ਕਿ ਤੁਸੀਂ ਠੀਕ ਹੋ?

### ਫੋਲੋ ਮੀ ਐਪ

ਜੀਪੀਐੱਸ ਟ੍ਰੈਕਿੰਗ 'ਤੇ ਕੰਮ ਕਰਨ ਵਾਲਾ ਇਹ ਐਪ ਯੂਜ਼ਰ ਦੀ ਲਾਈਵ ਸਥਿਤੀ ਦੱਸਦਾ ਹੈ। ਇਸ ਦੀ ਮਦਦ ਨਾਲ ਤੁਹਾਡੇ ਪੇਰੈਂਟਸ ਤੁਹਾਡੀ ਲਾਈਵ ਲੋਕੇਸ਼ਨ ਦੇਖ ਸਕਦੇ ਹਨ ਕਿ ਤੁਸੀਂ ਇਸ ਸਮੇਂ ਕਿੱਥੇ ਹੋ। ਜਦੋਂ ਤੁਸੀਂ ਸੁਰੱਖਿਅਤ ਘਰ ਪਹੁੰਚ ਜਾਂਦੇ ਹੋ ਤਾਂ ਇਹ ਐਪ ਤੁਹਾਡੇ ਮਾਪਿਆਂ ਨੂੰ ਇਸ ਦੀ ਸੂਚਨਾ ਦੇ ਦਿੰਦਾ ਹੈ।

### ਇੰਡੀਅਨ ਪੁਲਿਸ ਐਪ

ਇੰਡੀਅਨ ਪੁਲਿਸ ਐਪ ਜ਼ਰੀਏ ਕਾਨੂੰਨ ਅਤੇ ਜਨਤਕ ਸੁਰੱਖਿਆ ਸੇਵਾਵਾਂ ਤੁਹਾਡੀਆਂ ਉਂਗਲੀਆਂ 'ਤੇ ਉਪਲੱਬਧ ਹੋਣਗੀਆਂ। ਇੰਡੀਅਨ ਪੁਲਿਸ ਐਪ ਨੂੰ ਲੋਕਾਂ ਨੂੰ ਲੋਕਲ ਪੁਲਿਸ ਨਾਲ ਜੋੜਨ ਲਈ ਬਣਾਇਆ ਗਿਆ ਹੈ, ਜਿਸ ਨਾਲ ਜ਼ਿਆਦਾ ਤੋਂ ਜ਼ਿਆਦਾ ਲੋਕ ਸਮਾਰਟਫੋਨ ਦੀ ਸਹਾਇਤਾ ਨਾਲ ਪੁਲਿਸ ਦੀ ਸਹਾਇਤਾ ਲੈ ਸਕਣ।



### ਟਾਈਮਰ ਅਲਾਰਮ

ਨਿਸ਼ਚਿਤ ਸਮੇਂ ਵਿਚ ਕੋਈ ਕੰਮ ਕਰਨ ਅਤੇ ਉਸ ਨੂੰ ਯਾਦ ਦਿਵਾਉਣ ਲਈ ਇਹ ਐਪ ਕੰਮ ਆਉਂਦਾ ਹੈ। ਤੁਸੀਂ ਇਸ ਐਪ 'ਚ ਅਲਾਰਮ ਸੈੱਟ ਕਰ ਦਿਓ। ਉਸ ਤੋਂ ਬਾਅਦ ਠੀਕ ਉਸੇ ਸਮੇਂ 'ਤੇ ਇਹ ਤੁਹਾਡੇ ਮਾਪਿਆਂ ਨੂੰ ਮੈਸੇਜ ਭੇਜ ਦਿੰਦਾ ਹੈ। ਜੇ ਤੁਸੀਂ ਸਵੇਰੇ ਸੈਰ 'ਤੇ ਜਾ ਰਹੇ ਹੋ ਜਾਂ ਸ਼ਾਮ ਨੂੰ ਟਹਿਲਣ ਜਾਂਦੇ ਹੋ ਤਾਂ ਉਸ ਸਮੇਂ ਕਿਸੇ ਅਨਹੋਣੀ ਤੋਂ ਬਚਣ ਲਈ ਇਹ ਐਪ ਤੁਹਾਡੇ ਲਈ ਮਦਦਗਾਰ ਸਿੱਧ ਹੋ ਸਕਦਾ ਹੈ।

**ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?**




ਉੱਤਰ : ਕੈਮਰਾ, ਚੂਹੇ ਦੀ ਉਂਗਲੀ, ਭਾਲੂ ਦੇ ਭਰਵੱਟੇ ਅਤੇ ਮਗਰਮੱਛ ਦੀ ਐਨਕ, ਪੇਪਰ ਅਤੇ ਕਮੀਜ਼।

# ਪੰਜਾਬ ਦੀ ਜਵਾਨੀ ਲਈ ਆਪਣੀ ਧਰਤੀ ਬੇਗ਼ਾਨੀ ਕਿਉਂ?

**ਲਿਖਤ : ਵਰਿੰਦਰ ਸਿੰਘ ਨਿਮਾਣਾ**
**ਮੋਬਾਈਲ : 70877-87700**

ਕਿਸੇ ਵੇਲੇ ਦੇਸ਼ ਦੇ ਸਭ ਤੋਂ ਖ਼ੁਸ਼ਹਾਲ 'ਤੇ ਜ਼ਰਖੇਜ਼ ਮਿੱਟੀ ਦੇ ਮਾਲਕ ਤੇ ਪੰਜ ਦਰਿਆਵਾਂ ਦੇ ਦੇਸ਼ ਰਹੇ ਪੰਜਾਬ ਵਿਚਲੇ ਅੱਲੜ੍ਹ ਉਮਰਾਂ ਨੂੰ ਪਹੁੰਚੇ ਜਵਾਨ ਅੱਜ ਪੱਛਮੀ ਮੁਲਕਾਂ 'ਚ ਜਾ ਵਸਣ ਦੇ ਹਿਜਰਤਕਾਰੀ ਵਰਤਾਰੇ ਦਾ ਤੇਜ਼ੀ ਨਾਲ ਹਿੱਸਾ ਬਣ ਰਹੇ ਹਨ। ਪੰਜਾਬ 'ਚੋਂ ਹਰ ਰੋਜ਼ ਢਾਈ ਸੌ ਦੇ ਕਰੀਬ ਤੇ ਸਾਲ ਭਰ 'ਚ ਡੇਢ ਲੱਖ ਦੇ ਆਸ ਪਾਸ ਪੰਜਾਬੀ ਮੁੰਡੇ-ਕੁੜੀਆਂ ਦਾ ਪੱਛਮੀ ਮੁਲਕਾਂ ਲਈ ਜਹਾਜ਼ਾਂ ਰਾਹੀਂ ਉਡਾਰੀਆਂ ਭਰਨਾ ਸੂਬੇ ਦੀ ਜਵਾਨੀ ਵਲੋਂ ਪ੍ਰਵਾਸ ਕਰਨ ਦੀਆਂ ਤ੍ਰਾਸਦਿਕ ਤਸਵੀਰਾਂ ਹਨ। ਪੰਜਾਬ ਦੀ ਜਵਾਨੀ ਵਲੋਂ ਪੱਛਮੀ ਮੁਲਕਾਂ 'ਚ ਜਾ ਵੱਸਣ ਦੀ ਤਾਂਘ ਪੂਰੀ ਕਰਨ ਲਈ ਇਨ੍ਹਾਂ ਦੇਸ਼ਾਂ ਦੇ ਵਿੱਦਿਅਕ ਅਦਾਰਿਆਂ ਤੋਂ ਪੜ੍ਹਨ ਦੇ ਸਰਟੀਫਿਕੇਟ ਲੈਣ ਲਈ ਹਰ ਸਾਲ ਲੱਖਾਂ ਰੁਪਏ ਫੀਸਾਂ ਦੇ ਰੂਪ 'ਚ ਭੁਗਤਾਨ ਕਰਨਾ ਤੇ ਫਿਰ ਉਥੋਂ ਦੇ ਵਸਨੀਕ ਬਣ ਕੇ ਪੈਦਾ ਹੁੰਦੀ ਹਰ ਮੁਸ਼ਕਿਲ ਨੂੰ ਮਨ ਕਰੜਾ ਕਰਕੇ ਬਰਦਾਸ਼ਤ ਕਰਕੇ ਜ਼ਿੰਦਗੀ ਦੀ ਤੋਰ ਨੂੰ ਜਾਰੀ ਰੱਖਣ ਦਾ ਹਠ ਇਹ ਸਾਬਤ ਕਰਦਾ ਹੈ ਕਿ ਅੱਜ ਦੇ ਦੌਰ 'ਚ ਪੰਜਾਬ ਜਵਾਨੀ ਦਾ ਆਪਣੇ ਮੁਲਕ ਤੇ ਆਪਣੀ ਮਿੱਟੀ ਨਾਲੋਂ ਮੋਹ ਕਿੰਨਾ ਭੰਗ ਹੋ ਚੁੱਕਾ ਹੈ। ਪੰਜਾਬ ਦੀ ਧਰਤੀ ਨਾਲ ਡੂੰਘਾ ਮੋਹ ਰੱਖਣ ਵਾਲੇ ਚਿੰਤਕ ਤੇ ਸੂਝਵਾਨ ਲੋਕ ਸੂਬੇ ਦੀ ਹੁਨਰਮੰਦ ਨੌਜਵਾਨ ਮਾਨਵੀ ਸ਼ਕਤੀ ਦੇ ਏਨੇ ਵੱਡੇ ਪੱਧਰ 'ਤੇ ਹੋ ਰਹੇ ਪਲਾਇਨ ਨੂੰ 'ਬਰੇਨ ਡਰੇਨ' ਦਾ ਨਾਂਅ ਦੇ ਕੇ ਇਸ ਨੂੰ ਦੇਸ਼ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਵਿਕਾਸ ਲਈ ਬੇਹੱਦ ਘਾਤਕ ਦੱਸ ਰਹੇ ਹਨ। ਬਾਵਜੂਦ ਇਸ ਦੇ ਇਸ ਨਾਂਹਪੱਖੀ ਵਰਤਾਰੇ ਨੂੰ ਕੋਈ ਰੋਕ ਨਹੀਂ ਲੱਗ ਸਕੀ ਹੈ। ਆਪਣੇ ਜੁਆਕਾਂ ਦੇ ਸੁਨਹਿਰੀ ਭਵਿੱਖ ਲਈ ਫ਼ਿਕਰਮੰਦ ਮਾਪਿਆਂ ਵਲੋਂ ਆਪਣੀ ਜ਼ਿੰਦਗੀ ਭਰ ਦੀਆਂ ਕਮਾਈਆਂ ਆਪਣੇ ਜੁਆਕਾਂ ਦੀ ਜਹਾਜ਼ੇ ਚੜ੍ਹਨ ਦੀ ਤਾਂਘ ਦੇ ਲੇਖੇ ਲਾਈਆਂ ਜਾ ਰਹੀਆਂ ਹਨ। ਆਈਲੈਟਸ ਪਾਸ ਕਰਨਾ ਚੜ੍ਹਦੀ ਉਮਰ ਦੇ ਗਭਰੇਟਾਂ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਉਦੇਸ਼ ਬਣ ਕੇ ਰਹਿ ਗਿਆ ਹੈ ਤੇ ਪੜ੍ਹੇ-ਲਿਖੇ ਪਰਿਵਾਰਾਂ ਵਲੋਂ ਵੀ ਬੱਚੇ ਨੂੰ ਆਈਲੈਟਸ ਕਰਵਾ ਕਿਸੇ ਪੱਛਮੀ ਮੁਲਕ ਦੀ ਪੱਕੀ ਨਾਗਰਿਕਤਾ ਹਾਸਲ ਕਰਾਉਣੀ ਤੇ ਇੱਕ ਦੋ ਗੇੜੀਆਂ ਬਾਹਰ ਦੀਆਂ ਮਾਰ ਲੈਣੀਆਂ ਵੀ ਆਪਣੇ ਵੱਡੇ ਸਮਾਜਿਕ ਰੁਤਬੇ ਨਾਲ ਜੋੜ ਕੇ ਦੇਖਿਆ ਜਾਣ ਲੱਗ ਪਿਆ ਹੈ ਤੇ ਪੱਛਮੀ ਜ਼ਿੰਦਗੀ ਦਾ ਮਾਡਲ ਹੀ ਕਾਮਯਾਬ ਜ਼ਿੰਦਗੀ ਦਾ ਸਭ ਤੋਂ ਵੱਡਾ ਰਾਜ਼ ਮੰਨਿਆ ਜਾਣ ਲੱਗ ਪਿਆ ਹੈ। ਇਸ ਮੰਤਵ ਲਈ ਪੰਜਾਬ ਵੱਸਦੇ ਲੋਕਾਂ ਵਲੋਂ ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੀ ਵੇਚੀਆਂ ਜਾ ਰਹੀਆਂ ਹਨ ਤੇ ਰੱਬ ਦੇ ਘਰਾਂ 'ਚ ਆਪਣੇ ਪਿਉ-ਦਾਦਿਆਂ ਦੇ ਘਰਾਂ ਤੋਂ ਸਦਾ ਲਈ ਛੱਡ ਜਾਣ ਲਈ ਅਰਦਾਸਾਂ ਵੀ ਹੋ ਰਹੀਆਂ ਹਨ। ਇਨ੍ਹਾਂ ਧੀਆਂ-ਪੁੱਤਾਂ ਦੇ ਮਾਪੇ ਦਿਲ 'ਤੇ ਕਿੱਡਾ ਵੱਡਾ ਪੱਥਰ ਰੱਖ ਆਪਣੇ ਦਿਲ ਦੇ ਟੁਕੜਿਆਂ ਨੂੰ ਬੇਗਾਨੇ ਮੁਲਕਾਂ ਵੱਲ ਤੋਰ ਰਹੇ ਹਨ, ਇਸ ਦਰਦ ਦਾ ਅਹਿਸਾਸ ਤਾਂ ਰੱਬ ਹੀ ਜਾਣਦਾ ਹੋਵੇਗਾ , ਪਰ ਇਕ ਹੱਸਦੇ ਵਸਦੇ ਤੇ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਤੇ ਕੁਦਰਤੀ ਨਿਆਮਤਾਂ ਨਾਲ ਭਰਪੂਰ ਜਗ੍ਹਾ 'ਪੰਜਾਬ' ਤੋਂ ਹੀ ਉਸ ਦੇ ਵਾਰਸਾਂ ਦਾ ਏਨੀ ਵੱਡੀ ਪੱਧਰ 'ਤੇ ਮੋਹ ਭੰਗ ਹੋਣਾ ਸੱਚਮੁੱਚ ਹੀ ਕਿਸੇ ਮਿਹਣੇ ਤੋਂ ਘੱਟ ਨਹੀਂ ਕਿਹਾ ਜਾ ਸਕਦਾ।

ਪੰਜਾਬੀ ਕਵਿਤਰੀ ਸਰਬਜੀਤ ਕੌਰ ਜੱਸ ਨੇ ਇਸ ਵਰਤਾਰੇ ਨੂੰ ਇਕ ਪੰਜਾਬੀ ਬੋਲੀ ਰਾਹੀ ਇੰਝ ਬਿਆਨ ਕੀਤਾ ਹੈ :

'ਗੁਠਾ ਬਾਪੂ ਦਾ ਹਵਾਈ ਅੱਡਾ ਬਣਿਆ,
ਪੁੱਤਾਂ ਦੇ ਜਹਾਜ਼ ਉੱਡ ਗਏ...।

ਸਮਾਜਿਕ-ਆਰਥਿਕ ਮਾਹਰ ਇਸ ਵਰਤਾਰੇ ਲਈ ਭਾਵੇਂ ਸੂਬੇ ਦੇ ਮੁੱਖ ਕਿੱਤੇ ਖੇਤੀਬਾੜੀ 'ਚ ਆਈ ਖੜੋਤ, ਫ਼ਸਲੀ ਵਿਭਿੰਨਤਾ ਦੀ ਕਮੀ ਤੇ ਸਰਕਾਰਾਂ ਵਲੋਂ ਸਮੇਂ-ਸਮੇਂ ਸਿਰ ਜਵਾਨੀ ਲਈ ਰੋਜ਼ਗਾਰ ਦੇ ਮੌਕੇ ਪੈਦਾ ਨਾ ਕਰ ਸਕਣਾ ਦੱਸਦੇ ਹੋਣ, ਪਰ ਸੂਬੇ ਦੇ ਨਵੇਂ ਪੋਚ ਦੇ ਮਨਾਂ ਅੰਦਰ ਆਪਣੇ ਮੁਲਕ ਤੇ ਆਪਣੀ ਮਿੱਟੀ ਲਈ ਪੈਦਾ ਹੋਈ ਵੱਡੇ ਪੱਧਰ 'ਤੇ ਬੇਗਾਨਗੀ ਤੇ ਉਪਰਾਮਤਾ ਨੇ ਪੰਜਾਬ ਦੇ ਹਰ ਦਰਦਮੰਦ ਦੀ ਰੂਹ ਤੇ ਆਤਮਾ ਨੂੰ ਇਸ ਤਰ੍ਹਾਂ ਵਲੂੰਧਰ ਕੇ ਰੱਖ ਦਿੱਤਾ ਹੈ ਕਿ ਜੇ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਹੋਂਦ ਕਿਵੇਂ ਬਰਕਰਾਰ ਰਹਿ ਸਕੇਗੀ? ਪੰਜਾਬ 'ਚੋਂ ਜਵਾਨੀ ਦੇ ਹਿਜਰਤ ਕਰਨ ਵਾਲੇ ਨਾਂਹ-ਪੱਖੀ ਵਰਤਾਰੇ ਬਾਰੇ ਹਰ ਕੋਈ ਜਾਣਦਾ ਹੈ ਕਿ ਇਕ ਹੱਥਾਂ 'ਚ ਅਟੈਚੀ ਫੜ, ਪਿਉ ਦਾਦਿਆਂ ਦੇ ਘਰ ਨੂੰ ਇਕ ਵਾਰ ਅੱਖਾਂ ਭਰ ਕੇ ਉਦਾਸੀਆਂ ਨਜ਼ਰਾਂ ਨਾਲ ਨਿਹਾਰਨ, ਮਾਂ-ਪਿਓ ਦੇ ਪੈਰਾਂ ਨੂੰ ਹੱਥ ਲਾ ਕੇ ਅਣਕਿਆਸੇ ਸਫ਼ਰ ਵੱਲ ਤੁਰਨ ਵਾਲਾ ਜਵਾਨ ਜਾਂ ਮੁਟਿਆਰ ਮੁੜ ਉਸ ਘਰ ਦਾ ਸਥਾਈ ਬਾਸ਼ਿੰਦਾ ਬਣ ਕੇ ਨਹੀਂ ਬਹੁੜਿਆ, ਸਗੋਂ ਉਹ ਅਗਲੇ ਵਰ੍ਹਿਆਂ 'ਚ ਪ੍ਰਦੇਸੀਆਂ ਵਾਂਗ ਚਾਰ ਦਿਨਾਂ ਦੀ ਫੇਰੀ ਮਾਰਨ ਤੇ ਆਪਣੇ ਜੱਦੀ ਇਲਾਕੇ ਲਈ ਪ੍ਰਾਹੁਣਿਆਂ ਵਾਂਗ ਵਿਚਰਨ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਆਪਣੇ ਬਚਪਨ 'ਚ ਮਾਂ-ਪਿਓ ਦੇ ਸਿਰ 'ਤੇ ਬਾਦਸ਼ਾਹੀਆਂ ਮਾਣਨ ਵਾਲੇ ਚੋਬਰਾਂ ਤੇ ਫਿਰ ਜਵਾਨੀ ਦੀ ਦਹਿਲੀਜ਼ 'ਤੇ ਪਹੁੰਚ ਚੰਨ-ਤਾਰਿਆਂ ਨਾਲ ਬਾਤਾਂ ਪਾ ਜ਼ਿੰਦਗੀ ਨੂੰ ਹੁਸੀਨ ਤੇ ਖ਼ੂਬਸੂਰਤ ਬਣਾਉਣ ਦਾ ਸੁਪਨਾ ਦੇਖਣ ਵਾਲੀ ਪੰਜਾਬ ਦੀ ਨਵੀਂ ਪੀੜ੍ਹੀ ਵਲੋਂ ਖੁਸ਼ਹਾਲ ਮੁਲਕਾਂ ਦਾ ਰੁਖ਼ ਕਰਨ ਲਈ ਉਥੇ ਪੜ੍ਹਾਈ ਕਰਨ ਦੇ ਬਹਾਨੇ ਹੀ ਦਾਖ਼ਲਾ ਨਹੀਂ ਲਿਆ ਜਾ ਰਿਹਾ, ਬਲਕਿ ਉਨ੍ਹਾਂ ਮੁਲਕਾਂ ਤੱਕ ਪਹੰਚਣ ਲਈ ਟਰੈਵਲ ਏਜੰਸੀਆਂ ਤੇ ਏਜੰਟਾਂ ਵਲੋਂ ਹੱਥ 'ਤੇ ਸਰ੍ਹੋਂ ਜਮਾਉਣ ਵਾਲੇ ਵਾਅਦਿਆਂ 'ਤੇ ਯਕੀਨ ਕਰਕੇ ਹੱਸਦੀ-ਵਸਦੀ ਜ਼ਿੰਦਗੀ ਨੂੰ ਘੋਰ ਸੰਕਟ 'ਚ ਪਾਉਣ ਦਾ ਜੋਖ਼ਮ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਪਿਛਲੇ ਸਮੇਂ 'ਚ ਵਾਪਰੇ ਮਾਲਟਾ ਕਾਂਡ, ਪਨਾਮਾ ਕਾਂਡ ਤੇ ਮੈਕਸੀਕੋ ਦੀ ਸਰਹੱਦ 'ਤੇ ਵਾਪਰਦੇ ਖ਼ਤਰਨਾਕ ਜਾਨਲੇਵਾ ਹਾਦਸੇ ਪੰਜਾਬ ਦੀ ਰੁਲ ਰਹੀ ਜਵਾਨੀ ਦੇ ਚਸ਼ਮਦੀਦ ਗਵਾਹ ਬਣ ਚੁੱਕੇ ਹਨ।



ਪਲਾਇਨ ਕਰਨ ਦੀ ਰੁਚੀ ਨਾਲ ਸੂਬੇ 'ਚ ਕਈ ਤਰ੍ਹਾਂ ਦੇ ਸਮਾਜਿਕ , ਆਰਥਿਕ, ਸਭਿਆਚਾਰਕ ਤੇ ਇਤਿਹਾਸਕ ਵਿਗਾੜ ਸਾਹਮਣੇ ਆਉਣ ਲੱਗ ਪਏ ਹਨ। ਇਸ ਕਾਰਨ ਸੂਬੇ ਦੀ ਸਮਾਜਿਕ ਜ਼ਿੰਦਗੀ ਬੁਰੀ ਤਰ੍ਹਾਂ ਅਸਰਅੰਦਾਜ਼ ਹੋਣ ਲੱਗ ਪਈ ਹੈ। ਕਿਸੇ ਵੇਲੇ ਪੇਂਡੂ ਜ਼ਿੰਦਗੀ ਦੇ ਵਿਆਹਾਂ, ਸ਼ਾਦੀਆਂ ਤੇ ਮਰਨੇ ਪਰਨੇ ਤੇ ਹੋਰ ਸੁੱਖ ਦੁੱਖ ਦੇ ਮੌਕਿਆਂ 'ਤੇ ਜਵਾਨ ਮੁੰਡਿਆਂ ਦੀ ਬੜੀ ਅਹਿਮ ਭੂਮਿਕਾ ਹੋਇਆ ਕਰਦੀ ਸੀ, ਜਦ ਕਿ ਹੁਣ ਬਾਹਰ ਗਏ ਬੱਚਿਆਂ ਦੇ ਪਰਿਵਾਰਾਂ ਜਾਂ ਕਰੀਬੀ ਰਿਸ਼ਤੇਦਾਰਾਂ ਨੂੰ ਦਵਾ ਦਾਰੂ ਕਰਾਉਣ ਜਾਂ ਹਸਪਤਾਲਾਂ 'ਚ ਦਾਖਿਲ ਕਰਾਉਣ ਵਰਗੇ ਅਹਿਮ ਮੌਕਿਆਂ 'ਤੇ ਘਰ ਦੇ ਜੀਆਂ ਦੀ ਮੌਜੂਦਗੀ ਦੀ ਵੱਡੀ ਘਾਟ ਰੜਕਦੀ ਰਹਿੰਦੀ ਹੈ। ਪਿੰਡਾਂ 'ਚ ਕਿਸੇ ਰਿਸ਼ਤੇਦਾਰੀ ਜਾਂ ਸੱਜਣ ਮਿੱਤਰ ਦੇ ਅਫ਼ਸੋਸ ਹੋ ਜਾਣ ਦੀ ਸੂਰਤ 'ਚ ਘਰ ਦੇ ਸਿਆਣੇ ਜੀਅ ਨੂੰ ਉੱਥੇ ਲੈ ਕੇ ਜਾਣ ਵਾਲਾ ਬੰਦਾ ਨਹੀਂ ਮਿਲ ਰਿਹਾ। ਬਾਹਰ ਜਾਣ ਵਾਲੇ ਜਵਾਨਾਂ ਦੇ ਘਰਦਿਆਂ ਦਾ ਹਰ ਦੁੱਖ ਦਰਦ ਜਾਂ ਖ਼ੁਸ਼ੀ-ਗ਼ਮੀ ਵੀਡੀਓ ਕਾਲ ਜਾਂ ਫੋਨ ਦੀ ਘੰਟੀ ਦੇ ਰਹਿਮ 'ਤੇ ਨਿਰਭਰ ਹੋ ਗਿਆ ਹੈ। ਵਿਦੇਸ਼ ਗਏ ਬੰਦਿਆਂ ਦੇ ਪਰਿਵਾਰਾਂ 'ਚ ਕਿਸੇ ਜੀਅ ਦੀ ਮੌਤ ਹੋ ਜਾਣ ਦੀ ਸੂਰਤ 'ਚ ਬਹੁਤੇ ਹਾਲਾਤ 'ਚ ਨੇੜਲੇ ਜੀਅ ਵਲੋਂ ਸਕੇ ਸੰਬੰਧੀ ਦੀ ਅਰਥੀ ਨੂੰ ਮੋਢਾ ਦੇਣ ਦਾ ਫ਼ਰਜ਼ ਨਿਭਾਉਣਾ ਔਖਾ ਹੋ ਜਾਂਦਾ ਹੈ ਤੇ ਕਈ ਵਾਰ ਆਪਣੇ ਜਾਨ ਤੋਂ ਪਿਆਰੇ ਬੰਦੇ ਦੀ ਆਖਰੀ ਝਲਕ ਪਾਉਣ ਦੀ ਤਾਂਘ 'ਚ ਜਹਾਨੋਂ ਰੁਖਸਤ ਹੋਏ ਬੰਦੇ ਦਾ ਮਨੁੱਖੀ ਸਰੀਰ ਆਪਣੇ ਕਰੀਬੀ ਰਿਸ਼ਤੇਦਾਰ ਦੀ ਆਖਰੀ ਛੋਹ ਲਈ ਵੀ ਕਈ ਦਿਨ ਮੁਰਦਾ ਘਰ ਦੇ ਠੰਢੇ ਫਰਿੱਜ 'ਚ ਪਿਆ ਰਹਿੰਦਾ ਹੈ। ਇਧਰਲੇ ਰਿਸ਼ਤੇਦਾਰ ਦੇ ਜਹਾਨੋਂ ਕੂਚ ਕਰਨ ਪਿੱਛੋਂ ਵਿਦੇਸ਼ ਬੈਠੇ ਬੰਦੇ ਕੋਲ ਸਮੇਂ ਦੀ ਘਾਟ ਕਰਕੇ ਕਈ ਅਤਿ ਜ਼ਰੂਰੀ ਰਸਮਾਂ ਨੂੰ ਵੀ ਕੁਝ ਦਿਨਾਂ 'ਚ ਸਮੇਟ ਕੇ ਮਨ ਨੂੰ ਧਰਵਾਸ ਦੇ ਫਿਰ ਬਿਗਾਨੇ ਥਾਂ ਵੱਲ ਪਰਤ ਜਾਣ ਦੀਆਂ ਕਹਾਣੀਆਂ ਵੀ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਨੇ।

ਪੰਜਾਬ ਵਿਚਲੇ ਘਰਾਂ ਤੋਂ ਪੂਰੇ ਟੱਬਰਾਂ ਸਮੇਤ ਵਿਦੇਸ਼ ਵਸਣ ਵਾਲੇ ਪਰਿਵਾਰਾਂ ਦੇ ਘਰਾਂ 'ਚ ਸਵੇਰੇ ਸ਼ਾਮ ਕੋਈ ਬਲਬ ਬੱਤੀ ਤਾਂ ਜ਼ਰੂਰ ਦਿਖਾਈ ਦੇ ਜਾਂਦੀ ਹੈ, ਪਰ ਘਰਾਂ ਦੇ ਕਮਰੇ, ਵਰਾਂਡੇ, ਵਿਹੜੇ ਤੇ ਚਾਰ ਦਿਵਾਰੀਆਂ ਘਰ ਦੇ ਜੀਆਂ ਦੀ ਅਣਹੋਂਦ 'ਚ ਖ਼ਾਮੋਸ਼ੀਆਂ ਤੇ ਉਜਾੜ ਦਾ ਦਰਦ ਹੰਢਾਉਂਦੇ ਆਪਣੀ ਹੋਂਦ ਤੇ ਹੋਣੀ 'ਤੇ ਝੂਰਦੇ ਜ਼ਰੂਰ ਦਿਖਾਈ ਦਿੰਦੇ ਹਨ। ਪੰਜਾਬ ਵਿਚਲੇ ਹਜ਼ਾਰਾਂ ਮਕਾਨ ਅਜਿਹੇ ਹੋਣਗੇ, ਜਿੱਥੇ ਵਰ੍ਹੇ ਛਿਮਾਹੀ ਪਿੱਛੋਂ ਭਾੜੇ ਦੇ ਕਾਮਿਆਂ ਵਲੋਂ ਸਾਫ ਸਫਾਈ ਕਰਕੇ ਦੀਵਾਲੀ ਵਰਗੇ ਤਿਉਹਾਰ ਮੌਕੇ ਬਨੇਰਿਆਂ 'ਤੇ ਦੀਵੇ ਬਾਲਣ ਦੀ ਰਸਮ ਤਾਂ ਜ਼ਰੂਰ ਨਿਭਾਅ ਦਿੱਤੀ ਜਾਂਦੀ ਹੈ। ਬਾਹਰ ਜਾ ਵਸਣ ਵਾਲੇ ਪਰਿਵਾਰਾਂ ਦੇ ਘਰਾਂ 'ਚ ਅੱਜ ਕੱਲ੍ਹ ਜ਼ਿਆਦਾਤਰ ਯੂ. ਪੀ., ਬਿਹਾਰ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਵਲੋਂ ਹੀ ਰ ੱ ਖ - ਰਖਾਓ ਦੀ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ ਤੇ ਕਿਸਾਨੀ ਪਿਛੋਕੜ ਵਾਲੇ ਪਰਿਵਾਰਾਂ ਦੀਆਂ ਜ਼ਮੀਨਾਂ 'ਤੇ ਲੱਗੇ ਟਿਊਬਵੈੱਲਾਂ ਦੀਆਂ ਮੋਟਰਾਂ ਤੋਂ ਅਤਿ ਡੂੰਘੇ ਹੁੰਦੇ ਜਾ ਰਹੇ ਪਾਣੀ ਦੀ ਤਕਦੀਰ ਦਾ ਫ਼ੈਸਲਾ ਵੀ ਪ੍ਰਵਾਸੀ ਮਜ਼ਦੂਰਾਂ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ। ਇਕ ਪਾਸੇ ਯੂਰਪ ਦੇ ਬਹੁਤੇ ਦੇਸ਼ਾਂ ਨੇ ਆਪਣੀ ਜ਼ਮੀਨ ਹੇਠਲਾ ਪਾਣੀ ਅਜੇ ਤੱਕ ਪੀਣ ਲਈ ਵੀ ਨਹੀਂ ਵਰਤੋਂ 'ਚ ਲਿਆਂਦਾ ਤੇ ਦੂਜੇ ਪਾਸੇ ਪੰਜਾਬ ਵਰਗੇ ਕੁਦਰਤੀ ਸੋਮਿਆਂ ਨਾਲ ਭਰਪੂਰ ਖੇਤਰਾਂ 'ਚ ਸੰਜੀਦਾ ਤੇ ਜ਼ਿੰਮੇਵਾਰ ਲੋਕਾਂ ਦੀ ਘਾਟ ਕਰਕੇ ਧਰਤੀ ਹੇਠਲਾ ਪਾਣੀ ਕੁਝ ਸਾਲਾਂ ਤੱਕ ਖ਼ਤਮ ਹੋਣ ਦੀਆਂ ਚਿਤਾਵਨੀਆਂ ਆਉਣ ਲੱਗ ਪਈਆਂ ਹਨ। ਜ਼ਮੀਨਾਂ ਨੂੰ ਠੇਕੇ 'ਤੇ ਲੈ ਖੇਤੀ ਕਰਨ ਵਾਲੇ ਲੋਕਾਂ ਨੇ ਰੱਜ ਕੇ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਜ਼ਹਿਰੀਲੀਆਂ ਤੇ ਝੋਨੇ ਵਰਗੀਆਂ ਵੱਧ ਪਾਣੀ ਖਪਾਉਣ ਵਾਲੀਆਂ ਖੇਤੀ ਜਿਣਸਾਂ ਪੈਦਾ ਕਰਨ ਦੀ ਨਾਂਹ-ਪੱਖੀ ਪ੍ਰਵਿਰਤੀ ਨੂੰ ਵੀ ਜਨਮ ਦਿੱਤਾ ਹੈ।

ਪੰਜਾਬ ਦੇ ਪਿੰਡਾਂ 'ਚ ਪੰਚਾਇਤਾਂ ਤੇ ਯੂਥ ਕਲੱਬਾਂ ਵਰਗੀਆਂ ਅਤਿ ਜ਼ਰੂਰੀ ਸੰਸਥਾਵਾਂ ਨੂੰ ਸਚਾਰੂ ਢੰਗ ਨਾਲ ਚਲਾਉਣ ਲਈ ਸੁਹਿਰਦ ਤੇ ਅਗਾਂਹਵਧੂ ਲੋਕਾਂ ਦੀ ਵੱਡੇ ਪੱਧਰ 'ਤੇ ਕਮੀ ਨੇ ਸੂਬੇ ਦੇ ਰਾਜਸੀ ਸਮਾਜਿਕ ਪ੍ਰਬੰਧ ਲਈ ਵੱਡੇ ਸੁਆਲ ਖੜ੍ਹੇ ਕਰ ਦਿੱਤੇ ਹਨ। ਪਰਵਾਸ ਦੀ ਇਸ ਰੁਚੀ ਦਾ ਸਭ ਤੋਂ ਮਾਰੂ ਅਸਰ ਸੂਬੇ ਦੇ ਪ੍ਰਸ਼ਾਸ਼ਨਿਕ ਪ੍ਰਬੁੰਧ 'ਤੇ ਵੀ ਪੈ ਰਿਹਾ ਹੈ। ਕਿਸੇ ਵੇਲੇ ਦੇਸ਼ ਦੇ ਪ੍ਰਸ਼ਾਸ਼ਨਿਕ ਤੇ ਸੈਨਿਕ ਖੇਤਰਾਂ 'ਚ ਪੰਜਾਬ ਦੇ ਨੌਜਵਾਨਾਂ ਦਾ ਨਾਂਅ ਮੋਹਰੀ ਕਤਾਰਾਂ 'ਚ ਹੋਇਆ ਕਰਦਾ ਸੀ, ਪਰ ਹੁਣ ਪੰਜਾਬ ਰਾਜ ਦੇ ਵੱਖੋ-ਵੱਖਰੇ ਵਿਭਾਗਾਂ ਦੀਆਂ ਅਸਾਮੀਆਂ ਪੁਰ ਕਰਨ ਲਈ ਆਪਣੇ ਹੀ ਕੋਟੇ ਲਈ ਉਮੀਦਵਾਰ ਪੂਰੇ ਨਹੀਂ ਹੋ ਰਹੇ ਤੇ ਇਸ ਰਾਜ 'ਚ ਨੌਕਰੀ ਲਈ ਮੁਕਾਬਲਾ ਘੱਟ ਹੋਣ ਕਰਕੇ ਦੂਜੇ ਰਾਜਾਂ ਦੇ ਉਮੀਦਵਾਰ ਪੰਜਾਬ ਕੋਟੇ 'ਚੋਂ ਨੌਕਰੀਆਂ ਹਾਸਲ ਕਰ ਰਹੇ ਹਨ। ਸੂਬੇ ਦੀ ਜਵਾਨੀ ਵਲੋਂ ਇੱਥੋਂ ਪਲਾਇਨ ਕਰਨ ਦੇ ਰੁਝਾਨ ਨਾਲ ਇੱਥੋਂ ਦੀ ਸਮਾਜਿਕ-ਆਰਥਿਕ ਜ਼ਿੰਦਗੀ ਬੁਰੀ ਤਰ੍ਹਾਂ ਅਸਰ-ਅੰਦਾਜ਼ ਹੋਣ ਲੱਗੀ ਹੈ। ਪੰਜਾਬ ਦੇ ਨਵੇਂ ਪੋਚ ਵਲੋਂ ਜ਼ਿੰਦਗੀ ਦੇ ਹਰ ਮਸਲੇ ਤੇ ਖੁਸ਼ਹਾਲੀ ਦਾ ਰਾਜ਼ ਸਿਰਫ ਆਈਲੈਟਸ ਦਾ ਟੈਸਟ ਹੀ ਮੰਨ ਲਏ ਜਾਣ ਕਰਕੇ ਇਸ ਸੂਬੇ 'ਚ ਨਾ ਤਾਂ ਬੈਂਕ, ਰੇਲਵੇ, ਫ਼ੌਜ, ਆਈ. ਏ . ਐਸ. ਜਾਂ ਪੀ. ਸੀ. ਐਸ. ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਾਸਤੇ ਕੋਈ 'ਕੋਚਿੰਗ ਸੈਂਟਰਾਂ' ਦੀ ਵਿਵਸਥਾ ਹੋ ਸਕੀ ਹੈ ਤੇ ਨਾ ਹੀ ਸੂਬੇ ਦੇ ਵਿਦਿਆਰਥੀਆਂ 'ਚ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਲਈ ਕੋਈ ਰੁਚੀ ਦਿਖਾਈ ਦੇ ਰਹੀ ਹੈ। ਪਰ ਸੂਬੇ ਦੀ ਹੁਨਰਮੰਦ ਜਵਾਨੀ ਨੂੰ ਆਪਣੇ ਮੁਲਕ ਤੇ ਮਿੱਟੀ ਦੀ ਬਿਹਤਰੀ ਲਈ ਅਮਲ 'ਚ ਲਿਆਉਣ ਵਾਲਾ ਕੋਈ ਅਦਾਰਾ ਸਥਾਪਤ ਨਹੀਂ ਹੋਇਆ ਹੈ। ਪੰਜਾਬ 'ਚੋਂ ਹੁਨਰਮੰਦ ਜਵਾਨੀ ਦੇ ਜਹਾਜ਼ ਪੱਛਮੀ ਮੁਲਕਾਂ 'ਚ ਭਰ-ਭਰ ਉਡਣ ਦੇ ਵਰਤਾਰੇ ਦਾ ਸੂਬੇ ਦੀ ਸੱਭਿਆਚਾਰਕ ਤੇ ਇਤਿਹਾਸਕ ਨੁਹਾਰ 'ਤੇ ਵੀ ਨਾਂਹ-ਪੱਖੀ ਅਸਰ ਹੋਣ ਲੱਗ ਪਿਆ ਹੈ। ਇੱਥੋਂ ਹਿਜਰਤ ਕਰਕੇ ਪੱਛਮੀ ਮੁਲਕਾਂ 'ਚ ਜਾ ਵਸਣ ਵਾਲੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਦਾ ਸਿਰਫ ਦੋ ਦਹਾਕਿਆਂ ਦੇ ਅਰਸੇ 'ਚ ਹੀ ਆਪਣੀਆਂ ਜੜ੍ਹਾਂ ਨਾਲੋਂ ਨਾਤਾ ਟੁੱਟ ਰਿਹਾ ਹੈ। ਦੁਨੀਆ ਦੇ ਇਸ ਵਿਲੱਖਣ ਖਿੱਤੇ ਦੀ ਜ਼ਬਾਨ, ਵਿਰਾਸਤ, ਇਤਿਹਾਸ ਤੇ ਸੱਭਿਆਚਾਰਕ ਨੁਹਾਰ ਨਾਲ ਸਬੰਧਿਤ ਲੋਕਾਂ ਦਾ ਨਾ ਚਾਹੁੰਦਿਆਂ ਵੀ ਰਿਸ਼ਤਾ ਖਤਮ ਹੋ ਰਿਹਾ ਹੈ। ਦਰਿਆਵਾਂ ਦੀ ਮੌਜੂਦਗੀ, ਖੁੱਲ੍ਹੀਆਂ ਹਵਾਵਾਂ ਤੇ ਵਿਸ਼ਾਲ ਮੈਦਾਨੀ ਨੁਹਾਰ ਦਾ ਮਾਲਕ ਪੰਜਾਬ ਅੱਜ ਵੀ ਹਰ ਮੌਸਮ 'ਚ ਹਰ ਤਰ੍ਹਾਂ ਦਾ ਫਲ ਤੇ ਹਰੀ ਸਬਜ਼ੀ ਰਿਕਾਰਡ ਮਾਤਰਾ 'ਚ ਪੈਦਾ ਕਰਨ ਦੇ ਸਮਰੱਥ ਹੈ। ਪੰਜਾਬ ਵਿਚੋਂ ਜੇਕਰ ਗੁਆਂਢੀ ਅਰਬ ਮੁਲਕਾਂ ਨੂੰ ਫਲ ਤੇ ਹਰੀਆਂ ਸਬਜ਼ੀ ਹੀ ਨਿਰਯਾਤ ਕਰਨ ਦੀ ਨੀਤੀ ਅਮਲ 'ਚ ਲੈ ਲਿਆਂਦੀ ਜਾਵੇ ਤਾਂ ਸੂਬੇ ਦੇ ਖੇਤੀ ਖੇਤਰ 'ਚ ਆਏ ਵਿੱਤੀ ਸੰਕਟ 'ਚੋਂ ਨਾ ਸਿਰਫ਼ ਨਿਜਾਤ ਮਿਲ ਸਕਦੀ ਹੈ, ਸਗੋਂ ਖੇਤੀ ਆਧਾਰਿਤ ਸਨਅਤਾਂ ਹੋਂਦ 'ਚ ਆਉਣ ਨਾਲ ਖਿੱਤੇ ਦੀ ਜਵਾਨੀ ਲਈ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਹੋ ਸਕਦੇ ਹਨ।

ਜਲੰਧਰ 'ਚ ਖੇਡਾਂ ਦਾ ਬਣਿਆ ਸਾਮਾਨ ਪਹਿਲਾਂ ਹੀ ਕੌਮਾਂਤਰੀ ਪੱਧਰ 'ਤੇ ਆਪਣੀ ਗੁਣਵੱਤਾ ਕਰਕੇ ਲੋਹਾ ਮੰਨਵਾ ਚੁੱਕਾ ਹੈ। ਇਥੇ ਦੀ ਖੇਡ ਸਨਅਤ ਨੂੰ ਚੰਗੀਆਂ ਸਹੂਲਤਾਂ ਦੇ ਕੇ ਇਸ ਇਲਾਕੇ ਦੇ ਨੌਜਵਾਨਾਂ ਲਈ ਰੁਜ਼ਗਾਰ ਤਲਾਸ਼ਿਆ ਜਾ ਸਕਦਾ ਹੈ। ਮਾਲਵਾ ਪੱਟੀ ਵਿਚ ਨਰਮੇ ਦੀ ਫਸਲ ਆਧਾਰਿਤ ਸਨਅਤਾਂ ਲਾ ਕੇ ਜਵਾਨੀ ਲਈ ਰੁਜ਼ਗਾਰ ਦੇ ਮੌਕੇ ਹਾਸਲ ਕੀਤੇ ਜਾ ਸਕਦੇ ਹਨ। ਦੁਆਬੇ 'ਚ ਸਫੈਦਾ, ਪਾਪੂਲਰ ਦੀ ਵਧੇਰੇ ਪੈਦਾਵਾਰ ਨਾਲ ਪਲਾਈਵੁੱਡ ਸਨਅਤਾਂ ਹੋਂਦ 'ਚ ਆਈਆਂ ਤਾਂ ਜ਼ਰੂਰ ਹਨ, ਪਰ ਸਨਅਤਾਂ 'ਚ ਕੰਮ ਕਰਨ ਵਾਲਿਆਂ ਲਈ ਢੁੱਕਵੀ ਰੁਜ਼ਗਾਰ ਨੀਤੀ ਨਾ ਹੋਣ ਕਰਕੇ ਇਹ ਸਨਅਤਾਂ ਵੀ ਹੁਨਰਮੰਦ ਨੌਜਵਾਨਾਂ ਲਈ ਆਸ ਦੀ ਕਿਰਨ ਨਹੀਂ ਬਣ ਸਕੀਆਂ। ਸਰਕਾਰ ਵਲੋਂ ਸੂਬੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਡੇਅਰੀ, ਸ਼ਹਿਦ , ਦਾਲਾਂ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਲਈ ਸਿਖਲਾਈ ਤੇ ਭ੍ਰਿਸ਼ਟਾਚਾਰ ਮੁਕਤ ਬੈਂਕਿੰਗ ਸੇਵਾਵਾਂ ਦੇ ਕੇ ਆਪਣੇ ਹੁਨਰ ਨੂੰ ਆਪਣੇ ਮੁਲਕ ਤੇ ਮਿੱਟੀ ਲਈ ਵਰਤਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਆਪਣੇ ਹੁਨਰ ਤੇ ਲਿਆਕਤ ਨੂੰ ਆਪਣੇ ਦੇਸ਼ ਦੇ ਲੇਖੇ ਲਾਉਣ ਵਾਲੇ ਪੜ੍ਹਾਕੂ ਨੌਜਵਾਨਾਂ ਲਈ ਮੁਕਾਬਲੇ ਦੀ ਪ੍ਰੀਖਿਆ ਲਈ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਵਿੱਦਿਅਕ ਅਦਾਰਿਆਂ 'ਚ ਵਧੀਆ 'ਕੋਚਿੰਗ ਸੈਂਟਰ' ਸਥਾਪਤ ਹੋਣੇ ਚਾਹੀਦੇ ਹਨ, ਜਿੱਥੇ ਤੀਖਣ ਬੁੱਧੀ ਦੇ ਮਾਲਕ ਨੌਜਵਾਨਾਂ ਨੂੰ ਪ੍ਰਸ਼ਾਸਨਿਕ ਖੇਤਰਾਂ 'ਚ ਜਾਣ ਲਈ ਉਚਿਤ ਮਾਰਗ ਦਰਸ਼ਨ ਕੀਤਾ ਜਾ ਸਕੇ। ਦੁਨੀਆ ਨੂੰ ਕਿਰਤ ਕਰਨ, ਨਾਮ ਜਪਣ ਤੇ ਸਰਬੱਤ ਦੇ ਭਲੇ ਦੀ ਸਿੱਖਿਆ ਦੇਣ ਵਾਲੇ ਬਾਬੇ ਨਾਨਕ ਨੇ ਇਸ ਧਰਤੀ 'ਤੇ ਬਾਬਰ ਵਰਗੇ ਜਾਬਰਾਂ ਨੂੰ ਵੰਗਾਰ ਦਿੱਤੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ 'ਤੇ ਹੱਕ, ਸੱਚ, ਇਨਸਾਫ਼ , ਮਨੁੱਖੀ ਆਜ਼ਾਦੀ ਵਾਲੇ ਧਰਮੀ ਰਾਹ ਦੀ ਸਥਾਪਤੀ ਤੇ ਜ਼ੁਲਮੀ ਵਤੀਰੇ ਦਾ ਨਾਸ਼ ਕਰਨਾ ਆਪਣੇ ਜੀਵਨ ਦਾ ਉਦੇਸ਼ ਮਿੱਥਿਆ ਸੀ।

ਇੱਥੇ ਦੱਸਣਾ ਬਣਦਾ ਹੈ ਕਿ ਪੱਛਮੀ ਮੁਲਕਾਂ ਦੀ ਖੁਸ਼ਹਾਲੀ ਤੇ ਆਰਥਿਕ, ਰਾਜਸੀ ਪੱਖੋਂ ਸੰਤੁਲਿਤ ਸਮਾਜ ਦਾ ਮਾਡਲ ਜਿਹੜਾ ਚੰਗੇਰੀ ਜ਼ਿੰਦਗੀ ਦਾ ਸੁਪਨਾ ਲੈਣ ਵਾਲੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦਾ ਹੈ, ਅਸਲ ਵਿਚ ਇਹ ਮਾਡਲ ਉਥੋਂ ਦੇ ਸਥਾਨਕ ਬਾਸ਼ਿੰਦਿਆਂ ਨੇ ਹੀ ਆਪਣੇ ਮੁਲਕ ਲਈ ਸਮਰਪਣ ਭਾਵਨਾ, ਕੰਮ ਕਰਨ ਨੂੰ ਤਰਜੀਹ, ਵਕਤ ਦੀ ਕਦਰ, ਵਤਨਪ੍ਰਸਤੀ ਤੇ ਸਮਾਜ ਦੀ ਬਿਹਤਰੀ ਲਈ ਬਣੇ ਨਿਯਮਾਂ ਦੀ ਪਾਲਣਾ ਕਰਕੇ ਹੀ ਸਿਰਜਿਆ ਹੈ ਤੇ ਇਹ ਚੰਗੇ ਅਸੂਲ ਕਿਸੇ ਵੀ ਦੇਸ਼, ਸਮਾਜ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈ ਕੇ ਜਾ ਸਕਦੇ ਹਨ। ਪੰਜਾਬ ਦੀ ਭੂਗੋਲਿਕ, ਰਾਜਸੀ, ਇਤਿਹਾਸਕ, ਸੱਭਿਆਚਾਰਕ ਤੇ ਖੇਡ ਸਮਰੱਥਾ ਨੂੰ ਧਿਆਨ 'ਚ ਰੱਖ ਕੇ ਚੰਗੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਕੇ ਹੀ ਆਪਣੀ ਮਿੱਟੀ ਨੂੰ ਤਿਲਾਂਜਲੀ ਦੇ ਰਹੀ ਜਵਾਨੀ ਨੂੰ ਆਪਣੇ ਸੂਬੇ ਤੇ ਦੇਸ਼ ਦੇ ਨਕਸ਼ ਸੁਆਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।



# ਨਾਰੀ ਸੰਸਾਰ



## ਤੁਰ ਜਾਵਣ ਇੱਕ ਵਾਰ ਤਾਂ ਮਾਵਾਂ ਲੱਭਦੀਆ ਨਹੀਂ

**ਲਿਖਤ : ਹਰਕੀਰਤ ਕੌਰ**
**ਸੰਪਰ : 9779118066**

ਕਿਸੇ ਕਵੀ ਨੇ ਮਾਂ ਦੀ ਉਪਮਾ ਵਿੱਚ ਬਹੁਤ ਸੋਹਣੀਆਂ ਸਤਰਾਂ ਉਚਾਰੀਆਂ,ਉਹ ਕਹਿੰਦਾ ਹੈ ਕਿ

**ਰੁਤਬਾ ਮਾਂ ਦਾ ਰੱਬ ਬੁਲੰਦ ਕੀਤਾ, ਸਾਨੀ ਮਾਂ**
**ਦਾ ਵਿੱਚ ਸੰਸਾਰ ਕੋਈ ਨਹੀਂ**
**ਦਰਦੀ ਕੋਈ ਨਹੀ ਮਾਂ ਦੇ ਦਿਲ ਵਰਗਾ, ਮਾਂ**
**ਵਾਗੂੰ ਕਰਦਾ ਪਿਆਰ ਕੋਈ ਨਹੀਂ**
**ਜਿਹਦੇ ਸਿਰ ਤੇ ਮਾਂ ਦਾ ਹੱਥ ਹੋਵੇ, ਉਹਨੂੰ**
**ਦੋਹਾਂ ਜਹਾਨਾਂ ਚ ਹਾਰ ਕੋਈ ਨਹੀਂ ।**

ਜ਼ਿੰਦਗੀ ਆਪਣਿਆਂ ਦੇ ਮੋਹ , ਪਿਆਰ ਦੀਆਂ ਤੰਦਾਂ ਦੇ ਕਰਕੇ ਹੀ ਹਸੀਨ ਹੁੰਦੀ ਹੈ। ਸਾਡੇ ਰਿਸ਼ਤੇ ਨਾਤੇ ਹੀ ਸਾਡੀ ਦੁਨੀਆਂ ਹੁੰਦੀ ਹੈ। ਦੁੱਖ ਸੁੱਖ ਦੇ ਸਹਾਇਕ ਸਾਡੇ ਸਾਰੇ ਰਿਸ਼ਤੇ ਸਾਡੇ ਜੀਵਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਹਰ ਰਿਸ਼ਤੇ ਦੀ ਇੱਕ ਆਪਣੀ ਅਹਿਮੀਅਤ ਹੈ। ਹਰ ਰਿਸ਼ਤੇ ਦਾ ਆਪਣਾ ਕਿਰਦਾਰ ਤੇ ਜਿੰਮੇਵਾਰੀਆਂ ਹਨ। ਪਰ ਪੂਰੀ ਦੁਨੀਆਂ ਵਿੱਚ ਜਿਸ ਰਿਸ਼ਤੇ ਨੂੰ ਸਭ ਤੋਂ ਵੱਧ ਸਤਿਕਾਰਿਆ ਗਿਆ ਉਹ ਹੈ ਮਾਂ ਦਾ ਰਿਸ਼ਤਾ। ਜੱਗ ਜਨਣੀ, ਸਿਰਜਣਹਾਰੀ, ਦੇਵੀ, ਰੱਬ ਦਾ ਰੂਪ, ਇਹ ਸਾਰੇ ਨਾਮ ਮਾਂ ਦੇ ਹਿੱਸੇ ਆਏ ਹਨ। ਮਾਵਾਂ ਹੁੰਦੀਆਂ ਹੀ ਏਨੀਆਂ ਪਿਆਰੀਆਂ ਹਨ, ਆਪਣੇ ਮੂੰਹ ਚੋਂ ਬੁਰਕੀ ਖੋਹ ਬੱਚਿਆਂ ਦੇ ਮੂੰਹ ਚ ਪਾਉਣ ਦਾ ਜ਼ੇਰਾ ਰੱਬ ਨੇ ਬਸ ਮਾਂ ਨੂੰ ਹੀ ਦਿੱਤਾ ਹੈ। ਬੱਚਿਆਂ ਦੇ ਢਿੱਡ ਭਰਨ ਲਈ ਆਪ ਭੁੱਖੇ ਢਿੱਡ ਡੰਗ ਸਾਰਣ ਦਾ ਸਬਰ ਕਾਦਰ ਨੇ ਮਾਂ ਦੀ ਝੋਲੀ ਹੀ ਪਾਇਆ ਹੈ । ਮਾਂ ਅਸਲ ਵਿੱਚ ਹੈ ਹੀ ਸਬਰ ਦਾ ਦੂਜਾ ਨਾਮ! ਇਸਦੀ ਉਦਹਾਰਣ ਵੇਖਣੀ ਹੋਵੇ ਤਾਂ ਪੇਕਿਆਂ ਦੇ ਘਰਾਂ ਵਿੱਚ ਚੁਲਬੁਲੀਆਂ ਧੀਆਂ, ਸੋ ਸੋ ਨਖਰੇ ਕਰਨ ਵਾਲੀਆਂ ਧੀਆਂ ਜਦ ਵਿਆਹ ਤੋਂ ਬਾਅਦ ਮਾਵਾਂ ਬਣਦੀਆਂ ਹਨ ਤਾਂ ਉਹਨਾਂ ਦਾ ਉਹੀ ਚੁਲਬੁਲਾ ਬਣ ਸਿਆਣਪ, ਸਮਝ ਤੇ ਸਬਰ ਵਿੱਚ ਤਬਦੀਲ ਹੋ ਜਾਂਦਾ ਹੈ। ਜਿਹੜੀ ਧੀ ਕੱਚੀ ਨੀਂਦੇ ਉੱਠ ਜਾਣ ਤੇ ਪੇਕਾ ਘਰ ਸਿਰ ਤੇ ਚੁੱਕ ਲੈਂਦੀ, ਮਾਂ ਬਨਣ ਤੋਂ ਬਾਅਦ ਸਾਰੀ ਸਾਰੀ ਰਾਤ ਆਪਣੇ ਬੱਚੇ ਦੀ ਖਾਤਰ ਜਾਗਦੀ ਰਹਿੰਦੀ ਹੈ।

ਮਾਵਾਂ ਦੇ ਹੱਥ ਬਰਕਤਾਂ ਵਾਲੇ ਹੱਥ ਹੁੰਦੇ ਹਨ, ਇਹਨਾਂ ਦੇ ਪੈਰਾਂ ਵਿੱਚ ਵਿਹੜਿਆਂ ਦੀ ਰੌਣਕਾਂ ਲੁੱਡੀਆਂ ਪਾਉਂਦੀਆਂ ਹਨ , ਇਹਨਾਂ ਦੇ ਸਾਏ ਹੇਠਾਂ ਇਹਨਾਂ ਦੇ ਬੱਚੜੇ ਸਰਦਾਰੀਆਂ ਕਰਦੇ ਨੇ। ਪੋਟਾ ਪੋਟਾ ਜੋੜ ਘਰ ਬਣਾਉਂਦੀ ਮਾਂ ਸਾਰੀ ਉਮਰ ਨਹੀਂ ਥੱਕਦੀ, ਬੱਚਿਆਂ ਦੀ ਖਾਤਰ ਆਪਣੇ ਸਾਰੇ ਰੀਝਾਂ ਚਾਵਾਂ, ਮਲਾਰਾਂ ਨੂੰ ਮਾਂ ਕਿਤੇ ਡੂੰਘੀ ਖੱਡ ਵਿੱਚ ਦੱਬ ਦਿੰਦੀ ਹੈ ਤੇ ਆਪਣੇ ਬੱਚਿਆਂ ਤੇ ਘਰ ਪਰਿਵਾਰ ਦੇ ਸੁਪਨਿਆਂ ਨੂੰ ਆਪਣੇ ਸੁਪਨੇ ਬਣਾ ਲੈਂਦੀ ਹੈ।



ਮਾਂ ਇਸ ਕੁਦਰਤ ਦੇ ਸਾਰੇ ਰਿਸ਼ਤਿਆਂ ਤੋਂ ਅਹਿਮ ਤੇ ਪਾਕ ਪਵਿੱਤਰ ਰਿਸ਼ਤਾ ਹੈ, ਪਰ ਅੱਜ ਸਾਡੀਆਂ ਮਾਵਾਂ ਦੀ ਦਸ਼ਾ ਉਨ੍ਹੀਂ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ, ਬਿਰਧ ਘਰਾਂ ਵਿੱਚ ਪਈਆਂ ਮਾਵਾਂ ਨੂੰ ਇੱਕ ਵਾਰ ਮਿਲਣ ਦਾ ਮੌਕਾ ਬਣਿਆ ਤਾਂ ਮਾਂ ਕਹਿਣ ਲੱਗੀ ਪੁੱਤ ਆ ਮੇਰਾ ਲੱਕ ਵੇਖ.... ਇਸ ਲੱਕ ਤੇ ਚੁੱਕ ਚੁੱਕ ਕੇ ਪੁੱਤ ਨੂੰ ਪਾਲਿਆ ਸੀ, ਜਿਸ ਦਿਨ ਘਰੋਂ ਕੱਢਿਆ ਏਸੇ ਲੱਕ ਉੱਤੇ ਲੱਤ ਮਾਰ ਕੇ ਬਾਹਰ ਸੁੱਟਿਆ ਸੀ, ਕਿਸੇ ਕਬਾੜੀ ਦੇ ਸਮਾਨ ਵਾਂਗ, ਮੈ ਸੁਣਦੇ ਸਾਰ ਸੁੰਨ ਹੋ ਗਈ ਤੇ ਸੋਚਣ ਲੱਗੀ ਕਿ ਕਿਸ ਤਰ੍ਹਾਂ ਦਾ ਅਕਿਰਤਘਣ ਸਮਾਜ ਅਸੀਂ ਸਿਰਜ ਰਹੇਂ ਹਾਂ, ਜਿੱਥੇ ਤੀਲਾ ਤੀਲਾ ਜੋੜ ਬਣਾਏ ਘਰ ਵਿੱਚ ਮਾਪਿਆਂ ਲਈ ਇੱਕ ਕਮਰਾ ਤੱਕ ਨਹੀਂ ਰਹਿ ਜਾਂਦਾ।

ਇੱਕ ਗੱਲ ਯਾਦ ਰੱਖਣਯੋਗ ਹੈ ਕਿ ਹੋਰ ਕਿਸੇ ਦੀ ਦੁਆਵਾਂ ਲੱਗਣ ਜਾਂ ਨਾ ਲੱਗਣ ਪਰ ਮਾਂ ਦੇ ਮੂੰਹੋਂ ਨਿਕਲੀ ਦੁਆਂ ਆਪਣੇ ਬੱਚਿਆਂ ਲਈ ਕੀਤੀਆਂ ਅਰਦਾਸਾਂ ਕਦੇ ਵਿਅਰਥ ਨਹੀਂ ਜਾਂਦੀਆਂ, ਮਾਂ ਆਪਣੀ ਆਈ ਤੇ ਆ ਜਾਵੇ ਤਾਂ ਮੌਤ ਦੇ ਮੂੰਹ ਵਿੱਚੋਂ ਵੀ ਆਪਣੇ ਆਦਰਾਂ ਦੇ ਟੋਟੇ ਨੂੰ ਛੁਡਾ ਲਿਆਉਂਦੀ ਹੈ। ਇਹ ਕਰਮਾਂ ਵਾਲੀਆਂ ਰੂਹਾਂ ਸਤਿਕਾਰ ਦੀਆਂ ਹੱਕਦਾਰ ਹਨ, ਇਹ ਪਾਕ ਪਵਿੱਤਰ ਰੂਹਾਂ ਦੇ ਚਰਨ ਕਿਸੇ ਤੀਰਥ ਸਥਾਨ ਤੋਂ ਘੱਟ ਨਹੀਂ। ਆਉ ਅੱਜ ਮਾਂ ਦਿਵਸ ਦੇ ਇਸ ਖਾਸ ਮੌਕੇ ਤੇ ਪ੍ਰਣ ਕਰੀਏ ਕਿ ਸਾਡੀਆਂ ਮਾਵਾਂ ਦਾ ਬੁਢਾਪਾ ਅਸੀਂ ਉਹਨਾਂ ਮਜ਼ਬੂਤ ਹੱਥਾਂ ਵਾਂਗ ਹੀ ਸਾਂਭ ਸਕੀਏ ਜਿਵੇ ਦੇ ਮਜ਼ਬੂਤ ਹੱਥਾਂ ਨਾਲ ਮਾਂ ਨੇ ਕਦੇ ਬਚਪਨ ਵਿੱਚ ਸਾਨੂੰ ਸੋ ਵਾਰ ਡਿੱਗਣ ਤੋਂ ਬਚਾਇਆ ਸੀ।

ਰੱਬ ਕਰੇ ਹਰ ਘਰ ਦੇ ਵਿਹੜੇ ਵਿੱਚ ਮਾਵਾਂ ਦੇ ਹਾਸੇ, ਉਹਨਾਂ ਦੀ ਝਿੜਕ ਦੀ ਬਿੜਕ ਸੁਣਦੀ ਰਹੇ। ਹਰ ਮਾਂ ਸਰਦਾਰੀ ਭੋਗ ਕੇ ਜਾਵੇ ਤੇ ਕੋਈ ਮਾਂ ਔਲਾਦ ਹੱਥੋਂ ਦੁੱਖੀ ਨਾ ਹੋਵੇ। ।

## ਸਮੇਂ ਦੀ ਕਦਰ

**ਲਿਖਤ : ਗੁਰਿੰਦਰ ਕਲੇਰ,**
99145-38888.

ਜ਼ਿੰਦਗੀ ਨੂੰ ਅਨੁਸ਼ਾਸਨ ਵਿਚ ਬਤੀਤ ਕਰਨ ਲਈ ਜ਼ਰੂਰੀ ਹੈ ਕਿ ਸਮੇਂ ਦੀ ਕਦਰ ਕੀਤੀ ਜਾਵੇ ਅਤੇ ਹਰ ਕੰਮ ਸਮੇਂ 'ਤੇ ਕੀਤਾ ਜਾਵੇ। ਜੇਕਰ ਅਸੀਂ ਸਮੇਂ ਦੀ ਕਦਰ ਨਹੀਂ ਕਰਾਂਗੇ ਤਾਂ ਅਸੀਂ ਜ਼ਿੰਦਗੀ ਦੇ ਸਫ਼ਰ ਵਿਚ ਬਹੁਤ ਪਿੱਛੇ ਰਹਿ ਜਾਵਾਂਗੇ। ਸਮੇਂ ਤੋਂ ਭਟਕਿਆ ਹੋਇਆ ਵਿਅਕਤੀ ਆਪਣੀ ਜ਼ਿੰਦਗੀ ਦੇ ਅਸਲੀ ਮਕਸਦ ਤੋਂ ਭਟਕ ਜਾਂਦਾ ਹੈ। ਖ਼ਾਸ ਤੌਰ 'ਤੇ ਜਵਾਨੀ ਦਾ ਸਮਾਂ ਇਸ ਤਰ੍ਹਾਂ ਦਾ ਹੁੰਦਾ ਹੈ, ਜਿਸ ਨੂੰ ਬਹੁਤ ਸਾਰੇ ਪੜ੍ਹਨ ਵਾਲੇ ਵਿਦਿਆਰਥੀ ਅਜਾਈਂ ਹੀ ਗਵਾ ਲੈਂਦੇ ਹਨ। ਜੇਕਰ ਬੱਚੇ ਇਸ ਸਮੇਂ ਨੂੰ ਪੜ੍ਹਾਈ 'ਤੇ ਲਗਾਉਣ ਤਾਂ ਆਪਣਾ ਚੰਗਾ ਭਵਿੱਖ ਸਿਰਜ ਸਕਦੇ ਹਨ। ਕਿਸੇ ਵੀ ਮੰਜ਼ਿਲ 'ਤੇ ਪਹੁੰਚਣ ਲਈ ਸਮੇਂ ਸਿਰ ਤੁਰ ਪੈਣਾ ਹੀ ਮੰਜ਼ਿਲ ਪ੍ਰਾਪਤ ਕਰਨ ਦਾ ਪਹਿਲਾ ਕਦਮ ਹੁੰਦਾ ਹੈ। ਮਨੁੱਖ ਕੋਲ ਜੇਕਰ ਸਮਾਂ ਹੋਵੇ ਤਾਂ ਮਨੁੱਖ ਧਨ-ਦੌਲਤ ਆਦਿ ਨਾਂਅ ਕਮਾ ਸਕਦਾ ਹੈ। ਪਰ ਇਸ ਧਨ-ਦੌਲਤ ਨਾਲ ਸਮਾਂ ਨਹੀਂ ਕਮਾਇਆ ਜਾ ਸਕਦਾ। ਜੇਕਰ ਕਿਸੇ ਪਰਿਵਾਰ ਦੀ ਇਕ ਪੀੜ੍ਹੀ ਸਮੇਂ ਦੀ ਕਦਰ ਨਹੀਂ ਕਰਦੀ ਤਾਂ ਨਾ ਸਿਰਫ਼ ਉਹ ਆਪਣਾ ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਨੁਕਸਾਨ ਕਰ ਦਿੰਦੀ ਹੈ। ਇਕ ਅਧਿਆਪਕ ਵਲੋਂ ਆਪਣੇ ਫ਼ਰਜ਼ ਨਿਭਾਉਣ ਸਮੇਂ ਕੀਤੀ ਗਈ ਦੇਰੀ ਕਈਆਂ ਵਿਦਿਆਰਥੀਆਂ ਦੇ ਭਵਿੱਖ ਨੂੰ ਧੁੰਦਲਾ ਕਰ ਸਕਦੀ ਹੈ। ਇਸੇ ਤਰ੍ਹਾਂ ਡਾਕਟਰ ਵਲੋਂ ਮਰੀਜ਼ ਦੇ ਇਲਾਜ ਸਮੇਂ ਕੀਤੀ ਗਈ ਦੇਰੀ ਮਰੀਜ਼ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਆਮ ਹੀ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਜਿਹੜੇ ਪ੍ਰਸ਼ਨ ਪੇਪਰ ਵਿਚ ਆਏ ਸਨ, ਉਹ ਮੈਂ ਪੇਪਰ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ ਹੀ ਪੜ੍ਹੇ ਸਨ। ਕਿਹਾ ਜਾਂਦਾ ਹੈ ਕਿ ਮੌਤ, ਅਫ਼ਸਰ ਅਤੇ ਗਾਹਕ ਦੇ ਆਉਣ ਦਾ ਕੋਈ ਪੱਕਾ ਸਮਾਂ ਨਹੀਂ ਹੁੰਦਾ। ਜ਼ਰੂਰੀ ਹੈ ਕਿ ਇਨ੍ਹਾਂ ਨੂੰ ਆਪਣੇ ਦਿਮਾਗ਼ ਰੱਖਦੇ ਹੋਏ ਆਪਣੀ ਡਿਊਟੀ 'ਤੇ ਸਮੇਂ 'ਤੇ ਪਹੁੰਚੀਏ ਅਤੇ ਹਰੇਕ ਕੰਮ ਸਮੇਂ ਸਿਰ ਕਰੀਏ। ਦਿਨ-ਰਾਤ, ਰੁੱਤਾਂ ਦਾ ਬਦਲਣਾ, ਧਰਤੀ ਦਾ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਡੁੱਬਣਾ ਕੁਦਰਤ ਵਲੋਂ ਕੀਤੀ ਗਈ ਸਮੇਂ ਦੀ ਕਦਰ ਦੀ ਇਕ ਉਦਾਹਰਨ ਹੈ। ਪਰ ਮਨੁੱਖ ਦੀ ਬਦਕਿਸਮਤੀ ਇਸ ਗੱਲ ਵਿਚ ਵੀ ਹੈ ਕਿ ਇਹ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਲੜਾਈਆਂ-ਝਗੜਿਆਂ, ਈਰਖਾ, ਨਫ਼ਰਤ ਵਿਚ ਬਤੀਤ ਕਰ ਦਿੰਦਾ ਹੈ। ਜਦ ਕਿ ਜ਼ਰੂਰੀ ਇਹ ਹੈ ਕਿ ਸਮੇਂ ਦੇ ਹਰ ਮਿੰਟ ਦੀ ਸਹੀ ਵਰਤੋਂ ਕਰਦੇ ਹੋਏ ਸਹੀ ਖੇਤਰ ਵਿਚ ਮਿਹਨਤ ਕੀਤੀ ਜਾਵੇ, ਜਿਸ ਦਾ ਨਤੀਜਾ ਕਾਮਯਾਬੀ ਹੀ ਨਿਕਲੇਗਾ।

## ਰਿਸ਼ਤਿਆ ਦੀ ਖ਼ਤਮ ਹੋ ਰਹੀ ਸਾਂਝ ਦਾ ਕੌਣ ਹੈ ਜ਼ਿੰਮੇਵਾਰ



ਲਿਖਤ
ਜਸਪ੍ਰੀਤ ਸਿੰਘ ਮਾਂਗਟ,
99152-20486

ਦੋਸਤੋ ਆਪਾਂ 21ਵੀਂ ਸਦੀ ਦੇ ਵਾਸੀ ਹਾਂ। ਬੇਸ਼ਕ ਸਾਡੇ ਕੋਲ ਅੱਜ ਬਹੁਤ ਸੁੱਖ-ਸਹੂਲਤਾਂ ਮੌਜੂਦ ਹਨ, ਮਨੁੱਖ ਨੇ ਅੱਜ ਆਪਣੀ ਪਹੁੰਚ ਚੰਨ ਤਕ ਕਰ ਲਈ ਹੈ। ਮਿੰਟਾਂ ਸਕਿੰਟਾਂ ਵਿੱਚ ਅਸੀਂ ਗੱਲਬਾਤ ਕਰਨ ਲਈ ਮੋਬਾਇਲ ਫੋਨ ਦੀ ਖੋਜ ਕਰ ਲਈ ਹੈ। ਇੱਕ ਦੂਜੇ ਨੂੰ ਮਿਲਣ ਲਈ ਅਸੀਂ ਹਜ਼ਾਰਾਂ ਮੀਲਾਂ ਦਾ ਸਫਰ ਹਵਾਈ ਜਹਾਜ਼ਾਂ ਦੀ ਮੱਦਦ ਨਾਲ ਆਸਾਨ ਕਰ ਲਿਆ ਹੈ ਤਾਂ ਜੋ ਸਾਡੀ ਇੱਕ ਦੂਜੇ ਨਾਲ ਨੇੜਤਾ ਵਧ ਸਕੇ। ਪਰ ਜੇਕਰ ਸੋਚਿਆ ਜਾਵੇ ਕਿ ਇੰਨੀਆ ਸਹੂਲਤਾ ਹੋਣ ਦੇ ਬਾਵਜੂਦ ਸਾਡੇ ਰਿਸ਼ਤਿਆਂ ਦੀ ਸਾਂਝ ਵਧੀ ਹੈ ? ਤਾਂ ਇਸਦਾ ਜਵਾਬ ਨਾਂਹ ਵਿੱਚ ਹੀ ਹੋਵੇਗਾ।ਅੱਜ ਤੋਂ ਕੁੱਝ ਸਾਲ ਪਿੱਛੇ ਝਾਤ ਮਾਰੀਏ ਤਾਂ ਗਰਮੀਆਂ ਦੀਆਂ ਛੁੱਟੀਆਂ ਹੋਣ ਤੇ ਬੱਚਿਆਂ ਵਿੱਚ ਨਾਨਕੇ ਪਿੰਡ ਜਾਣ ਦਾ ਕਿੰਨਾ ਚਾਅ ਹੁੰਦਾ ਸੀ, ਸਾਰਿਆਂ ਨੇ ਆਪਣੀਆਂ ਕਿਤਾਬਾਂ ਕਾਪੀਆ ਅਤੇ ਕੱਪੜੇ ਬੰਨ ਕੇ ਨਾਨਕੇ ਪਿੰਡ ਜਾਣ ਦੀ ਤਿਆਰੀ ਕਰ ਲੈਣੀ। ਉਸ ਸਮੇਂ ਨਾਨਕੇ ਘਰ ਮਾਮੇ ਮਾਮੀਆਂ ਤੇ ਹੋਰ ਪਰਿਵਾਰਕ ਮੈਂਬਰ ਬੱਚਿਆਂ ਨਾਲ ਬਹੁਤ ਪਿਆਰ ਰੱਖਦੇ ਸੀ। ਬੱਚਿਆ ਨੇ ਵੀ ਆਪਣੀਆਂ ਛੁੱਟੀਆਂ ਦਾ ਪੂਰਾ ਆਨੰਦ ਲੈਣਾ, ਪਰ ਅੱਜ ਦੇ ਸਮੇਂ ਵਿੱਚ ਨਾਨਕੇ ਜਾਣ ਦਾ ਰਿਵਾਜ ਹੀ ਖਤਮ ਹੋ ਗਿਆ ਹੈ ਕਿਉਂਕਿ ਬੱਚੇ ਆਪਣੇ ਪੁਰਾਤਨ ਵਿਰਸੇ ਨੂੰ ਭੁੱਲਦੇ ਜਾ ਰਹੇ ਹਨ ਅਤੇ ਨਾ ਹੀ ਕਿਸੇ ਕੋਲ ਇੰਨਾਂ ਸਮਾਂ ਹੀ ਰਿਹਾ ਹੈ। ਗੱਲ ਕਰੀਏ ਪੁਰਾਣੇ ਵਿਆਹਾਂ ਬਾਰੇ- ਜਦੋਂ ਆਪਣੇ ਗੁਆਂਢ ਵਿੱਚ ਕਿਸੇ ਦੀ ਲੜਕੀ ਜਾ ਲੜਕੇ ਦਾ ਵਿਆਹ ਸਮਾਗਮ ਹੁੰਦਾ ਸੀ ਤਾਂ ਸਾਰਾ ਆਂਢ-ਗੁਆਂਢ ਜਾਂ ਸਾਰਾ ਪਿੰਡ ਹੀ ਆਪਣੀ ਆਪਣੀ ਜਿੰਮੇਵਾਰੀ ਸੰਭਾਲ ਲੈਂਦਾ ਸੀ ਹਰ ਸਮਾਗਮ ਸਾਂਝਾ ਹੀ ਹੁੰਦਾ ਸੀ। ਕਿਸੇ ਨੇ ਹਲਵਾਈਆਂ ਕੋਲ ਬੈਠ ਕੇ ਲੱਡੂ ਵੱਟਣੇ ਤੇ ਕਿਸੇ ਨੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕਰਨ ਦੀ ਜਿੰਮੇਵਾਰੀ ਚੁੱਕਣੀ। ਗੁਆਂਢ ਦੀਆਂ ਔਰਤਾਂ ਨੇ ਘੋੜੀਆਂ ਅਤੇ ਸਿੱਠਣੀਆਂ ਗਾਉਣੀਆਂ ਜਦੋਂ ਤੱਕ ਵਿਆਹ ਦਾ ਕਾਰਜ ਸੰਪੂਰਣ ਨਹੀਂ ਸੀ ਹੁੰਦਾ ਕੋਈ ਵੀ ਆਪਣੇ ਘਰ ਨਾ ਜਾਂਦਾ ਪਰ ਅੱਜ-ਕੱਲ 3-4 ਘੰਟਿਆਂ ਵਿੱਚ ਹੀ ਮੈਰਿਜ ਪੈਲੇਸਾਂ ਵਿੱਚ ਵਿਆਹ ਖ਼ਤਮ ਹੋ ਜਾਂਦਾ ਹੈ। ਪੁਰਾਤਨ ਸਮੇਂ ਵਾਲੇ ਚਾਅ ਅਤੇ ਉਲਾਸ ਖਤਮ ਹੋ ਚੁੱਕੇ ਹਨ।



ਜਦੋਂ ਆਂਢ-ਗੁਆਂਢ ਵਿੱਚ ਖੁਸ਼ੀ ਜਾਂ ਗਮੀ ਦਾ ਮੌਕਾ ਆਉਣਾ ਤਾਂ ਸਾਰਿਆਂ ਨੇ ਮਿਲਕੇ ਇਹ ਸਮਾਂ ਵਢਾਉਣਾ ਪਰ ਅੱਜ ਕੱਲ ਫੇਸਬੁੱਕ ਅਤੇ ਵਾਟਸਐਪ ਨੇ ਇਹ ਵੀ ਸਾਥੋ ਖੋਹ ਲਿਆ ਹੈ ਹੁਣ ਅਸੀਂ ਫੋਨ ਤੇ ਜਾ ਮੈਸੇਜ ਰਾਹੀਂ ਸ਼ੁਭ ਇਛਾਵਾਂ ਜਾਂ ਗਮੀ ਦੇ ਸੁਨੇਹੇ ਭੇਜ ਲੈਂਦੇ ਹਾਂ। ਆਉਣ ਜਾਣ ਦਾ ਰੁਝਾਨ ਹੀ ਖਤਮ ਹੋ ਗਿਆ ਹੈ। ਗਰਮੀਆਂ ਵਿੱਚ ਜਦੋਂ ਬਿਜਲੀ ਦੇ ਕੱਟ ਲੱਗਣੇ ਤਾਂ ਸਾਰੇ ਮੁਹੱਲੇ ਨੇ ਘਰਾਂ ਦੇ ਬਾਹਰ ਮੰਜੇ ਜਾਂ ਕੁਰਸੀਆਂ ਕੱਢ ਕੇ ਬੈਠ ਜਾਣਾ ਅਤੇ ਹਾਸੇ-ਮਜ਼ਾਕ ਦੀਆਂ ਜਾਂ ਘਰੇਲੂ ਗੱਲਾਂ ਕਰਨੀਆਂ ਤੋਂ ਕਦੋਂ ਨੀਂਦ ਆ ਜਾਣੀ ਪਤਾ ਵੀ ਨਾ ਚੱਲਣਾ। ਸਾਰੇ ਇਕੱਠੇ ਰੋਟੀ ਖਾਂਦੇ ਸਨ ਅਤੇ ਉਹਨਾਂ ਸਮਿਆਂ ਵਿੱਚ ਚੁੱਲੇ ਵੀ ਸਾਂਝੇ ਸਨ। ਬੇਸ਼ਕ ਹੁਣ ਬਿਜਲੀ ਦੀ 24 ਘੰਟੇ ਹੋ ਗਈ ਸਾਡੇ ਕੋਲ ਠੰਢੀ ਹਵਾ ਲਈ ਪੱਖੇ ਅਤੇ ਏ.ਸੀ ਵੀ ਆ ਗਏ ਪਰ ਨੀਂਦ ਤਾਂ ਨੀਂਦ ਦੀ ਗੋਲੀ ਖਾ ਕੇ ਵੀ ਨਹੀਂ ਆਉਂਦੀ ਅਤੇ ਇਕੱਲੇਪਣ ਕਰਕੇ ਬੇਚੈਨੀ ਜਿਹੀ ਲੱਗੀ ਰਹਿੰਦੀ ਹੈ। ਕੁੱਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਨੇੜਤਾ ਵਧਾਉਣ ਲਈ ਅਸੀਂ ਨਵੀਆਂ-ਨਵੀਆਂ ਕਾਢਾਂ ਤਾਂ ਕੱਢ ਲਈਆਂ ਪਰ ਸਾਡੇ ਰਿਸ਼ਤਿਆਂ ਦੀ ਸਾਂਝ ਫ਼ਿੱਕੀ ਪੈ ਗਈ ਹੈ। ਪਹਿਲੇ ਸਮਿਆਂ ਵਿੱਚ 20-20 ਪਰਿਵਾਰਕ ਮੈਂਬਰ ਇੱਕਠੇ ਇੱਕੋ ਛੱਤ ਹੇਠ ਰਹਿੰਦੇ ਸਨ ਅਤੇ ਸਕੂਨ ਭਰੀ ਜਿੰਦਗੀ ਜਿਉਦੇ ਸਨ ਪਰ ਅਜੋਕੇ ਸਮੇਂ ਵਿੱਚ ਘਰ ਦੇ 2 3 ਮੈਂਬਰ ਹੀ ਇੱਕ ਦੂਜੇ ਤੋਂ ਦੁਖੀ ਹਨ। ਰਿਸ਼ਤੇ ਨਾਤੇ ਮੋਬਾਇਲ ਫੋਨ ਨੇ ਖਾ ਲਏ ਹਨ ਕਿਉਂਕਿ ਸਾਡੀ ਸੋਚ ਵਿੱਚ ਵਖਰੇਵੇ ਆ ਚੁੱਕੇ ਹਨ।

ਸਾਨੂੰ ਇਸ ਦਿਖਾਵੇ ਵਾਲੀ ਜ਼ਿੰਦਗੀ ਨੂੰ ਛੱਡ ਕੇ ਮੁੜ ਤੋਂ ਪਹਿਲਾਂ ਵਾਂਗ ਪਿਆਰ ਮੁਹੱਬਤ ਤੇ ਸਾਂਝੀਵਾਲਤਾ ਭਰੀ ਜ਼ਿੰਦਗੀ ਨੂੰ ਆਪਣਾਉਣਾ ਪੈਣਾ ਹੈ ਤਾਂ ਜੋ ਟੁੱਟ ਚੁੱਕੀ ਰਿਸ਼ਤਿਆਂ ਦੀ ਸਾਂਝ ਨੂੰ ਮੁੜ ਸੁਰਜੀਤ ਕਰ ਸਕੀਏ।




# ਕਾਵਿ-ਲਹਿਰਾਂ

## ਓ ਪੰਜਾਬੀਆ!

ਵੇਲ਼ੇ ਨੂੰ ਤੂੰ ਮੁੜ ਕੇ ਸੰਭਾਲ, ਓ ਪੰਜਾਬੀਆ!
ਕਾਹਤੋਂ ਹੋਇਆ ਫਿਰੇਂ ਬਦਹਾਲ, ਓ ਪੰਜਾਬੀਆ!
'ਕੱਠੇ ਹੋ ਕੇ ਮੇਲੇ ਵਿੱਚ ਭੰਗੜਾ ਵੀ ਪਾਉਣਾ ਹੈ।
ਆੜੀ ਪਾ ਕੇ ਰੁੱਸੇ ਹੋਏ ਯਾਰਾਂ ਨੂੰ ਮਨਾਉਣਾ ਹੈ।
ਦੋਸਤੀ ਦੀ ਬਣ ਜਾ ਮਿਸਾਲ, ਓ ਪੰਜਾਬੀਆ!
ਹਾਣੀਆਂ ਦੇ ਨਾਲ ਦੁਖਾਂ-ਸੁਖਾਂ ਨੂੰ ਮਨਾ ਲਈਏ।
ਸੁੱਤੇ ਹੋਏ ਲੋਕਾਂ ਨੂੰ ਹਲੂਣ ਕੇ ਜਗਾ ਲਈਏ।
ਲੰਘ ਜਾਊ ਖ਼ੁਸ਼ੀ ਨਾਲ ਸਾਲ, ਓ ਪੰਜਾਬੀਆ!
ਮਿਲੀਏ-ਮਿਲਾਈਏ ਆ ਕੇ ਵਿੱਚ ਸੰਸਾਰ ਦੇ।
'ਰੂਹੀ-ਨਵ-ਦੀਪ' ਤੈਨੂੰ 'ਵਾਜਾਂ ਪਏ ਨੇ ਮਾਰਦੇ।
ਐਵੇਂ ਨਾ ਜਵਾਨੀ ਨੂੰ ਤੂੰ ਗਾਲ਼, ਓ ਪੰਜਾਬੀਆ!
ਦੁਨੀਆਂ ਦਾ ਮੇਲਾ ਚਾਰ ਦਿਨ ਦਾ ਹੈ ਫੇਰਾ ਬਈ।
ਫੇਰ ਕਾਹਤੋਂ ਲੜਨਾ ਤੇ ਕਹਿਣਾ ਮੇਰਾ-ਤੇਰਾ ਬਈ।
ਡਿੱਗਦੇ ਨੂੰ ਭੱਜ ਕੇ ਸੰਭਾਲ, ਓ ਪੰਜਾਬੀਆ!
ਕੁੱਖ ਵਿੱਚ ਬੱਚੀਆਂ ਨੂੰ ਮਾਰਨਾ ਤੂੰ ਛੱਡ ਦੇ।
ਦਾਜ ਤੇ ਸ਼ਰਾਬ ਦੀ ਕੁਰੀਤ ਘਰੋਂ ਕੱਢ ਦੇ।
ਤਾਹੀਓਂ ਬਣੂੰ ਦੇਸ਼ ਖੁਸ਼ਹਾਲ, ਓ ਪੰਜਾਬੀਆ!
ਪੁੱਟੇ ਰੁੱਖ-ਪੌਦੇ ਮਾਤਾ ਧਰਤੀ ਹੈ ਰੋ ਰਹੀ।
ਸੁੱਕੇ ਨਦੀ-ਨਾਲਿਆਂ ਦੀ ਹਾਲਤ ਕੀ ਹੋ ਰਹੀ।
ਹੋਰ ਦਾ ਹੀ ਹੋਰ ਹੋਇਆ ਹਾਲ, ਓ ਪੰਜਾਬੀਆ!
ਕਰਜ਼ੇ 'ਚ ਤੇਰਾ ਅੱਜ ਵਾਲ਼-ਵਾਲ਼ ਫਸਿਆ।
ਵਿਗੜੇ ਹਾਲਾਤ ਨੇ ਸ਼ਿਕੰਜਾ ਹੋਰ ਕੱਸਿਆ।
ਹੋਇਆ ਫਿਰੇਂ ਏਸੇ ਲਈ ਕੰਗਾਲ, ਓ ਪੰਜਾਬੀਆ!
ਦੁੱਖਾਂ ਵਾਲੇ ਦਿਨ ਤੇਰੇ ਛੇਤੀ ਕੱਟ ਜਾਣਗੇ।
ਬੱਦਲ ਮੁਸੀਬਤਾਂ ਦੇ ਛੇਤੀ ਹਟ ਜਾਣਗੇ।
ਛੱਡ ਰੋਣਾ ਕਰ ਨਾ ਮਲਾਲ, ਓ ਪੰਜਾਬੀਆ!

**ਲਿਖਤ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ :** 94176-92015

## ਵੰਡ

ਖਿੱਚੀ ਲੀਕ ਮੁਲਕਾਂ ਵਿੱਚ ਲੀਡਰਾਂ ਨੇ,
ਭੁਗਤਣਾ ਪਿਆ ਲੋਕਾਂ ਨੂੰ ਦੰਡ ਬਾਬਾ।
ਭਾਈ ਭਾਈਆਂ 'ਚ ਵੈਰ ਪੁਆ ਦਿੱਤੇ,
ਕਰ ਦੇਸ਼ ਸਾਡੇ ਦੀ ਵੰਡ ਬਾਬਾ।

ਇੱਕ ਹਿੰਦ ਤੇ ਦੂਜਾ ਪਾਕ ਹੋਇਆ,
ਕਰੀ ਇੱਕ ਦੂਜੇ ਵੱਲ ਕੰਡ ਬਾਬਾ।
ਅੱਜ ਵੇਖ ਲਓ ਓਧਰ ਕੀ ਹਾਲ ਹੋਇਆ,
ਮਹਿੰਗੇ ਆਟਾ ਲੂਣ ਤੇ ਖੰਡ ਬਾਬਾ।

ਉਹ ਮੁਲਕ ਦੀਵਾਲੀਆ ਹੋ ਚੱਲਿਆ,
ਚੜ੍ਹਾਈ ਕਰਜ਼ੇ ਦੀ ਬੈਠਾ ਪੰਡ ਬਾਬਾ।
ਰਾਸ਼ਨ ਮਹਿੰਗਾ ਬੰਦੂਕਾਂ ਸਸਤੀਆਂ ਨੇ,
ਤਾੜ ਤਾੜ ਕਰਦੀਆਂ ਚੰਡ ਬਾਬਾ।

ਉਹ ਇੱਧਰ ਨੂੰ ਆਉਣਾ ਲੋਚਦੇ ਨੇ,
ਖੁੱਲ੍ਹੇ ਕਦੋਂ ਜੋ ਮਾਰੀ ਗੰਢ ਬਾਬਾ।
ਓਏ, ਕਰੋ ਸ਼ਾਂਤੀ ਲੈਣਾ ਕੀ ਲੜ ਕੇ,
ਦਿਨ ਚਾਰ ਸੌਖੇ ਜਾਣ ਲੰਘ ਬਾਬਾ।

ਬਖ਼ਸ਼ੋ, ਸੁਮੱਤ ਭੁੱਲੇ ਭਟਕਿਆਂ ਨੂੰ,
ਪੱਤੋ, ਆਖੇ ਵਰਤਾਈਂ ਠੰਢ ਬਾਬਾ।

**ਲਿਖਤ : ਹਰਪ੍ਰੀਤ ਪੱਤੋ**
**ਸੰਪਰਕ:** 94658-21417

## ਸਿਆਣਿਆਂ ਦੇ ਸੱਚ

ਹੁੰਦਾ ਮਾੜਾ ਮਾਣ ਹਕੂਮਤਾਂ ਦਾ,
ਮਾੜਾ ਗਧੇ 'ਤੇ ਹੋਇਆ ਸਵਾਰ 'ਭਗਤਾ'।
ਕੰਜ ਸੱਪ ਤੇ ਖੱਲ ਬੱਕਰੇ ਦੀ,
ਆਉਂਦੀ ਕੰਮ ਜਾਂ ਦੇਣ ਉਤਾਰ 'ਭਗਤਾ'।

ਰਿੰਡ ਬੀਜ ਨਾ ਡਾਲੀਏ ਅੰਬ ਕਲਮੀਂ,
ਖਾਲੀ ਹੱਥ ਨਾ ਹੋਵੇ ਵਪਾਰ 'ਭਗਤਾ'।
ਸਹੁਰਾ ਪੁੱਤ ਦਾ ਧੀ ਦੀ ਸੱਸ ਕਹਿੰਦੇ,
ਚੰਗੇ ਹੋਣ ਤਾਂ ਜੈ ਜੈ ਕਾਰ 'ਭਗਤਾ'।

ਹੁਕਮ ਅਦੂਲੀ ਮਾੜੀ ਔਰਤਾਂ ਦੀ,
ਬਜ਼ੁਰਗ ਆਖਦੇ ਸਮਝਦਾਰ 'ਭਗਤਾ'।
ਪਛਾੜੀ ਘੋੜੇ ਤੇ ਅਗਾੜੀ ਹਾਕਮਾਂ ਦੇ,
ਕਦੇ ਭੁੱਲ ਨਾ ਲੰਘੀਏ ਪਾਰ 'ਭਗਤਾ'।

ਕਰਜ਼, ਫਿਕਰ ਘਟਾਉਣਾ ਢਿੱਡ ਔਖਾ,
ਲੱਥੇ ਸਿਰੋਂ ਨਾ ਚੜ੍ਹਿਆ ਉਧਾਰ 'ਭਗਤਾ'।
ਬੋਤਾ ਆ ਗਿਆ ਜਦੋਂ ਪਹਾੜ ਥੱਲੇ,
ਉਦੋਂ ਕਿਸੇ ਨਾ ਲੈਣੀ ਸਾਰ 'ਭਗਤਾ'।

**ਬਰਾੜ 'ਭਗਤਾ ਭਾਈ ਕਾ'**
1-604-751-1113

## ਮੁਹਤਾਜ

ਜੋ ਖੁੱਲ ਹੀ ਜਾਏ ਸੱਜਣਾ ਓ ਰਾਜ਼ ਨੀ ਹੁੰਦਾ।
ਮੋਹ ਬਾਹਲ਼ਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਨਸ਼ੀਬ ਜਿਨਾਂ ਦੇ ਚੰਗੇ ਓ ਮਸਤ ਹੁੰਦੇ ਨੇ।
ਉਂਝ ਇਮਤਿਹਾਨ ਏਥੇ ਜ਼ਬਰਦਸਤ ਹੁੰਦੇ ਨੇ।

ਸੋਚ ਸਮਝ ਕੇ ਕਰ ਏਥੇ ਕਾਜ ਨੀ ਹੁੰਦਾ।
ਮੋਹ ਬਾਹਲ਼ਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਕੋਈ ਲਾਉਂਦਾ ਏਥੇ ਜਿੰਦੇ ਤੇ ਕਈ ਜਿੰਦੀਆ ਨੇ।
ਤਸਵੀਰਾਂ ਵੀ ਬੰਦੇ ਨੂੰ ਸਬਰ ਦਿੰਦੀਆਂ ਨੇ।

ਹਰ ਬਣਾਇਆ ਮਹਿਲ ਸਦਾ ਤਾਜ ਨੀ ਹੁੰਦਾ।
ਮੋਹ ਬਾਹਲ਼ਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

ਜੇ ਸੋਚ ਚੰਗੀ ਤੇ ਦਿਲ ਵੀ ਚੰਗਾ ਹੋਣਾ।
ਨਰਿੰਦਰ ਲੜੋਈ ਜ਼ਿੰਦਗੀ ਦਾ ਮੁਕ ਜਾਓ ਰੋਣਾ।

ਬਾਹਲ਼ਾ ਚਿਰ ਕਦੇ ਕਿਸੇ ਨਾਲ ਲਿਹਾਜ਼ ਨੀ ਹੁੰਦਾ।
ਮੋਹ ਬਾਹਲ਼ਾ ਮੁਲਾਕਾਤਾਂ ਦਾ ਮੁਹਤਾਜ ਨੀ ਹੁੰਦਾ।
ਜੋ ਖੁੱਲ ਹੀ ਜਾਏ......

**ਲਿਖਤ : ਨਰਿੰਦਰ ਲੜੋਈ ਵਾਲਾ**
**ਸੰਪਰਕ :** 89687-88181

## ਮਾਂ ਮੇਰੀ ਦਾ ਏਡਾ ਜੇਰਾ

ਮਾਂ ਮੇਰੀ ਦਾ ਏਡਾ ਜੇਰਾ,
ਮੈਨੂੰ ਕੁੱਝ ਸਮਝਾਉਂਦਾ ਨੀ।
ਰੁੱਖਾਂ ਜਿਹੀ ਜੀਰਾਂਦ ਦਾ ਜੀਣਾ,
ਮੈਨੂੰ ਆਖ ਸੁਣਾਉਂਦਾ ਨੀ।

ਪਰਬਤ ਵਰਗਾ ਜੇਰਾ ਮਾਂ ਦਾ,
ਜ਼ਖ਼ਮ ਅਸਾਡੇ ਸੀਂ ਲੈਂਦੀ।
ਆਪਣੇ ਗ਼ਮ ਨੂੰ ਅੰਦਰੇ ਸਾਂਭੇ,
ਸਾਡੇ ਗ਼ਮ ਨੂੰ ਪੀ ਲੈਂਦੀ।
ਕੋਈ ਨਾ ਸਾਡੇ ਅੱਥਰੂ ਪੂੰਝੇ,
ਕੋਈ ਨਾ ਹੋਰ ਵਰਾਉਂਦਾ ਨੀ
ਮਾਂ ਮੇਰੀ...........

ਉਹਦੇ ਬੋਲਾਂ ਦੇ ਵਿੱਚ ਮਿਸ਼ਰੀ,
ਕਦੇ ਨਾ ਕੌੜਾ ਬੋਲੇ ਨੀ।
ਜਣੇ ਖਣੇ ਦੇ ਕੋਲ ਕਦੇ ਨਾ,
ਦਿੱਲ ਦੀ ਘੁੰਡੀ ਖੋਲ੍ਹੇ ਨੀ।
ਜ਼ਿੰਦਗੀ ਦਾ ਹਰ ਪਲ ਹੀ ਉਹਦਾ,
ਸਤਿ ਸੰਤੋਖ ਸਿਖਾਉਂਦਾ ਨੀ।
ਮਾਂ ਮੇਰੀ..........

ਦੁੱਖਾਂ ਵਾਲੇ ਸਮੇਂ ਬਥੇਰੇ,
ਸਿਰ ਉਹਦੇ ਤੋਂ ਲੰਘੇ ਨੀ।
ਭਲਾ ਬੁਰਾ ਨਾ ਕਿਸੇ ਨੂੰ ਆਖੇ,
ਖ਼ੈਰਾਂ ਸਭ ਦੀਆਂ ਮੰਗੇ ਨੀ।
'ਨਾ ਕੋ ਵੈਰੀ ਨਾਹੀ ਬੇਗਾਨਾ', ਏਹੀ
ਪਾਠ ਪੜ੍ਹਾਉਂਦਾ ਨੀ
ਮਾਂ ਮੇਰੀ.........

ਮਾਂ ਤਾਂ ਸੰਘਣੀ ਛਾਂ ਦਾ ਰੁੱਖੜਾ,
ਦੇਵੇ ਠੰਢੀਆਂ ਛਾਵਾਂ ਨੀ।
ਬਿਨ ਮੰਗੇ ਹੀ ਸਭ ਨੂੰ ਦੇਵੇ,
ਸੱਚੇ ਦਿਲੋਂ ਦੁਆਵਾਂ ਨੀ।
ਦਰੀਆਂ, ਖੇਸ ਤੇ ਸਾਲੂ ਦਾ ਫੁੱਲ,
ਉਹਦੀ ਯਾਦ ਕਰਾਉਂਦਾ ਨੀ।
ਮਾਂ ਮੇਰੀ.........

ਪਿੰਡ ਆਪਣੇ ਦੇ ਵਿੱਚ ਉਸ ਤਾਂ,
ਇੱਜ਼ਤ ਬੜੀ ਕਮਾਈ ਨੀ।
ਅੱਜ ਉਹਦੀ ਫੁਲਵਾੜੀ ਉੱਤੇ,
ਮਿਹਨਤ ਰੰਗ ਲਿਆਈ ਨੀ।
ਸ਼ੀਸ਼ੇ ਵਰਗੇ ਨਿਰਮਲ ਮਨ ਦਾ, 'ਦੀਸ਼'
ਨੂੰ ਮੋਹ ਸਤਾਉਂਦਾ ਨੀ।
ਮਾਂ ਮੇਰੀ........



ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਸੰਪਰਕ : +1 403 404 1450

## ਜਲ੍ਹਿਆਂਵਾਲਾ ਬਾਗ ਹੱਤਿਆਕਾਂਡ

ਵਿਸਾਖ ਦੀਆਂ ਖੁਸ਼ੀਆਂ ਮਨਾਓਣ ਗਏ ਸੀ,
ਦੋ-ਚਾਰ ਗੱਲਾਂ ਸੁਨਾਉਣ ਆਏ ਸੀ।

"ਆ ਓਏ ਬਾਪੂ" ਕਹਿ ਕੇ ਕਮਰੇ ਦਾ ਬੂਹਾ ਖੜਕਾ ਰਹੇ ਸੀ,
"ਇੱਕ ਬੁਲਬੁਲਾ ਦਵਾ ਦੇ!" ਕਹਿ ਕੇ ਮਨਾ ਰਹੇ ਸੀ।

ਅਚਾਨਕ ਆਈ ਜੋ ਗੋਲੀਆਂ ਦੀ ਧਾਰ,
ਇੱਕੋ ਵਾਰੀ ਹਜਾਰਾਂ ਲੋਕਾਂ ਨੂੰ ਗਈ ਜੋ ਮਾਰ।

ਡਰ ਕੇ ਖੂਹ ਵਿੱਚ ਮਾਰੀ ਜਿਸ ਨੇ ਛਾਲ,
ਓਹਨਾਂ ਦੀ ਤਾਂ ਪਿੱਛੇ ਬੱਸ ਰਹਿ ਗਈ ਖਾਲ।

ਲਹੂ ਦੀ ਬਰਸਾਤ ਨੇ ਬਾਗ ਨੂੰ ਭਰਾ,
ਇੱਕ ਮਾਂ,ਇੱਕ ਬਾਲ,ਇੱਕ ਬਾਪ ਨੂੰ ਮਰਾ।

ਘਰ ਬੈਠੀ ਬੇਬੇ ਉਠੀਕ ਕਰਦੀ,
"ਰੱਬਾ ਸੁਖ ਰੱਖੀ!" ਕਹਿ ਕੇ ਲੰਬਾ ਸਾਹ ਭਰਦੀ।

ਇੱਕ ਸਮੇ ਤੇ ਜੋ ਹੁੰਦੀ ਜਲ੍ਹਿਆਂਵਾਲੇ ਸਰਦਾਰਾਂ ਦੀ ਸ਼ਾਨ,
ਇੱਕ ਸਮੇ ਤੇ ਹਾਸਾ ਅਤੇ ਰੋਣਕ ਭਰਦੀ ਸੀ ਜਾਨ।

ਉਹ ਹੁਣ ਬ੍ਰਿਟਿਸ਼ ਸਾਸ਼ਣ ਦੇ ਰੋਅਬ ਨਾਲ ਗੱਜਦੇ,
ਹੁਣ ਬੱਸ ਮੁਰਦਿਆਂ ਦੇ ਇਨਸਾਫ਼ ਲਈ ਨਾਰੇ ਵੱਜਦੇ।

**ਅਗਮਪ੍ਰੀਤ ਕੌਰ, ਬਰਨਾਲਾ**

## ਹੱਥੀਂ ਪੱਥਰ ਫੜਿਆ ਹੁੰਦਾ ਏ

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹਉਕਾ ਭਰਿਆ ਹੁੰਦਾ ਏ।

ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ 'ਤੇ
ਹਰ ਬੰਦਾ ਹੀ ਉਦੋਂ ਡਰਿਆ ਹੁੰਦਾ ਏ।

ਅੱਜਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।

ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਉਦੋਂ ਦਿਲ ਤੋਂ ਸੜਿਆ ਹੁੰਦਾ ਏ।

ਹੋਰ ਵਸਾਉਣਾ ਦਿਲ ਵਿੱਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।

ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸ ਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।

ਭੀੜ ਪਤਾ ਕਿਉਂ ਰਹਿੰਦੀ ਅੱਜਕੱਲ੍ਹ ਰਾਹਾਂ 'ਤੇ?
ਰਾਹ 'ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।

ਉਸ ਦਾ ਮੰਜ਼ਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜ਼ਿਲ ਨੂੰ ਮਿਥਕੇ ਤੁਰਿਆ ਹੁੰਦਾ ਏ।

ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗਲ਼ ਤੱਕ ਪੂਰਾ ਭਰਿਆ ਹੁੰਦਾ ਏ।

**ਲਿਖਤ : ਹਰਦੀਪ ਬਿਰਦੀ**
**ਸੰਪਰਕ :** 90416-00900

## ਗ਼ਜ਼ਲ

ਹੈ ਵਿਰਾਸਤ ਧਰਤ ਸਾਡੀ, ਪੁਰਖਿਆਂ ਦੀ ਬਾਰ ਹੈ
ਸਾਂਭ ਸ਼ਿਕਰੇ ਆਪਣੇ ਤੂੰ, ਕੌਮ ਖੁਦ ਸਰਕਾਰ ਹੈ
ਸਿਰਜਿਆ ਹੈ ਪੱਥਰਾਂ ਦਾ, ਸ਼ਹਿਰ ਸਾਡੀ ਹਿੱਕ 'ਤੇ
ਰੁਕ ! ਸ਼ਿਵੇ ਬਲ਼ਦੇ ਅਜੇ ਤਾਂ, ਅਣਖ ਦੀ ਇਹ ਹਾਰ ਹੈ
ਜੰਗ ਜ਼ਾਰੀ ਰਹਿਣਗੇ ਇਹ, ਸਮਝ ਨਾ ਤੂੰ ਡਰ ਗਏ
ਜੋਸ਼ ਭਾਂਬੜ ਬਣ ਬਲੇਗਾ, ਕਲਮ ਇਕ ਹਥਿਆਰ ਹੈ
ਕਿਉਂ ਨਿਆਂ ਸਾਨੂੰ ਮਿਲੇ ਨਾ, ਹਰ ਅਦਾਲਤ ਚੁੱਪ ਕਿਉਂ
ਹਰ ਚੁਰਾਸੀ ਜਖ਼ਮ ਦੇ ਕੇ, ਕਰਦੀ ਤਾਰੋ- ਤਾਰ ਹੈ
ਕਿਉਂ ਵਧੀਕੀਆਂ ਸਹਾਂਗੇ, ਅੜ ਲਵਾਂਗੇ ਫੈਸ਼ਲ਼ੈ
ਜਾਣਦੇ ਹਾਂ ਤੀਰ ਸ਼ਾਹੀ, ਹਿੱਕੋਂ ਹੋਣਾ ਪਾਰ ਹੈ
ਕਫ਼ਨ ਸਿਰ "ਤੇ ਬੰਨ ਲੜਦੇ,ਹੱਦ ਉੱਪਰ ਰਾਤ ਦਿਨ
ਕਿਉਂ ਰਿਹੈ ਪਰ ਹੱਕ ਖਾਤਰ, "ਰੇਤਗੜ੍ਹ" ਤਕਰਾਰ ਹੈ
ਚੰਡੀਗੜ੍ਹ ਪੰਜਾਬ ਦਾ ਸੀ, ਇਹ ਰਹੂ ਪੰਜਾਬ ਦਾ
ਹੱਕ ਤੇਰੇ ਵਿੱਚ ਭਾਂਵੇ, ਲਿਖ ਰਿਹਾ ਅਖ਼ਵਾਰ ਹੈ
ਮੋਹਰਾ ਤੂੰ ਰੱਖਦਾ ਹੈਂ, ਸ਼ਾਜਿਸ਼ਾਂ ਨੂੰ ਘੜਨ ਲਈ
ਸੱਚ ਤੇਰੇ ਤੇ ਰਿਹਾ ਨਾ, ਭੋਰਾ ਵੀ ਇਤਵਾਰ ਹੈ
ਰੜਕਦਾ ਹੀ ਤਾਜ਼ ਸਾਡਾ, ਕਿਉਂ "ਬਾਲੀ" ਦੀ ਅੱਖ ਨੂੰ
ਚਾਲ ਸ਼ਕੁਨੀ ਚੱਲਿਓ ਜੇ , ਤੇਗ਼ ਹੋਣੀ ਪਾਰ ਹੈ

**ਲਿਖਤ : ਬਾਲੀ ਰੇਤਗੜ੍ਹ,** +919465129168

## ਤੇਰੀ ਰਜਾ

ਤੇਰੀ ਰਜਾ ਬਗੈਰ ਜੇਕਰ ਪੱਤਾ ਨੀ ਸਕਦਾ ਝੁੱਲ ਰੱਬਾ,
ਫੇਰ ਤੈਨੂੰ ਵੇਚਣ ਲਈ ਕਿਹਨੇ ਪਾ ਤਾ ਤੇਰਾ ਮੁੱਲ ਰੱਬਾ,
ਮੰਦਿਰ-ਮਸਜਿਦ ਤੇ ਜਾਤ-ਪਾਤ ਦੇ ਨਾਉਂ ਤੇ ਸਿਆਸਤ
ਧਰਮ ਦੇ ਨਾਂ ਤੇ ਦੰਗੇ ਕਰਨ ਦੀ ਕੀਹਨੇ ਦੇ ਤੀ ਖੁੱਲ੍ਹ ਰੱਬਾ,
ਇਥੇ ਮਜਦੂਰ,ਮਜਲੂਮ ਦਾ ਸ਼ੋਸ਼ਣ ਸ਼ਰੇਆਮ ਹੁੰਦਾ ਏ
ਦੱਸ ਫੇਰ ਵੀ ਕਾਹਤੋਂ ਸਿਉਂਤੇ ਜਾਂਦੇ ਨੇ ਤੇਰੇ ਬੁੱਲ ਰੱਬਾ,
ਕਿਰਤੀ ਕਾਮੇ ਭੁੱਖੇ ਮਰਦੇ ਤੇ ਧਨਾਢ ਮਾਰਣ ਠੱਗੀਆਂ
ਉਲਟੀ ਗੰਗਾ ਵਹਾਉਣ ਦੀ ਕੀਹਨੇ ਕਰਤੀ ਭੁੱਲ ਰੱਬਾ,
ਤੂੰ ਵੀ ਤਾਂ ਹਾਕਮਾਂ,ਸ਼ਾਸ਼ਕਾਂ ਤੇ ਬੇਇਮਾਨਾਂ ਦਾ ਸਾਥ ਦੇਵੇਂ
'ਹੋਸ਼ੀ' ਤਾਂ ਹੀ ਸੱਚ ਨੂੰ ਛੱਡ, ਲੋਕ ਜਾਂਦੇ ਝੂਠ ਦੇ ਵੱਲ ਰੱਬਾ,

**ਲਿਖਤ : ਪਵਨ 'ਹੋਸ਼ੀ,** 8054545632




# ਸਾਵਧਾਨ: ਕਿਡਨੀ ਰੋਗਾਂ ਦਾ ਵੱਧ ਰਿਹਾ ਹੈ ਅੰਕੜਾ

ਡਾ. ਅਨਿਲ ਧੀਰ

’ਤਿੱਖਾ ਦਰਦ ਪਿੱਠ ਜਾਂ ਪਾਸੇ ‘ਚ, ਪਿਸ਼ਾਬ ਦੌਰਾਣ ਪੀੜ, ਜਲਨ, ਖ਼ੂਨ, ਘਬਰਾਹਟ, ਉਲਟੀ, ਪੈਰਾਂ ਦੁਆਲੇ ਸੋਜਸ਼,ਵਗੈਰਾ ਦੀ ਹਾਲਤ ‘ਚ ਬਿਨਾਂ ਦੇਰ ਕੀਤੇ ਡਾਕਟਰੀ ਮਦਦ ਲਵੋ- ਡਾ ਅਨਿਲ ਧੀਰ. ਕਾਲਮਨਿਸਟ. ਪੀਐਫਏ ਕੈਨੇਡੀਅਨ ਰੈੱਡ ਕਰਾਸ. ਲੇਖਕ ‘‘ਹੈਲਥ ਅਲਰਟ ਸੀਰੀਜ਼’’ ਅਤੇ ‘‘ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ’’

ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ): ਵਿਸ਼ਵ ਭਰ ‘ਚ ਕਿਡਨੀ ਦੇ ਰੋਗ ਤੇਜ਼ੀ ਨਾਲ ਵੱਧ ਰਹੇ ਹਨ। ਕਰੀਬਨ 851 ਮਿਲੀਅਨ ਤੋਂ ਵੱਧ ਲੋਕ ਗੰਭੀਰ ਕਿਡਨੀ ਰੋਗਾਂ ਦੇ ਘੇਰੇ ‘ਚ ਆ ਚੁੱਕੇ ਹਨ। ਇਹ ਅੰਕੜਾ ਲਗਾਤਾਰ ਵੱਧ ਰਿਹਾ ਹੈ। ਹਾਈਪਰਟੈਂਨਸ਼ਨ, ਮੋਟਾਪਾ ਅਤੇ ਡਾਇਬਟੀਜ਼ ਵਗੈਰਾ ਰੋਗ ਗੰਭੀਰ ਕਿਡਨੀ ਦੀਆਂ ਬੀਮਾਰੀ ਦਾ ਕਾਰਨ ਬਣ ਰਹੇ ਹਨ ਜੋ ਲਾਪ੍ਰਵਾਹੀ ਕਰਨ ਨਾਲ ਭਵਿੱਖ ‘ਚ ਅਪੰਗਤਾ ਅਤੇ ਮੌਤ ਦਾ ਕਾਰਨ ਵੀ ਬਣਦੇ ਜਾ ਰਹੇ ਹਨ। ਅੱਜ 60000 ਤੋਂ ਵੱਧ ਕੈਨੇਡੀਅਨ ਅਖਿਰੀ ਸਟੇਜ਼ ਦੀ ਬਿਮਾਰੀ ਦੀ ਨਾਲ ਜੀਅ ਰਹੇ ਹਨ। ਕਰੀਬਨ 31000 ਡਾਇਸਿਸ ‘ਤੇ ਨਿਰਭਰ ਹਨ, ਜੱਦ ਕਿ 20000 ਤੋਂ ਵੱਧ ਕਾਰਜਸ਼ੀਲ ਕਿਡਨੀ ਟ੍ਰਾਂਸਪਲਾਂਟ ਨਾਲ ਜੀਅ ਰਹੇ ਹਨ।

ਕਾਰਨਾਂ ‘ਚ ਸ਼ੂਗਰ ਗੁਰਦੇ ਦੀ ਬਿਮਾਰੀ ਦਾ ਮੁੱਖ ਕਾਰਨ ਲੱਗਭਗ 45% ਨਵੇਂ ਮਾਮਲਿਆਂ ਲਈ ਜਿੰਮੇਵਾਰ ਹੈ। ਹਾਈਪਰਟੈਂਨਸ਼ਨ ਡੇਲੀ 46% ਨਵੇਂ ਮਾਮਲਿਆਂ ਲਈ ਜਿੰਮੇਵਾਰ ਦੇਖਿਆ ਜਾ ਰਿਹਾ ਹੈ। ਹੋਰ ਕਾਰਨ ਜਿਵੇਂ ਕਿ ਗਲੋਮੇਰੂਲੋਨੇਫ੍ਰਾਈਟਿਸ, ਪੋਲੀਸਿਸਟਿਕ ਕਿਡਨੀ ਦੇ ਵਿਰਾਸਤੀ ਰੋਗ ਅਤੇ ਕੁੱਝ ਦਵਾਈਆਂ ਲੰਬੇ ਸਮੇਂ ਤੱਕ ਇਸਤੇਮਾਲ ਕਰਨ ਨਾਲ ਵੀ ਕਿਡਨੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ।

ਬਿਗੜ ਰਿਹਾ ਲਾਈਫਸਟਾਈਲ ਯਾਨਿ ਅਨਹੈਲਦੀ ਖ਼ੁਰਾਕ ਅਤੇ ਘੱਟ ਸਰੀਰਕ ਐਕਟੀਵਿਟੀ ਵੀ ਕਿਡਨੀ ਰੋਗਾਂ ਨੂੰ ਵਧਾ ਰਹੀ ਹੈ।

ਗੁਰਦੇ ਸਰੀਰ ਦੇ ਖਾਸ ਅੰਗ ਹਨ ਜੋ ਖ਼ੂਨ ਨੂੰ ਸਾਫ ਕਰਦੇ ਹਨ ਅਤੇ ਬੇਕਾਰ ਪਦਾਰਥ ਬਾਹਰ ਕੱਢਦੇ ਹਨ। ਗੁਰਦੇ ਦੀ ਕਾਰਜਸ਼ੀਲਤਾ ‘ਚ ਆਈ ਕੋਈ ਵੀ ਗੜਬੜ ਅੱਗੇ ਜਾ ਕੇ ਖਤਰਨਾਕ ਹਾਲਾਤ ਪੈਦਾ ਕਰ ਦਿੰਦੀ ਹੈ।

ਆਮ ਕਿਡਨੀ ਰੋਗ: ਕਿਡਨੀ ‘ਚ ਪੱਥਰੀ ਦਾ ਬਣ ਜਾਣਾ:



ਪੱਥਰੀ ਦੀ ਹਾਲਤ ‘ਚ ਰੋਗੀ ਨੂੰ ਘਬਰਾਹਟ ਨਾਲ ਉਲਟੀ ਆ ਸਕਦੀ ਹੈ। ਤਿੱਖਾ ਦਰਦ ਪਿੱਠ ਜਾਂ ਪਾਸੇ ‘ਚ ਸ਼ੁਰੂ ਹੋ ਜਾਂਦਾ ਹੈ। ਪਿਸ਼ਾਬ ‘ਚ ਖ਼ੂਨ ਵੀ ਆ ਸਕਦਾ ਹੈ।

ਕਿਡਨੀ ਇਨਫੈਕਸ਼ਨ ਦੀ ਹਾਲਤ ‘ਚ ਰੋਗੀ ਨੂੰ ਬੁਖਾਰ ਹੋ ਜਾਂਦਾ ਹੈ। ਪਿਸ਼ਾਬ ‘ਚ ਜਲਨ ਦੇ ਨਾਲ-ਨਾਲ ਰਗੀ ਨੂੰ ਬਾਰ-ਬਾਰ ਪਿਸ਼ਾਬ ਆਉਣਾ ਸ਼ੁਰੂ ਹੋ ਜਾਂਦਾ ਹੈ।

ਪੁਰਾਣੇ ਕਿਡਨੀ ਰੋਗਾਂ ‘ਚ ਗੁਰਦੇ ਦੀ ਕੰਮ ਕਰਨ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਹਾਲਤ ‘ਚ ਭੁੱਖ ਘੱਟ ਜਾਂਦੀ ਹੈ। ਰੋਗੀ ਹਮੇਸ਼ਾ ਥੱਕਿਆ ਮਹਿਸੂਸ ਕਰਦਾ ਹੈ। ਪੈਰਾਂ ‘ਚ ਸੂਜਨ ਰਹਿਣ ਲੱਗ ਪੈਂਦੀ ਹੈ।

ਐਕਿਊਟ ਕਿਡਨੀ ਫੇਲੀਅਰ: ਅਚਾਨਕ ਗੁਦੇ ਕੰਮ ਕਰਨਾ ਬੰਦ ਕਰ ਦਿੰਦੇ ਹਨ। ਅਜਿਹਾ ਦਵਾਈਆਂ ਦੀ ਜ਼ਿਆਦਾ ਵਰਤੋਂ ਡੀਹਾਈਡ੍ਰੇਸ਼ਨ ਅਤੇ ਸਰੀਰ ਅੰਦਰ ਜ਼ਹਿਰੀਲੇ ਪਦਾਰਥਾਂ ਦੀ ਮੌਜ਼ੂਦਗੀ ਦੇਖੀ ਜਾਂਦੀ ਹੈ।

ਪ੍ਰੋਟੀਨਯੁਰੀਆ: ਇਹ ਗੁਰਦੇ ਦੀ ਖਰਾਬੀ ਦਾ ਸੰਕੇਤ ਹੁੰਦਾ ਹੈ। ਪਿਸ਼ਾਬ ‘ਚ ਪ੍ਰੋਟੀਨ ਆਉਣਾ ਸ਼ੁਰੂ ਹੋ ਜਾਂਦਾ ਹੈ।

ਇਸ ਹਾਲਤ ‘ਚ ਪਿਸ਼ਾਬ ਦੀ ਮਾਤਰਾ ‘ਚ ਬਦਲਾਅ ਦੇ ਨਾਲ ਪਿਸ਼ਾਬ ‘ਚ ਖ਼ੂਨ ਜਾਂ ਝੱਗ ਦੇਖਣ ਨੂੰ ਮਿਲਦੀ ਹੈ। ਅੱਖਾਂ ਅਤੇ ਪੈਰਾਂ ਦੇ ਆਲੇ-ਦੁਆਲੇ ਸੂਜਨ ਆ ਜਾਂਦੀ ਹੈ।ਬਲੱਡ-ਪ੍ਰੈਸ਼ਰ ਕਾਫੀ ਜ਼ਿਆਦਾ ਹੋ ਜਾਂਦਾ ਹੈ।

ਕਿਡਨੀ ਰੋਗਾਂ ਦੇ ਆਮ ਕਾਰਨ ਡਾਇਬਟੀਜ਼, ਹਾਈ ਬਲੱਡ-ਪ੍ਰੈਸ਼ਰ ਰਹਿਣਾ, ਪਾਣੀ ਘੱਟ ਪੀਣ ਦੀ ਆਦਤ, ਜ਼ਿਆਦਾ ਜੰਕ ਫੂਡ ਅਤੇ ਨਮਕ ਦੀ ਵੱਧ ਵਰਤੋਂ ਅਤੇ ਪੇਨ-ਕਿਲਰ ਦਵਾਈਆਂ ਨੂੰ ਜਿੰਮੇਵਾਰ ਮੰਨਿਆ ਜਾ ਰਿਹਾ ਹੈ।

ਜਰੂਰੀ ਹੈ ਕਿਡਨੀ ਦੀ ਦੇਖਭਾਲ:

- ਡੇਲੀ ਵੱਧ ਤੋਂ ਵੱਧ ਯਾਨਿ 8-10 ਗਲਾਸ ਪਾਣੀ ਪੀਣ ਦੀ ਆਦਤ ਪਾ ਲੈਣੀ ਚਾਹੀਦੀ ਹੈ। ਕਿਉਂਕਿ ਸਰੀਰ ਨੂੰ ਹਾਈਡ੍ਰੇਟ ਰੱਖਣਾ ਬਹੁਤ ਜਰੂਰੀ ਹੈ।
- ਫ੍ਰੋਜ਼ਨ ਫੂਡ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਦੀ ਵਰਤੋਂ ਕਰੋ।
- ਨਮਕ ਰੂਟੀਨ ‘ਚ ਘੱਟ ਖਾਓ।
- ਤੰਦਰੁਸਤ ਵਿਅਕਤੀ ਨੂੰ ਵੀ ਆਪਣੇ ਬਲੱਡ-ਟੈਸਟ ਅਤੇ ਪਿਸ਼ਾਬ ਦੀ ਜਾਂਚ ਸਮੇਂ-ਸਮੇਂ ਤੇ ਕਰਾਉਣੀ ਚਾਹੀਦੀ ਹੈ। ਇਸ ਨਾਲ ਸਰੀਰ ਅਤੇ ਮਨ ਦੀ ਕੋਈ ਵੀ ਗੜਬੜ ਸਾਹਮਣੇ ਆ ਜਾਂਦੀ ਹੈ।
- ਡੇਲੀ ਯੋਗਾ, ਮੇਡੀਟੇਸ਼ਨ ਅਤੇ ਵਰਕਆਉਟ ਹੈਲਦੀ ‘ਤੇ ਰੋਗੀ ਦੋਨਾਂ ਲਈ ਜਰੂਰੀ ਹੈ।
- ਹੈਲਦੀ ਖ਼ੁਰਾਕ, ਕਸਰਤ, ਸੈਰ, ਅਤੇ ਦਵਾਈ ਨਾਲ ਡਾਇਬਟੀਜ਼ ‘ਤੇ ਹਾਈ ਬਲੱਡ-ਪ੍ਰੈਸ਼ਰ ਨੂੰ ਹਮੇਸ਼ਾ ਕੰਟ੍ਰੋਲ ‘ਚ ਰੱਖੋ।
- ਲੰਬੀ ਹੈਲਦੀ ਜ਼ਿੰਦਗੀ ਜਉਣਿ ਲਈ ਹਰ ਕਿਸਮ ਦੇ ਨਸ਼ੇ ਤੋਂ ਦੂਰ ਰਹਿਣ ਦੀ ਲੋੜ ਹੋ ਗਈ ਹੈ।
- ਗਰਮ ਮੌਸਮ ‘ਚ ਨਾਰੀਅਲ ਪਾਣੀ ਅਤੇ ਨਿੰਬੂ-ਪਾਣੀ ਜ਼ਿਆਦਾ ਪੀਓ।
- ਸਲਾਦ ‘ਚ ਖੀਰਾ, ਕੱਕੜੀ, ਕੱਚਾ ਆਂਵਲਾ, ਹਰਾ ਧਨੀਆ ਸ਼ਾਮਿਲ ਕਰ ਸਕਦੇ ਹੋ। ਗਰਮ ਮੌਸਮ ‘ਚ ਤਰਬੂਜ਼, ਪਪੀਤਾ, ਜ਼ਿਆਦਾ ਖਾਓ।

ਨੋਟ: ਸ਼ੁਰੂ ‘ਚ ਕਿਡਨੀ ਦੇ ਰੋਗਾਂ ਦਾ ਪਤਾ ਨਹੀਂ ਲੱਗਦਾ। ਸਮੇਂ-ਸਮੇਂ ‘ਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਟੈਟਸ ਕਰਾਉਂਦੇ ਰਹੋ। ਖਾਣ-ਪੀਣ ਦਾ, ਵਰਕਆਉਟ ਦਾ ਖਾਸ ਖਿਆਲ ਰੱਖਣ ਦੀ ਲੋੜ ਹੋ ਗਈ ਹੈ। ਆਪਣੇ ਆਪ ਕੋਈ ਵੀ ਖ਼ੁਰਾਕ, ਦਵਾਈ ਨਾ ਸ਼ੁਰੂ ਕਰੌ ਅਤੇ ਨਾ ਹੀ ਬੰਦ ਕਰੋ। ਸਾਵਧਾਨੀ ਦੀ ਲੋੜ ਹੈ।

Columnist. Alternative Therapist. Health Educator award winner. Social activist. Certified by W.H.O, UNICEF & Canadian Red Cross : PFA. Canada. Global Health Reporter. NTDP Skin Issues: Psoriasis- 2025. GNT Diseases-2023. Air Pollution n Health-2023. Writer: ‘Self-care Tips Encyclopedia’

# ਔਰਤਾਂ ’ਚ ਹਾਰਟ ਅਟੈਕ ਹੋਣ ਤੋਂ ਪਹਿਲਾਂ ਮਿਲਦੇ ਨੇ ਕਈ ਸੰਕੇਤ

ਹਾਰਟ ਅਟੈਕ ਔਰਤਾਂ ਵਿੱਚ ਮੌਤ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਸ ਦੇ ਬਾਵਜੂਦ ਔਰਤਾਂ ਵਿੱਚ ਹਾਰਟ ਅਟੈਕ ਦੇ ਲੱਛਣਾਂ ਨੂੰ ਸਮੇਂ ਸਿਰ ਪਛਾਣਨ ਵਿੱਚ ਦੇਰ ਹੋ ਜਾਂਦੀ ਹੈ। ਪਰ ਅਜਿਹਾ ਕਿਉਂ ਹੈ ਕਿ ਔਰਤਾਂ ਵਿੱਚ ਇਹ ਜਾਨਲੇਵਾ ਸਥਿਤੀ ਅਕਸਰ ਪਕੜ ਵਿੱਚ ਨਹੀਂ ਆਉਂਦੀ। ਇਸ ਦੇ ਪਿੱਛੇ ਕਈ ਕਾਰਨ ਲੁਕੇ ਹੋਏ ਹਨ।

ਮਰਦਾਂ ਵਿੱਚ ਹਾਰਟ ਅਟੈਕ ਦਾ ਸਭ ਤੋਂ ਆਮ ਲੱਛਣ ਛਾਤੀ ਵਿੱਚ ਤੇਜ਼ ਦਰਦ ਜਾਂ ਭਾਰੀਪਣ ਹੁੰਦਾ ਹੈ। ਔਰਤਾਂ ਵਿੱਚ ਵੀ ਛਾਤੀ ਵਿੱਚ ਦਰਦ ਹੋ ਸਕਦਾ ਹੈ, ਪਰ ਉਹ ਅਕਸਰ ਅਜਿਹੇ ਲੱਛਣਾਂ ਦਾ ਅਨੁਭਵ ਕਰਦੀਆਂ ਹਨ ਜਿਨ੍ਹਾਂ ਨੂੰ ਅਸਧਾਰਨ ਮੰਨਿਆ ਜਾਂਦਾ ਹੈ:

ਮੋਢੇ, ਪਿੱਠ ਜਾਂ ਗਰਦਨ ਵਿੱਚ ਦਰਦ: ਦਰਦ ਸਿਰਫ਼ ਛਾਤੀ ਤੱਕ ਸੀਮਤ ਨਾ ਰਹਿ ਕੇ ਸਰੀਰ ਦੇ ਉੱਪਰਲੇ ਹਿੱਸਿਆਂ ਵਿੱਚ ਫੈਲ ਸਕਦਾ ਹੈ।

ਬਹੁਤ ਜ਼ਿਆਦਾ ਥਕਾਵਟ: ਬਿਨਾਂ ਕਿਸੇ ਮਿਹਨਤ ਦੇ ਅਚਾਨਕ ਕਮਜ਼ੋਰੀ ਜਾਂ ਭਾਰੀ ਥਕਾਵਟ ਮਹਿਸੂਸ ਹੋਣਾ।

ਸਾਹ ਫੁੱਲਣਾ: ਥੋੜ੍ਹਾ ਚੱਲਣ ਜਾਂ ਬੈਠੇ-ਬੈਠੇ ਵੀ ਸਾਹ ਲੈਣ ਵਿੱਚ ਤਕਲੀਫ਼ ਹੋਣਾ।

ਪਾਚਨ ਸੰਬੰਧੀ ਸਮੱਸਿਆਵਾਂ: ਪੇਟ ਖ਼ਰਾਬ ਹੋਣਾ, ਜੀਅ ਕੱਚਾ ਹੋਣਾ ਜਾਂ ਬਦਹਜ਼ਮੀ ਮਹਿਸੂਸ ਹੋਣਾ, ਜਿਸ ਨੂੰ ਅਕਸਰ ਗੈਸ ਸਮਝ ਕੇ



ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।

ਘਬਰਾਹਟ ਅਤੇ ਬੇਚੈਨੀ: ਬਿਨਾਂ ਕਿਸੇ ਕਾਰਨ ਦੇ ਤੇਜ਼ ਚਿੰਤਾ ਜਾਂ ਪਸੀਨਾ ਆਉਣਾ।

ਇਹ ਲੱਛਣ ਛਾਤੀ ਵਿੱਚ ਦਰਦ ਦੇ ਨਾਲ ਵੀ ਹੋ ਸਕਦੇ ਹਨ ਅਤੇ ਉਸ ਤੋਂ ਬਿਨਾਂ ਵੀ, ਜਿਸ ਕਾਰਨ ਔਰਤ ਨੂੰ ਇਹ ਅੰਦਾਜ਼ਾ ਹੀ ਨਹੀਂ ਲੱਗ ਪਾਉਂਦਾ ਕਿ ਸਮੱਸਿਆ ਦਿਲ ਨਾਲ ਜੁੜੀ ਹੋਈ ਹੈ।

ਲੱਛਣਾਂ ਨੂੰ ਘੱਟ ਸਮਝਣਾ

ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਕਰਕੇ ਔਰਤਾਂ ਅਕਸਰ ਆਪਣੀ ਸਿਹਤ ਨੂੰ ਪਹਿਲ ਨਹੀਂ ਦਿੰਦੀਆਂ। ਉਹ ਲੱਛਣਾਂ ਨੂੰ ਥਕਾਵਟ, ਤਣਾਅ ਜਾਂ ਉਮਰ ਦਾ ਅਸਰ ਮੰਨ ਕੇ ਟਾਲ ਦਿੰਦੀਆਂ ਹਨ। ਹਸਪਤਾਲ ਜਾਣ ਵਿੱਚ ਦੇਰੀ ਕਰਨਾ ਇਲਾਜ ਦੇ ‘ਗੋਲਡਨ ਆਵਰ’ (ਕੀਮਤੀ ਸਮਾਂ) ਨੂੰ ਖ਼ਤਮ ਕਰ ਦਿੰਦਾ ਹੈ।

ਬਚਾਅ ਲਈ ਕੀ ਕਰੀਏ?

ਲੱਛਣ ਅਣਦੇਖੇ ਨਾ ਕਰੋ: ਜੇਕਰ ਤੁਹਾਨੂੰ ਅਚਾਨਕ ਥਕਾਵਟ ਜਾਂ ਦਰਦ ਮਹਿਸੂਸ ਹੋ ਰਿਹਾ ਹੈ ਜੋ ਪਹਿਲਾਂ ਕਦੇ ਨਹੀਂ ਹੋਇਆ, ਤਾਂ ਉਸ ਨੂੰ ਨਜ਼ਰਅੰਦਾਜ਼ ਨਾ ਕਰੋ।

ਖ਼ਤਰੇ ਦੇ ਕਾਰਕਾਂ ਨੂੰ ਸਮਝੋ: ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਤਣਾਅ ਅਤੇ ਮੀਨੋਪੌਜ਼ (ਮਾਹਵਾਰੀ ਬੰਦ ਹੋਣ) ਤੋਂ ਬਾਅਦ ਵਧਦਾ ਭਾਰ ਹਾਰਟ ਡਿਜ਼ੀਜ਼ ਦੇ ਖ਼ਤਰੇ ਨੂੰ ਵਧਾ ਦਿੰਦਾ ਹੈ।

ਤੁਰੰਤ ਡਾਕਟਰੀ ਸਹਾਇਤਾ: ਜੇਕਰ ਸਾਹ ਫੁੱਲਣ ਜਾਂ ਪਿੱਠ/ਮੋਢੇ ਵਿੱਚ ਦਰਦ ਦੇ ਨਾਲ ਬੇਚੈਨੀ ਹੋ ਰਹੀ ਹੈ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
’ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

..............................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 17-04

....................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

Professionally qualified match from decent Sikh family for our son 30, 5’10 “turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ ‘ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ ‘ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5’3” tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12



# ਸਾਹਿਤ ਸਭਾ ਸਰੀ ਦੀ ਮਾਸਿਕ ਇਕੱਤਰਤਾ: ਪਾਸ਼ ਦੀ ਯਾਦ ਅਤੇ ਕਾਵਿ ਰਚਨਾਵਾਂ ਨਾਲ ਸਜੀ ਮਹਿਫ਼ਲ



ਸਰੀ, (ਹਰਦਮ ਮਾਨ): ਸਾਹਿਤਕ ਸਰਗਰਮੀਆਂ ਦੀ ਗਤੀਸ਼ੀਲਤਾ ਨੂੰ ਬਰਕਰਾਰ ਰੱਖਦਿਆਂ ਸਾਹਿਤ ਸਭਾ ਸਰੀ ਦੀ ਮਹੀਨਾਵਾਰ ਮੀਟਿੰਗ ਪੰਜਾਬ ਭਵਨ ਸਰੀ ਵਿਖੇ ਹੋਈ। ਇੰਦਰਜੀਤ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ ਵਿੱਚ ਜਿੱਥੇ ਕਾਵਿਕ ਰੰਗ ਬਿਖਰੇ, ਉੱਥੇ ਹੀ ਜੁਝਾਰਵਾਦੀ ਕਵੀ ਪਾਸ਼ ਦੇ ਜੀਵਨ ਅਤੇ ਫ਼ਲਸਫ਼ੇ ’ਤੇ ਡੂੰਘੀ ਚਰਚਾ ਕੀਤੀ ਗਈ। ਸਮਾਗਮ ਦਾ ਆਗਾਜ਼ ਕਰਦਿਆਂ ਇੰਦਰਜੀਤ ਸਿੰਘ ਧਾਮੀ ਨੇ ਕ੍ਰਾਂਤੀਕਾਰੀ ਕਵੀ ਪਾਸ਼ ਦੀ ਕਵਿਤਾ, ਉਸ ਦੇ ਜੀਵਨ ਸੰਘਰਸ਼ ਅਤੇ ਸਮਾਜਿਕ ਚੇਤਨਾ ਬਾਰੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਇਸ ਉਪਰੰਤ ਪ੍ਰੋ. ਕਸ਼ਮੀਰਾ ਸਿੰਘ ਨੇ ਪਾਸ਼ ਦੀ ਵਿਚਾਰਧਾਰਾ ਅਤੇ ਨਕਸਲਬਾੜੀ ਲਹਿਰ ਦੇ ਦੌਰ ਦੀਆਂ ਯਾਦਾਂ ਤਾਜ਼ਾ ਕਰਦਿਆਂ ਦੱਸਿਆ ਕਿ ਪਾਸ਼ ਦੀ ਲੇਖਣੀ ਅੱਜ ਦੇ ਦੌਰ ਵਿੱਚ ਵੀ ਕਿੰਨੀ ਪ੍ਰਾਸੰਗਿਕ ਹੈ। ਹਾਜ਼ਰ ਬੁੱਧੀਜੀਵੀਆਂ ਨੇ ਵੀ ਇਸ ਚਰਚਾ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਮੀਟਿੰਗ ਦਾ ਦੂਜਾ ਪੜਾਅ ਬੇਹੱਦ ਦਿਲਚਸਪ ਰਿਹਾ, ਜਿਸ ਵਿੱਚ ਵੱਖ-ਵੱਖ ਸ਼ਾਇਰਾਂ ਨੇ ਆਪਣੀਆਂ ਤਾਜ਼ਾ ਰਚਨਾਵਾਂ ਨਾਲ ਹਾਜ਼ਰੀ ਲਵਾਈ। ਕਾਵਿ-ਮਹਿਫ਼ਲ ਵਿੱਚ ਸੁਖਦੇਵ ਸਿੰਘ ਸੰਧੂ, ਸ਼ਾਨ ਗਿੱਲ, ਮੋਹਣ ਸਿੰਘ ਗਿੱਲ, ਦਰਸ਼ਨ ਸੰਘਾ, ਹਰਜਿੰਦਰ ਚੀਮਾ ਅਤੇ ਵੀਤ ਬਾਦਸ਼ਾਹਪੁਰੀ ਨੇ ਆਪਣੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਮਾਹੌਲ ਨੂੰ ਸਾਹਿਤਕ ਰੰਗ ਵਿੱਚ ਰੰਗ ਦਿੱਤਾ।

ਇਸ ਦੇ ਨਾਲ ਹੀ ਨਰਿੰਦਰ ਬਾਹੀਆ, ਮਹਿੰਦਰਪਾਲ ਸਿੰਘ ਪਾਲ, ਹਰਭਜਨ ਗਿੱਲ (ਕਾਮਾਗਾਟਾਮਾਰੂ), ਕਵਿੰਦਰ ਚਾਂਦ, ਗੁਰਮੀਤ ਕਾਲਕਟ, ਰਣਜੀਤ ਨਿੱਝਰ, ਕ੍ਰਿਸ਼ਨ ਬੈਕਟਰ, ਸੁਖਦੇਵ ਦਰਦੀ, ਬਲਜਿੰਦਰ ਸੰਧੂ, ਨਿਰਮਲ ਗਿੱਲ, ਕਸ਼ਮੀਰਾ ਸਿੰਘ ਗਿੱਲ, ਅਨਿਲ ਜੋਸ਼ੀ, ਜਸਵੀਰ ਸਿੰਘ ਭਲੂਰੀਆ, ਮਨਜੀਤ ਬੇਦੀ, ਸੁਖਪ੍ਰੀਤ ਸਿੰਘ ਦੌਲਤ, ਸੁਖਬੀਰ ਸਿੰਘ ਮੋਹਾਲੀ ਅਤੇ ਬਲਵਿੰਦਰ ਰੋਡੇ ਨੇ ਵੱਖ ਵੱਖ ਵਿਸ਼ਿਆਂ ’ਤੇ ਅਧਾਰਿਤ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖੂਬ ਦਾਦ ਹਾਸਲ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸਟੇਜ ਸੰਚਾਲਨ ਇੰਦਰਜੀਤ ਸਿੰਘ ਧਾਮੀ ਨੇ ਬਾਖ਼ੂਬੀ ਕੀਤਾ।

# ਸ਼ਬਦਾਂ ਦੀ ਲੋਅ ’ਚ ਮਨਾਇਆ ਗਿਆ ਸ਼ਾਇਰ ਮੋਹਨ ਗਿੱਲ ਦਾ ਜਨਮ ਦਿਨ



ਸਰੀ, (ਹਰਦਮ ਮਾਨ): ਜਦੋਂ ਅਹਿਸਾਸਾਂ ਦੇ ਵਣਜਾਰੇ ਅਤੇ ਅਦਬੀ ਰੂਹਾਂ ਇੱਕ ਜਗ੍ਹਾ ਜੁੜਦੀਆਂ ਹਨ ਤਾਂ ਮਾਹੌਲ ਵਿੱਚ ਖ਼ੁਦ-ਬ-ਖ਼ੁਦ ਇਲਹਾਮ ਵਰਗੀ ਬਰਕਤ ਉੱਤਰ ਆਉਂਦੀ ਹੈ। ਬੀਤੇ ਦਿਨੀਂ ਸਰੀ ਦੀ ਫ਼ਿਜ਼ਾ ਵਿੱਚ ਅਜਿਹੀ ਹੀ ਇੱਕ ਸਾਹਿਤਕ ਮਹਿਕ ਘੁਲੀ, ਜਦੋਂ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਲੇਖਕ ਮਿੱਤਰਾਂ ਵੱਲੋਂ ਪੰਜਾਬੀ ਅਦਬ ਦੇ ਮਾਣਮੱਤੇ ਹਸਤਾਖਰ, ਪ੍ਰਸਿੱਧ ਸ਼ਾਇਰ ਮੋਹਨ ਗਿੱਲ ਦਾ ਜਨਮ ਦਿਨ ਬੇਹੱਦ ਅਕੀਦਤ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਗੁਲਾਟੀ ਪਬਲਿਸ਼ਰਜ਼ ਲਿਮਟਿਡ ਦੇ ਵਿਹੜੇ ਸ਼ਬਦਾਂ ਦੀ ਲੋਅ ਵਿੱਚ ਸਜੀ ਇਸ ਵਿਸ਼ੇਸ਼ ਇਕੱਤਰਤਾ ਵਿੱਚ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਜਸਵਿੰਦਰ, ਅੰਗਰੇਜ਼ ਬਰਾੜ, ਹਰਦਮ ਮਾਨ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ ਅਤੇ ਪਰਮਜੀਤ ਸਿੰਘ ਸੇਖੋਂ ਵਰਗੀਆਂ ਸਾਹਿਤਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਸਭਨਾਂ ਨੇ ਮੋਹਨ ਗਿੱਲ ਨੂੰ ਜਨਮ ਦਿਨ ਦੀਆਂ ਦਿਲੀ ਮੁਬਾਰਕਾਂ ਦਿੰਦਿਆਂ ਉਨ੍ਹਾਂ ਦੀ ਲੰਮੀ ਉਮਰ, ਖੁਸ਼ਹਾਲੀ ਅਤੇ ਸਿਹਤਯਾਬੀ ਦੀ ਕਾਮਨਾ ਕੀਤੀ। ਇਸ ਖ਼ੁਸ਼ੀ ਦੇ ਮੌਕੇ ਇੱਕ ਔਰਗੈਨਿਕ ਕੇਕ ਕੱਟ ਕੇ ਮੁਹੱਬਤਾਂ ਦੀ ਸਾਂਝ ਪਕੇਰੀ ਕੀਤੀ ਗਈ।

ਇਸ ਮੌਕੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਸ਼ਾਇਰ ਮੋਹਨ ਗਿੱਲ ਨੇ ਬੇਹੱਦ ਨਿਮਰਤਾ ਨਾਲ ਕਿਹਾ ਕਿ ਉਹ ਆਪਣੀ ਸਮੁੱਚੀ ਜੀਵਨ-ਯਾਤਰਾ ਤੋਂ ਪੂਰਨ ਤੌਰ ’ਤੇ ਸੰਤੁਸ਼ਟ ਹਨ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਸਾਥੀਆਂ ਨੂੰ ਆਪਣੇ ਜੀਵਨ ਦਾ ਬੇਸ਼ਕੀਮਤੀ ਸਰਮਾਇਆ ਦੱਸਦਿਆਂ ਕਿਹਾ ਕਿ ਇਨ੍ਹਾਂ ਦੋਸਤਾਂ ਦਾ ਸਹਿਯੋਗ ਉਨ੍ਹਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਅੰਤ ਵਿੱਚ ਉਨ੍ਹਾਂ ਨੇ ਸਾਰੇ ਸਨੇਹੀਆਂ ਵੱਲੋਂ ਦਿੱਤੇ ਗਏ ਇਸ ਮਾਣ-ਸਤਿਕਾਰ ਲਈ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਗ਼ਜ਼ਲ ਮੰਚ ਸਰੀ ਵੱਲੋਂ 24 ਮਈ ਨੂੰ ਸਜਾਈ ਜਾਵੇਗੀ ਗ਼ਜ਼ਲ ਗਾਇਕੀ ਦੀ ‘ਸੁਰੀਲੀ ਸ਼ਾਮ’

ਸਰੀ, (ਹਰਦਮ ਮਾਨ): ਸਰੀ ਦੀ ਨਾਮਵਰ ਸੰਸਥਾ ‘ਗ਼ਜ਼ਲ ਮੰਚ ਸਰੀ’ ਵੱਲੋਂ ਗ਼ਜ਼ਲ ਪ੍ਰੇਮੀਆਂ ਲਈ ਇੱਕ ਬਹੁਤ ਹੀ ਸ਼ਾਨਦਾਰ ਗ਼ਜ਼ਲ ਗਾਇਕੀ ਦਾ ਪ੍ਰੋਗਰਾਮ ‘ਸੁਰੀਲੀ ਸ਼ਾਮ-2026’ ਕਰਵਾਇਆ ਜਾ ਰਿਹਾ ਹੈ। ਇਹ ਪ੍ਰੋਗਰਾਮ 24 ਮਈ 2026 ਨੂੰ ਰਿਫ਼ਲੈਕਸ਼ਨ ਬੈਂਕੁਇੱਟ ਹਾਲ (6638 152A St, Surrey BC V3S 7J1) ਵਿਖੇ ਸਵੇਰੇ 11:00 ਵਜੇ ਤੋਂ ਦੁਪਹਿਰ 3:30 ਵਜੇ ਤੱਕ ਹੋਵੇਗਾ।

ਇਸ ਸੰਗੀਤਮਈ ਸ਼ਾਮ ਦੀ ਖ਼ਾਸੀਅਤ ਇਹ ਹੋਵੇਗੀ ਕਿ ਇਸ ਵਿੱਚ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ ਦੇ ਨਾਮਵਰ ਫ਼ਨਕਾਰ ਆਪਣੀ ਆਵਾਜ਼ ਦਾ ਜਾਦੂ ਬਿਖੇਰਨਗੇ। ਪ੍ਰੋਗਰਾਮ ਵਿੱਚ ਮੁੱਖ ਤੌਰ ’ਤੇ ਅਭਿਸ਼ੇਕ, ਭਗਤਜੀਤ ਸਿੰਘ, ਪਰਖਜੀਤ ਸਿੰਘ, ਸਾਂਝ ਜੌੜਾ ਅਤੇ ਸੁਖਦੇਵ ਸਾਹਿਲ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ-ਮੁਗਧ ਕਰਨਗੇ।

ਪ੍ਰਬੰਧਕਾਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਪ੍ਰੋਗਰਾਮ ਲਈ ਕੋਈ ਟਿਕਟ ਨਹੀਂ ਰੱਖੀ ਗਈ ਹੈ ਅਤੇ ਦਾਖ਼ਲਾ ਬਿਲਕੁਲ ਮੁਫ਼ਤ ਹੈ। ਗ਼ਜ਼ਲ ਮੰਚ ਸਰੀ ਨੇ ਸਮੂਹ ਸੰਗੀਤ ਪ੍ਰੇਮੀਆਂ ਨੂੰ ਇਸ ਸੁਰੀਲੀ ਸ਼ਾਮ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ ਦਿੱਤਾ ਹੈ। ਵਧੇਰੇ ਜਾਣਕਾਰੀ ਲਈ ਚਾਹਵਾਨ ਸੱਜਣ ਦਵਿੰਦਰ ਗੌਤਮ ਨਾਲ ਫੋਨ ਨੰਬਰ 604) 825-6960 ’ਤੇ ਸੰਪਰਕ ਕਰ ਸਕਦੇ ਹਨ।




# ਲੋਕ ਕਵੀ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਸਾਹਿਤਕ ਸਮਾਗਮ 16 ਮਈ ਨੂੰ

ਸਰੀ, (ਹਰਦਮ ਮਾਨ): ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ 12ਵਾਂ ਛਿਮਾਹੀ ਸਾਹਿਤਕ ਸਮਾਗਮ 16 ਮਈ 2026, ਦਿਨ ਸ਼ਨਿੱਚਰਵਾਰ ਨੂੰ 10350 ਸਿਟੀ ਸੈਂਟਰ ਲਾਇਬ੍ਰੇਰੀ, ਸਰੀ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਸਾਧਾਰਨ ਲੋਕਾਂ ਦੇ ਮਹਾਨ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਨੂੰ ਸਮਰਪਿਤ ਹੋਵੇਗਾ, ਜਿਸ ਵਿੱਚ ਕਵੀ ਦਰਬਾਰ ਅਤੇ ‘ਕਿਰਤ ਦੀ ਕਦਰ’ ਵਿਸ਼ੇ ’ਤੇ ਵਿਸ਼ੇਸ਼ ਵਿਚਾਰ ਚਰਚਾ ਕੀਤੀ ਜਾਵੇਗੀ। ਸੰਸਥਾ ਦੇ ਸੰਸਥਾਪਕ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਦੱਸਿਆ ਹੈ ਕਿ ਇਸ ਸਮਾਗਮ ਲਈ ਡਾ. ਗੁਰਵਿੰਦਰ ਸਿੰਘ ਧਾਲੀਵਾਲ (ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁੱਢਲੀ ਐਬਟਸਫੋਰਡ), ਟੀ.ਵੀ. ਹੋਸਟ ਮਨਮੋਹਨ ਸਿੰਘ ਸਮਰਾ ਅਤੇ ਤੇਜਬੀਰ ਟਾਕ ਚੈਨਲ ਤੋਂ ਡਾ. ਤੇਜਬੀਰ ਸਿੰਘ ਸੰਧੂ ਵਿਸ਼ੇਸ਼ ਤੌਰ ’ਤੇ ਮਹਿਮਾਨਾਂ ਦੀ ਉਡੀਕ ਵਿੱਚ ਰਹਿਣਗੇ। ਸਭਾ ਵੱਲੋਂ ਸਮੂਹ ਸਾਹਿਤ ਪ੍ਰੇਮੀਆਂ ਅਤੇ ਬੁੱਧੀਜੀਵੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।



# ਕੈਨੇਡਾ ਵਿੱਚ ਹੋਂਡਾ ਦੇ 15 ਬਿਲੀਅਨ ਡਾਲਰ ਦੇ ਈਵੀ ਪ੍ਰੋਜੈਕਟ ’ਤੇ ਸੰਕਟ ਦੇ ਬੱਦਲ



ਸਰੀ, (ਏਕਜੋਤ ਸਿੰਘ): ਉਦਯੋਗ ਮੰਤਰੀ ਮੇਲਾਨੀ ਜੋਲੀ ਦੇ ਦਫ਼ਤਰ ਨੇ ਜਾਣਕਾਰੀ ਦਿੱਤੀ ਹੈ ਕਿ ਉਹ ਹੋਂਡਾ ਮੋਟਰ ਕੰਪਨੀ ਨਾਲ ਲਗਾਤਾਰ ਸੰਪਰਕ ਵਿੱਚ ਹਨ। ਇਹ ਬਿਆਨ ਇੱਕ ਜਪਾਨੀ ਰਿਪੋਰਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਹੋਂਡਾ ਕੈਨੇਡਾ ਵਿੱਚ ਆਪਣੀ 15 ਬਿਲੀਅਨ ਡਾਲਰ ਦੀ ਇਲੈਕਟ੍ਰਿਕ ਵਾਹਨ (EV) ਨਿਰਮਾਣ ਸਹੂਲਤ ਦੀ ਯੋਜਨਾ ਨੂੰ ਰੋਕ ਰਿਹਾ ਹੈ। ਹਾਲਾਂਕਿ, ਹੋਂਡਾ ਕੈਨੇਡਾ ਦੇ ਬੁਲਾਰੇ ਨੇ ਕਿਹਾ ਹੈ ਕਿ ਕੰਪਨੀ ਵੱਲੋਂ ਅਜਿਹੀ ਕੋਈ ਰਿਪੋਰਟ ਅਧਿਕਾਰਤ ਤੌਰ ’ਤੇ ਜਾਰੀ ਨਹੀਂ ਕੀਤੀ ਗਈ ਅਤੇ ਫਿਲਹਾਲ ਸਾਂਝੀ ਕਰਨ ਲਈ ਕੋਈ ਨਵੀਂ ਜਾਣਕਾਰੀ ਨਹੀਂ ਹੈ। ਮੰਤਰੀ ਦੇ ਦਫ਼ਤਰ ਅਨੁਸਾਰ ਅਮਰੀਕੀ ਟੈਰਿਫ ਅਤੇ ਅਮਰੀਕਾ ਦੀਆਂ ਘਰੇਲੂ ਨੀਤੀਆਂ ਵਿੱਚ ਬਦਲਾਅ ਕਾਰਨ ਆਟੋ ਨਿਰਮਾਤਾਵਾਂ ’ਤੇ ਦਬਾਅ ਵਧ ਰਿਹਾ ਹੈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਸਾਰੀਆਂ ਵੱਡੀਆਂ ਆਟੋ ਕੰਪਨੀਆਂ ਦੇ ਸੰਪਰਕ ਵਿੱਚ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਆਟੋ ਸੈਕਟਰ ਵਿੱਚ ਅਮਰੀਕੀ ਟੈਰਿਫ ਇੱਕ ਵੱਡੀ ਚੁਣੌਤੀ ਬਣ ਕੇ ਉੱਭਰੇ ਹਨ ਜੋ ਕਿ ਗੈਰ-ਵਾਜਬ ਹਨ। ਦੂਜੇ ਪਾਸੇ, ਕੰਜ਼ਰਵੇਟਿਵ ਵਪਾਰਕ ਆਲੋਚਕ ਐਡਮ ਚੈਂਬਰਜ਼ ਨੇ ਸਰਕਾਰ ਦੀ ਆਟੋ ਨੀਤੀ ਦੀ ਨਿਖੇਧੀ ਕਰਦਿਆਂ ਇਸ ਨੂੰ ਸਰਕਾਰ ਦੀਆਂ ਨੀਤੀਆਂ ਦੀ ਨਾਕਾਮੀ ਦੱਸਿਆ ਹੈ। ਉਨ੍ਹਾਂ ਅਨੁਸਾਰ ਸਬਸਿਡੀਆਂ ਦੇ ਕੇ ਕੰਪਨੀਆਂ ਨੂੰ ਭਰਮਾਉਣ ਦੀ ਨੀਤੀ ਕਾਰਨ ਕੁਝ ਨਿਰਮਾਤਾ ਆਪਣਾ ਉਤਪਾਦਨ ਕੈਨੇਡਾ ਤੋਂ ਬਾਹਰ ਲਿਜਾਣ ਲਈ ਮਜਬੂਰ ਹੋ ਰਹੇ ਹਨ।

ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਸਾਲ 2024 ਵਿੱਚ ਐਲਾਨਿਆ ਗਿਆ ਸੀ ਅਤੇ 2028 ਤੱਕ ਉਤਪਾਦਨ ਸ਼ੁਰੂ ਹੋਣ ਦੀ ਉਮੀਦ ਸੀ। ‘ਨਿੱਕੇਈ ਏਸ਼ੀਆ’ ਦੀ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਇਲੈਕਟ੍ਰਿਕ ਵਾਹਨਾਂ ਦੀ ਘੱਟਦੀ ਮੰਗ ਕਾਰਨ ਹੋਂਡਾ ਇਸ ਪ੍ਰੋਜੈਕਟ ਨੂੰ ਫ੍ਰੀਜ਼ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਸਾਲ 2025 ਵਿੱਚ ਵੀ ਮਾਰਕੀਟ ਦੀ ਸੁਸਤੀ ਕਾਰਨ ਇਸ ਵਿੱਚ ਦੋ ਸਾਲ ਦੀ ਦੇਰੀ ਹੋਈ ਸੀ। ਜੇਕਰ ਇਹ ਪ੍ਰੋਜੈਕਟ ਰੱਦ ਹੁੰਦਾ ਹੈ ਤਾਂ ਇਸ ਨਾਲ 1,000 ਨਵੀਆਂ ਨੌਕਰੀਆਂ ਪੈਦਾ ਹੋਣ ਦੀ ਉਮੀਦ ਖਤਮ ਹੋ ਸਕਦੀ ਹੈ। ਫਿਲਹਾਲ ਸਰਕਾਰ ਨੇ ਕਿਹਾ ਹੈ ਕਿ ਉਹ ਮੌਜੂਦਾ ਆਟੋ ਸਹੂਲਤਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਹਰ ਸੰਭਵ ਕਦਮ ਚੁੱਕਦੀ ਰਹੇਗੀ। This report was written by Ekjot Singh as part of the Local Journalism Initiative.


## ਨਗਰ ਕਲਸੀਆਂ ਦੀਆਂ ਸੰਗਤਾਂ ਵਲੋਂ ਅਖੰਡਪਾਠ ਸਾਹਿਬ ਦੀ ਸੇਵਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਸਭ ਨੂੰ ਬੇਨਤੀ ਹੈ ਕਿ ਨਗਰ ਕਲਸੀਆਂ ਜ਼ਿਲ੍ਹਾ ਲੁਧਿਆਣਾ ਦੀਆਂ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਖੰਡ ਪਾਠ ਸਾਹਿਬ ਦੀ ਸਵਾ ਹੋ ਰਹੀ ਹੈ। ਸ਼ੁੱਕਰਵਾਰ 8 ਮਈ 2026 ਨੂੰ ਸਵੇਰੇ 9:30 ਵਜੇ ਅਖੰਡਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ ਜਿਨ੍ਹਾਂ ਦੇ ਭੋਗ 10 ਮਈ 2026 ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਪੈਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਸਰਵਣ ਕਰੋ ਅਤੇ ਸੇਵਾ ਵਿੱਚ ਹੱਥ ਵਟਾ ਕੇ ਜਨਮ ਸਫ਼ਲ ਕਰੋ ਜੀ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡਪਾਠ ਸਹਿਬ .........08 ਮਈ, 2026 ਦਿਨ ਸ਼ੁੱਕਰਵਾਰ ਸਵੇਰੇ 09:30 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ............10 ਮਈ, 2026 ਦਿਨ ਐਤਵਾਰ ਸਵੇਰੇ 09:30 ਵਜੇ

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ

| ਗੁਰਮੀਤ ਸਿੰਘ ਧਾਲੀਵਾਲ | ਭਗਵੰਤ ਸਿੰਘ ਧਾਲੀਵਾਲ | ਨੈਬ ਸਿੰਘ ਧਾਲੀਵਾਲ |
|---|---|---|
| 778-908-3221 | 604-615-7012 | 604-626-3209 |

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 8115-132 ਸਟਰੀਟ, ਸਰੀ, ਬੀ.ਸੀ., 604-590-3232

# 'ਡਾਇਮੰਡ ਕਲਚਰਲ ਕਲੱਬ ਐਬਸਫੋਰਡ' ਵੱਲੋਂ ਸੱਭਿਆਚਾਰਕ ਮੇਲਾ 23 ਮਈ 2026 ਨੂੰ

ਐਬਸਫੋਰਡ, (ਹਰਦਮ ਮਾਨ): ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਜਿਉਂਦਾ ਰੱਖਣ ਲਈ ਹਮੇਸ਼ਾ ਤਤਪਰ 'ਡਾਇਮੰਡ ਕਲਚਰਲ ਕਲੱਬ ਐਬਸਫੋਰਡ' ਵੱਲੋਂ ਇਸ ਸਾਲ ਵੀ ਵੱਡੇ ਪੱਧਰ 'ਤੇ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਮੇਲਾ 23 ਮਈ 2026 ਨੂੰ ਐਬਟਸਫੋਰਡ ਦੇ ਰੋਟਰੀ ਸਟੇਡੀਅਮ ਵਿਖੇ ਹੋਵੇਗਾ। ਬੀਤੇ ਦਿਨ ਕਲੱਬ ਦੇ ਮੈਂਬਰਾਂ ਨੇ ਇਕੱਤਰ ਹੋ ਕੇ ਮੇਲੇ ਦਾ ਪੋਸਟਰ ਰਿਲੀਜ਼ ਕੀਤਾ ਅਤੇ ਪ੍ਰਬੰਧਾਂ ਨੂੰ ਲੈ ਕੇ ਅਹਿਮ ਰੂਪ-ਰੇਖਾ ਉਲੀਕੀ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਬੁਲਾਰੇ ਸੋਨੀ ਸਿੱਧੂ ਨੇ ਦੱਸਿਆ ਹੈ ਕਿ ਇਸ ਵਾਰ ਮੇਲੇ ਵਿੱਚ ਪੰਜਾਬੀ ਸੰਗੀਤ ਜਗਤ ਦੇ ਵੱਡੇ ਸਿਤਾਰੇ ਆਪਣੀ ਗਾਇਕੀ ਦਾ ਜਾਦੂ ਬਿਖੇਰਨਗੇ। ਮੁੱਖ ਖਿੱਚ ਦਾ ਕੇਂਦਰ ਸੁਪਰ ਸਟਾਰ ਗਾਇਕ ਆਰ ਨੇਤ, ਸੱਜਣ ਅਦੀਬ, ਹਰਦੇਵ ਮਾਹੀਨੰਗਲ, ਸੁਖਪਾਲ ਔਜਲਾ ਅਤੇ ਗੁਰਤੇਜ ਸਿੱਧੂ ਹੋਣਗੇ। ਇਸ ਦੇ ਨਾਲ ਹੀ ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ 'ਇਨਸਾਈਕਲੋਪੀਡੀਆ' ਵਜੋਂ ਜਾਣੇ ਜਾਂਦੇ ਅਸ਼ੋਕ ਬਾਂਸਲ ਮਾਨਸਾ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।




ਉਨ੍ਹਾਂ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਇਹ ਵੀ ਕਿਹਾ ਕਿ ਇਹ ਮੇਲਾ ਨਾ ਸਿਰਫ਼ ਮਨੋਰੰਜਨ ਦਾ ਸਾਧਨ ਹੋਵੇਗਾ, ਸਗੋਂ ਭਾਈਚਾਰਕ ਸਾਂਝ ਨੂੰ ਵੀ ਮਜ਼ਬੂਤ ਕਰੇਗਾ। ਕਲੱਬ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਅਤੇ ਸੰਗੀਤ ਪ੍ਰੇਮੀਆਂ ਨੂੰ ਪਰਿਵਾਰਾਂ ਸਮੇਤ ਇਸ ਮੇਲੇ ਵਿੱਚ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਸਰੀ ਵਿੱਚ ਮੁਫ਼ਤ ਕੂੜਾ ਡਰੌਪ ਆਫ਼ ਪ੍ਰੋਗਰਾਮ ਮੁੜ ਸ਼ੁਰੂ

ਸਰੀ, (ਏਕਜੋਤ ਸਿੰਘ): ਸਿਟੀ ਆਫ਼ ਸਰੀ ਵੱਲੋਂ ਮੌਸਮੀ ਸਫ਼ਾਈ ਕਾਰਜਾਂ ਨੂੰ ਸਮਰਥਨ ਦੇਣ ਦੇ ਮਕਸਦ ਨਾਲ ਆਪਣਾ ਮੁਫ਼ਤ ਕੂੜਾ ਡਰੌਪ ਆਫ਼ ਪ੍ਰੋਗਰਾਮ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਸ਼ਹਿਰ ਦੇ ਨਿਵਾਸੀਆਂ ਨੂੰ ਆਉਣ ਵਾਲੇ ਪੰਜ ਮਹੀਨਿਆਂ ਦੌਰਾਨ ਬਿਨਾਂ ਕਿਸੇ ਵਾਧੂ ਖ਼ਰਚੇ ਦੇ ਆਪਣੀਆਂ ਅਣਚਾਹੀਆਂ ਅਤੇ ਫਾਲਤੂ ਚੀਜ਼ਾਂ ਦਾ ਨਿਪਟਾਰਾ ਕਰਨ ਦਾ ਸੁਨਹਿਰੀ ਮੌਕਾ ਮਿਲੇਗਾ। ਇਹ ਸਹੂਲਤ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਦੀ ਮੁਹਿੰਮ ਦਾ ਇੱਕ ਅਹਿਮ ਹਿੱਸਾ ਹੈ।

ਇਹ ਮੁਫ਼ਤ ਪ੍ਰੋਗਰਾਮ 4 ਮਈ ਤੋਂ ਸ਼ੁਰੂ ਹੋ ਕੇ 30 ਸਤੰਬਰ ਤੱਕ ਜਾਰੀ ਰਹੇਗਾ। ਇਸ ਸਮੇਂ ਦੌਰਾਨ ਹਰ ਘਰ ਪਰਿਵਾਰ ਸੈਂਟਰਲ ਸਰੀ ਅਤੇ ਨੌਰਥ ਸਰੀ ਰੀਸਾਈਕਲਿੰਗ ਅਤੇ ਵੇਸਟ ਸੈਂਟਰਾਂ ਵਿਖੇ 100 ਕਿਲੋਗ੍ਰਾਮ ਤੱਕ ਦਾ ਕੂੜਾ ਬਿਲਕੁਲ ਮੁਫ਼ਤ ਸੁੱਟ ਸਕਦਾ ਹੈ। ਸ਼ਹਿਰ ਦੇ ਹਰ ਪਰਿਵਾਰ ਨੂੰ ਇਸ ਪ੍ਰੋਗਰਾਮ ਤਹਿਤ ਸਿਰਫ਼ ਇੱਕ ਵਾਰ ਮੁਫ਼ਤ ਦੌਰੇ ਦੀ ਇਜਾਜ਼ਤ ਹੋਵੇਗੀ। ਇਸ ਦੌਰੇ ਵਿੱਚ ਲੋਕ ਚਾਰ ਗੱਦਿਆਂ ਤੱਕ ਵਰਗੀਆਂ ਵੱਡੀਆਂ ਵਸਤਾਂ ਦਾ ਨਿਪਟਾਰਾ ਵੀ ਆਸਾਨੀ ਨਾਲ ਕਰ ਸਕਦੇ ਹਨ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮੁਫ਼ਤ ਪ੍ਰੋਗਰਾਮ ਨਾਲ ਵਸਨੀਕਾਂ ਕੋਲ ਗ਼ੈਰ ਲੋੜੀਂਦੀਆਂ ਚੀਜ਼ਾਂ ਦਾ ਬਿਨਾਂ ਕਿਸੇ ਖ਼ਰਚੇ ਦੇ ਸਹੀ ਢੰਗ ਨਾਲ ਨਿਪਟਾਰਾ ਕਰਨ ਦਾ ਇੱਕ ਵਧੀਆ ਤਰੀਕਾ ਮੌਜੂਦ ਹੈ। ਉਹਨਾਂ ਸਪੱਸ਼ਟ ਕੀਤਾ ਕਿ ਹੁਣ ਗੈਰ ਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦਾ ਕੋਈ ਵੀ ਬਹਾਨਾ ਨਹੀਂ ਚੱਲੇਗਾ। ਉਹਨਾਂ ਕਿਹਾ ਕਿ ਸਰੀ ਨੂੰ ਸਾਫ਼ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਹਰ ਕੋਈ ਆਪਣਾ ਫ਼ਰਜ਼ ਪੂਰੀ ਇਮਾਨਦਾਰੀ ਨਾਲ ਨਿਭਾਏਗਾ।




ਇਹ ਮੁਫ਼ਤ ਡਰੌਪ ਆਫ਼ ਸਹੂਲਤ ਦੋ ਮੁੱਖ ਥਾਵਾਂ ਉੱਤੇ ਉਪਲਬਧ ਕਰਵਾਈ ਗਈ ਹੈ। ਪਹਿਲਾ ਸੈਂਟਰਲ ਸਰੀ ਰੀਸਾਈਕਲਿੰਗ ਅਤੇ ਵੇਸਟ ਸੈਂਟਰ ਜੋ ਕਿ 6711 154 ਸਟਰੀਟ ਵਿਖੇ ਸਥਿਤ ਹੈ। ਦੂਜਾ ਨੌਰਥ ਸਰੀ ਰੀਸਾਈਕਲਿੰਗ ਅਤੇ ਵੇਸਟ ਸੈਂਟਰ ਜੋ ਕਿ 9770 192 ਸਟਰੀਟ ਵਿਖੇ ਸਥਿਤ ਹੈ। ਇਸ ਸਹੂਲਤ ਦਾ ਲਾਭ ਲੈਣ ਲਈ ਕੁਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਜੇਕਰ ਕੂੜੇ ਦਾ ਭਾਰ 100 ਕਿਲੋਗ੍ਰਾਮ ਤੋਂ ਵੱਧ ਹੁੰਦਾ ਹੈ ਤਾਂ ਉਸ ਉੱਤੇ ਨਿਯਮਿਤ ਫ਼ੀਸ ਲਾਗੂ ਹੋਵੇਗੀ। ਕੂੜਾ ਸੁੱਟਣ ਆਉਣ ਵਾਲੇ ਵਿਅਕਤੀ ਕੋਲ ਸਰੀ ਦਾ ਵਸਨੀਕ ਹੋਣ ਦਾ ਸਬੂਤ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਵਪਾਰਕ ਜਾਂ ਕਾਰੋਬਾਰੀ ਵਾਹਨਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਮਨਜ਼ੂਰਸ਼ੁਦਾ ਰੀਸਾਈਕਲ ਹੋਣ ਵਾਲਾ ਸਮਾਨ ਜਿਵੇਂ ਕਿ ਇਲੈਕਟ੍ਰਾਨਿਕਸ ਧਾਤਾਂ ਉਪਕਰਨ ਕਿਤਾਬਾਂ ਅਤੇ ਕੱਪੜਿਆਂ ਨੂੰ ਕਿਸੇ ਵੀ ਸਮੇਂ ਬਿਨਾਂ ਕਿਸੇ ਫ਼ੀਸ ਤੋਂ ਛੱਡਿਆ ਜਾ ਸਕਦਾ ਹੈ ਕਿਉਂਕਿ ਰੀਸਾਈਕਲਿੰਗ ਅਤੇ ਵੇਸਟ ਸੈਂਟਰ ਸਾਲ ਭਰ ਖੁੱਲ੍ਹੇ ਰਹਿੰਦੇ ਹਨ। ਇਸ ਦੇ ਨਾਲ ਹੀ ਸ਼ਹਿਰ ਵੱਲੋਂ ਲਾਰਜ ਆਈਟਮ ਪਿਕਅੱਪ ਪ੍ਰੋਗਰਾਮ ਅਧੀਨ ਫ਼ਰਨੀਚਰ ਅਤੇ ਗੱਦੇ ਵਰਗੀਆਂ ਵੱਡੀਆਂ ਵਸਤੂਆਂ ਲਈ ਲੋਕਾਂ ਦੇ ਘਰਾਂ ਤੋਂ ਮੁਫ਼ਤ ਕਰਬਸਾਈਡ ਪਿਕਅੱਪ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ। ਲੋਕ ਆਨਲਾਈਨ ਬੁਕਿੰਗ ਲਈ ਸਰੀ ਸ਼ਹਿਰ ਦੀ ਵੈੱਬਸਾਈਟ ਉੱਤੇ ਜਾ ਸਕਦੇ ਹਨ ਜਾਂ 604 590 7289 ਉੱਤੇ ਫ਼ੋਨ ਕਰਕੇ 3 ਦਬਾ ਸਕਦੇ ਹਨ। This report was written by Ekjot Singh as part of the Local Journalism Initiative.

ਸਫ਼ਾ 1 ਦਾ ਬਾਕੀ

## ਲੋਬਲਾਅ (ਸੁਪਰ ਸਟੋਰ) ਦੀ...

ਦੀ ਸੰਚਾਲਨ ਕੁਸ਼ਲਤਾ ਅਤੇ ਗਾਹਕਾਂ ਦੀਆਂ ਬਦਲਦੀਆਂ ਤਰਜੀਹਾਂ ਸ਼ਾਮਲ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਕੰਪਨੀ ਦੇ ਵੱਖ-ਵੱਖ ਬਿਜ਼ਨੈੱਸ ਮਾਡਲਾਂ ਨੇ ਇਸ ਮੁਨਾਫੇ ਨੂੰ ਯਕੀਨੀ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਇਸ ਤਿਮਾਹੀ ਦੌਰਾਨ ਕੰਪਨੀ ਦੇ ਡਿਸਕਾਊਂਟ ਸਟੋਰਾਂ ਜਿਵੇਂ ਕਿ ਮੈਕਸੀ ਅਤੇ ਨੋ ਫਰਿੱਲਜ਼ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਮਹਿੰਗਾਈ ਦੇ ਇਸ ਦੌਰ ਵਿੱਚ ਕੈਨੇਡੀਅਨ ਖਪਤਕਾਰ ਮਹਿੰਗੇ ਸਟੋਰਾਂ ਦੀ ਬਜਾਏ ਸਸਤੇ ਵਿਕਲਪਾਂ ਵੱਲ ਰੁਖ ਕਰ ਰਹੇ ਹਨ। ਇਨ੍ਹਾਂ ਡਿਸਕਾਊਂਟ ਬੈਨਰਾਂ ਦੇ ਵਧੀਆ ਪ੍ਰਦਰਸ਼ਨ ਨੇ ਲੋਬਲਾਅ ਦੀ ਸਮੁੱਚੀ ਵਿਕਰੀ ਨੂੰ ਹੁਲਾਰਾ ਦਿੱਤਾ ਹੈ। ਗਾਹਕਾਂ ਦੁਆਰਾ ਕਿਫਾਇਤੀ ਖਰੀਦਦਾਰੀ ਨੂੰ ਤਰਜੀਹ ਦੇਣ ਕਾਰਨ ਇਨ੍ਹਾਂ ਸਟੋਰਾਂ ਵਿੱਚ ਪੈਰਾਂ ਦੀ ਗਿਣਤੀ ਅਤੇ ਪ੍ਰਤੀ ਗਾਹਕ ਖਰਚ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

ਕਰਿਆਨੇ ਤੋਂ ਇਲਾਵਾ ਫਾਰਮੇਸੀ ਅਤੇ ਈ-ਕਾਮਰਸ ਖੇਤਰ ਵਿੱਚ ਵੀ ਕੰਪਨੀ ਨੇ ਮੱਲਾਂ ਮਾਰੀਆਂ ਹਨ। ਸ਼ਾਪਰਜ਼ ਡਰੱਗ ਮਾਰਟ ਦੀ ਸੇਮ-ਸਟੋਰ ਸੇਲਜ਼ ਵਿੱਚ 4.1% ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਕੰਪਨੀ ਦੇ ਡਿਜੀਟਲ ਪਲੇਟਫਾਰਮ ਪੀਸੀ ਐਕਸਪ੍ਰੈਸ ਰਾਹੀਂ ਹੋਣ ਵਾਲੀ ਈ-ਕਾਮਰਸ ਵਿਕਰੀ ਵਿੱਚ 20.3% ਦਾ ਭਾਰੀ ਉਛਾਲ ਦੇਖਣ ਨੂੰ ਮਿਲਿਆ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ ਹੁਣ ਘਰ ਬੈਠੇ ਖਰੀਦਦਾਰੀ ਕਰਨ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। ਇਨ੍ਹਾਂ ਸਕਾਰਾਤਮਕ ਨਤੀਜਿਆਂ ਨੂੰ ਦੇਖਦੇ ਹੋਏ ਕੰਪਨੀ ਨੇ ਆਪਣੇ ਨਿਵੇਸ਼ਕਾਂ ਲਈ ਤਿਮਾਹੀ ਡਿਵੀਡੈਂਡ ਵਿੱਚ 10% ਵਾਧੇ ਦਾ ਐਲਾਨ ਵੀ ਕੀਤਾ ਹੈ।

ਸਿਰਫ ਲੋਬਲਾਅ ਹੀ ਨਹੀਂ ਬਲਕਿ ਹੋਰ ਫੂਡ ਕੰਪਨੀਆਂ ਨੇ ਵੀ ਇਸ ਤਿਮਾਹੀ ਵਿੱਚ ਵਾਧਾ ਦਰਜ ਕੀਤਾ ਹੈ। ਮੈਪਲ ਲੀਫ ਫੂਡਜ਼ ਦੁਆਰਾ 7 ਮਈ 2026 ਨੂੰ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਉਨ੍ਹਾਂ ਦੀ ਪਹਿਲੀ ਤਿਮਾਹੀ ਦੀ ਵਿਕਰੀ 6.2% ਵਧ ਕੇ 963 ਮਿਲੀਅਨ ਡਾਲਰ ਹੋ ਗਈ ਹੈ। ਇਸ ਵਾਧੇ ਵਿੱਚ ਪੋਲਟਰੀ ਖੇਤਰ ਦਾ ਯੋਗਦਾਨ ਸਭ ਤੋਂ ਵੱਧ ਰਿਹਾ ਹੈ। ਮੀਟ ਉਤਪਾਦਾਂ ਦੀ ਸਪਲਾਈ ਚੇਨ ਵਿੱਚ ਸੁਧਾਰ ਅਤੇ ਬਾਜ਼ਾਰ ਵਿੱਚ ਮੰਗ ਵਧਣ ਕਾਰਨ ਮੈਪਲ ਲੀਫ ਫੂਡਜ਼ ਨੇ ਆਪਣੇ ਵਿੱਤੀ ਟੀਚਿਆਂ ਨੂੰ ਸਫਲਤਾਪੂਰਵਕ ਹਾਸਲ ਕੀਤਾ ਹੈ।

ਹਾਲਾਂਕਿ ਕੰਪਨੀਆਂ ਦੇ ਇਹ ਮੁਨਾਫੇ ਆਮ ਜਨਤਾ ਲਈ ਚਿੰਤਾ ਦਾ ਵਿਸ਼ਾ ਵੀ ਬਣ ਸਕਦੇ ਹਨ। ਦਲਹੌਜ਼ੀ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਗਈ ਕੈਨੇਡੀਅਨ ਫੂਡ ਪ੍ਰਾਈਸ ਰਿਪੋਰਟ 2026 ਅਨੁਸਾਰ ਇਸ ਸਾਲ ਇੱਕ ਔਸਤ ਪਰਿਵਾਰ ਦੇ ਖਾਣ-ਪੀਣ ਦੇ ਸਾਲਾਨਾ ਖਰਚੇ ਵਿੱਚ 994.63 ਡਾਲਰ ਤੱਕ ਦਾ ਵਾਧਾ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖੁਰਾਕੀ ਵਸਤੂਆਂ ਦੀਆਂ ਕੀਮਤਾਂ ਵਿੱਚ ਸਥਿਰਤਾ ਆਉਣ ਦੀ ਬਜਾਏ ਇਨ੍ਹਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜੋ ਮੱਧ ਵਰਗੀ ਪਰਿਵਾਰਾਂ ਦੇ ਬਜਟ ਨੂੰ ਪ੍ਰਭਾਵਿਤ ਕਰੇਗਾ।

ਭਵਿੱਖ ਦੀਆਂ ਚੁਣੌਤੀਆਂ ਬਾਰੇ ਗੱਲ ਕਰਦਿਆਂ ਰਿਪੋਰਟਾਂ ਵਿੱਚ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੀਮਤਾਂ ਹੋਰ ਵਧ ਸਕਦੀਆਂ ਹਨ। ਇਸ ਦਾ ਮੁੱਖ ਕਾਰਨ ਫੂਡ ਸਪਲਾਇਰਾਂ ਦੁਆਰਾ ਲਗਾਏ ਜਾਣ ਵਾਲੇ ਈਂਧਨ ਸਰਚਾਰਜ ਹਨ। ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਲੌਜਿਸਟਿਕਸ ਖਰਚਿਆਂ ਕਾਰਨ ਸਪਲਾਇਰਾਂ ਨੇ ਆਪਣੇ ਖਰਚੇ ਵਧਾ ਦਿੱਤੇ ਹਨ ਜਿਸਦਾ ਸਿੱਧਾ ਅਸਰ ਕਰਿਆਨੇ ਦੀਆਂ ਕੀਮਤਾਂ 'ਤੇ ਪੈਣਾ ਲਾਜ਼ਮੀ ਹੈ। ਇਹ ਸਥਿਤੀ ਰਿਟੇਲਰਾਂ ਅਤੇ ਖਪਤਕਾਰਾਂ ਦੋਵਾਂ ਲਈ ਇੱਕ ਨਵੀਂ ਚੁਣੌਤੀ ਪੈਦਾ ਕਰ ਸਕਦੀ ਹੈ।

ਸੰਖੇਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ 2026 ਦੀ ਪਹਿਲੀ ਤਿਮਾਹੀ ਕੈਨੇਡੀਅਨ ਫੂਡ ਕੰਪਨੀਆਂ ਲਈ ਵਿੱਤੀ ਪੱਖੋਂ ਬਹੁਤ ਲਾਹੇਵੰਦ ਰਹੀ ਹੈ। ਜਿੱਥੇ ਕੰਪਨੀਆਂ ਆਪਣੇ ਨਿਵੇਸ਼ਕਾਂ ਨੂੰ ਖੁਸ਼ ਕਰਨ ਵਿੱਚ ਸਫਲ ਰਹੀਆਂ ਹਨ ਉੱਥੇ ਹੀ ਆਮ ਖਪਤਕਾਰਾਂ ਲਈ ਮਹਿੰਗਾਈ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ। ਆਉਣ ਵਾਲੇ ਸਮੇਂ ਵਿੱਚ ਸਰਕਾਰ ਅਤੇ ਇਨ੍ਹਾਂ ਵੱਡੀਆਂ ਕੰਪਨੀਆਂ ਦਰਮਿਆਨ ਕੀਮਤਾਂ ਨੂੰ ਕੰਟਰੋਲ ਕਰਨ ਲਈ ਕੀ ਰਣਨੀਤੀ ਬਣਦੀ ਹੈ ਇਹ ਦੇਖਣਾ ਕਾਫੀ ਅਹਿਮ ਹੋਵੇਗਾ। ਫਿਲਹਾਲ ਮਜ਼ਬੂਤ ਆਮਦਨ ਅਤੇ ਵਧਦੇ ਮੁਨਾਫੇ ਦੇ ਅੰਕੜੇ ਕੰਪਨੀਆਂ ਦੀ ਬਾਜ਼ਾਰ ਵਿੱਚ ਮਜ਼ਬੂਤ ਪਕੜ ਨੂੰ ਦਰਸਾਉਂਦੇ ਹਨ।

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਅਨਿਨ ਭਾਤਿ ਕਰ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਧਰੀਐ॥

# ਖਾਲਸਾ ਦੀਵਾਨ ਸੁਸਾਇਟੀ

ੲ000 ਰੌਸ ਸਟਰੀਟ, ਵੈਨਕੂਵਰ, ਬੀ.ਸੀ. ਵਲੋਂ **16-17 ਮਈ 2026** ਨੂੰ

ਬੱਬਰ ਸ਼ਹੀਦਾਂ ਅਤੇ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸ਼ਾਨਦਾਰ

# 58ਵਾਂ ਸਲਾਨਾ ਸ਼ਾਨਦਾਰ ਟੂਰਨਾਮੈਂਟ

**In the Sweet memory of the Babbars the Sports Festival of the Khalsa Diwan Society, 8000 Ross Street, Vancouver, B.C. Shall be held at the SOUTH MEMORIAL PARK on 41st and BETWEEN ROSS AND PRINCE ALBERT, Vancouver on May 16-17, 2026**

**All are requested to participate in the society's Annual sports Festival enthusiastically.**

## ਇਸ ਟੂਰਨਾਮੈਂਟ ਵਿਚ ਹੇਠ ਲਿਖੀਆਂ ਖੇਡਾਂ ਦੇ ਮੁਕਾਬਲੇ ਹੋਣਗੇ

*ਕਬੱਡੀ ਓਪਨ * ਸੌਕਰ ਸੀਨੀਅਰ (40 ਜਾਂ ਵੱਧ) * ਸੌਕਰ ਓਪਨ (ਮੁੰਡੇ/ਕੁੜੀਆਂ) ਅਤੇ ਜੂਨੀਅਰ, ਰੈਸਲਿੰਗ
* ਵੇਟ ਲਿਫਟਿੰਗ ਓਪਨ * ਰੱਸਾ ਖਿੱਚਣਾ (Tug of War) ਆਦਿ ਸ਼ਾਮਿਲ ਹਨ।

## ਜ਼ਰੂਰੀ ਨਿਯਮ

* ਕਬੱਡੀ ਦੀ ਹਰ ਟੀਮ ਨੂੰ ਟਾਈਆਂ ਦੇ ਨਾਲ ਖਿਡਾਰੀਆਂ ਦੇ ਨਾਮਾਂ ਦੀ ਸੂਚੀ ਲਿਆਉਣੀ ਜ਼ਰੂਰੀ ਹੈ। ਜੇਕਰ ਕੋਈ ਟੀਮ ਸਕਰੈਚ ਹੋ ਜਾਵੇ, ਉਸ ਦਾ ਖਿਡਾਰੀ ਕਿਸੇ ਹੋਰ ਟੀਮ ਵਿਚ ਨਹੀਂ ਖੇਡ ਸਕੇਗਾ * ਰੱਸਾ ਓਪਨ ਕਨੇਡੀਅਨ ਸਟਾਈਲ ਨਾਲ ਖਿੱਚਿਆ ਜਾਵੇਗਾ * ਜੇਕਰ ਕਿਸੇ ਖੇਡ ਵਿਚ ਸਿਰਫ ਦੋ ਹੀ ਟੀਮਾ ਭਾਗ ਲੈਣਗੀਆਂ ਤਾਂ ਕੇਵਲ ਜੇਤੂ ਟੀਮ ਨੂੰ ਹੀ ਇਨਾਮ ਦਿੱਤਾ ਜਾਵੇਗਾ * ਰੈਫਰੀਆਂ 'ਤੇ ਜੱਜਾਂ ਦਾ ਫੈਸਲਾ ਆਖਰੀ ਹੋਵੇਗਾ * ਜੇਕਰ ਕੋਈ ਖਿਡਾਰੀ ਰੈਫਰੀ ਨਾਲ ਮਾੜਾ ਵਰਤਾਓ ਕਰੇਗਾ ਤਾਂ ਉਸ ਟੀਮ ਤੇ ਕਮੇਟੀ ਸਖਤ ਐਕਸ਼ਨ ਲਵੇਗੀ * ਆਖਰੀ ਸੀਟੀ ਵੱਜਣ ਤੋਂ 10 ਮਿੰਟ ਬਾਅਦ ਤੱਕ ਨਾ ਆਉਣ ਵਾਲੀ ਟੀਮ ਸਕਰੈਚ ਕੀਤੀ ਜਾਵੇਗੀ * ਜੇਕਰ ਕਿਸੇ ਖੇਡ ਵਿਚ ਇਕ ਹੀ ਟੀਮ ਸ਼ਾਮਿਲ ਹੋਵੇਗੀ ਉਹ ਖੇਡ ਨਹੀਂ ਹੋਵੇਗੀ * ਜੂਨੀਅਰ ਸੌਕਰ ਦੇ ਹਰ ਖਿਡਾਰੀ ਨੂੰ ਖੇਡਣ ਤੋਂ ਪਹਿਲਾਂ ਆਪਣੀ ਉਮਰ ਦੀ ਫੋਟੋ ਵਾਲੀ ਆਈ ਡੀ ਦਿਖਾਉਣੀ ਜ਼ਰੂਰੀ ਹੋਵੇਗੀ * ਕਮੇਟੀ ਨੂੰ ਅਖਤਿਆਰ ਹੋਵੇਗਾ ਕਿ ਟਾਈਮ ਟੇਬਲ ਤੋਂ ਦਿੱਤੇ ਟਾਈਮ ਟੇਬਲ ਨੂੰ ਮੌਕੇ ਮੁਤਾਬਿਕ ਬਦਲ ਸਕਦੀ ਹੈ।

ਜ਼ਰੂਰੀ ਬੇਨਤੀਆਂ: ਸਾਰੇ ਦਰਸ਼ਕਾਂ ਅਤੇ ਖਿਡਾਰੀਆਂ ਅੱਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੀਆਂ ਕਾਰਾਂ ਪਾਰਕਿੰਗ ਵਾਲੀਆਂ ਥਾਵਾਂ 'ਤੇ ਹੀ ਖੜ੍ਹੀਆਂ ਕਰਨ। ਖੇਡਾਂ ਦੇ ਏਰੀਏ ਵਿਚ ਸ਼ਰਾਬ ਪੀ ਕੇ ਆਉਣ ਵਾਲਿਆਂ ਨੂੰ ਪੁਲਿਸ ਵਲੋਂ ਚਾਰਜ ਕੀਤਾ ਜਾਵੇਗਾ। ਪੋਰਟੇਬਲ ਵਾਸ਼ਰੂਮਾਂ ਦਾ ਇੰਤਜ਼ਾਮ ਹੋਵੇਗਾ। ਇਸ ਲਈ ਕ੍ਰਿਪਾ ਕਰਕੇ ਇਨ੍ਹਾਂ ਨੂੰ ਵਰਤੋਂ ਵਿਚ ਲਿਆਂਦਾ ਜਾਵੇ। ਸਾਨੂੰ ਆਸ ਹੈ ਕਿ ਆਪ ਆਪਣੇ ਪ੍ਰਬੰਧਕਾਂ ਨੂੰ ਪੂਰਾ ਸਹਿਯੋਗ ਦਿਓਗੇ ਤਾਂ ਕਿ ਆਪਾਂ ਆਪਣੀ ਕੌਮ ਦੇ ਖਿਡਾਰੀਆਂ ਦੀ ਠੀਕ ਰੂਪ ਵਿਚ ਹੌਂਸਲਾ ਅਫਜ਼ਾਈ ਕਰ ਸਕੀਏ ਅਤੇ ਟੂਰਨਾਮੈਂਟ ਦੀ ਰੌਣਕ ਨੂੰ ਹੋਰ ਵੀ ਚੰਗਾ ਰੂਪ ਦੇ ਸਕੀਏ। ਇਸ ਤਰ੍ਹਾਂ ਅਸੀਂ ਆਪਣੀ ਕਮਿਊਨਿਟੀ ਵਿਚੋਂ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ ਅਤੇ ਪੱਛਮ ਦੀ ਦੁਨੀਆਂ ਵਿਚ ਆਪਣੀ ਕੌਮ ਦੇ ਡਸਿਪਲਨ, ਸਹਿਯੋਗ ਅਤੇ ਖੇਡਾਂ ਪ੍ਰਤੀ ਚੰਗੀ ਤਸਵੀਰ ਪੇਸ਼ ਕਰ ਸਕਦੇ ਹਾਂ।

ਨੋਟ: ਸਭ ਸੱਜਣਾਂ ਅੱਗੇ ਬੇਨਤੀ ਹੈ ਕਿ ਕੋਈ ਐਡਵਰਟਾਈਜ਼ਮੈਂਟ ਦੇ ਪੇਪਰ ਫੀਲਡ ਵਿਚ ਨਾ ਵੰਡੇ ਜਾਣ ਅਤੇ ਨਾ ਹੀ ਕਾਰਾਂ ਉੱਪਰ ਰੱਖੇ ਜਾਣ

ਨੋਟ: ਪੁਲਿਸ ਵਲੋਂ ਖਾਸ ਹਦਾਇਤ ਹੈ ਕਿ ਪਾਰਕਿੰਗ ਲਾਟ ਵਿਚ ਸ਼ਰਾਬ ਪੀਣ ਅਤੇ 'ਨੋ ਪਾਰਕਿੰਗ' ਵਾਲੀ ਥਾਂ 'ਤੇ ਕਾਰਾਂ ਖੜ੍ਹੀਆਂ ਕਰਨ ਦੀ ਸਖਤ ਮਨਾਹੀ ਹੈ।

| | | | | | | | |
|---|---|---|---|---|---|---|---|
| ਸੁਖਵਿੰਦਰ ਸਿੰਘ ਗਿੱਲ (ਸਰਪ੍ਰਸਤ) | ਹਰਜੀਤ ਸਿੰਘ ਘੱਗ (ਸਹਾਇਕ ਸਰਪ੍ਰਸਤ) | ਸਾਧੂ ਸਿੰਘ ਉੱਪਲ (ਚੇਅਰਮੈਨ) | ਸੁਰਜੀਤ ਸਿੰਘ ਢਿੱਲੋਂ (ਵਾਈਸ ਚੇਅਰਮੈਨ) | ਬੂਟਾ ਸਿੰਘ ਜੌਹਲ (ਕੋ-ਚੇਅਰਮੈਨ) | ਗੁਰਬਖਸ਼ ਸਿੰਘ ਬਾਗੀ ਸੰਘੇੜਾ (ਸੈਕਟਰੀ) | ਗੁਰਦੀਪ ਹੇਅਰ ਮੋਰਾਂਵਾਲੀ (ਸਹਾਇਕ ਸੈਕਟਰੀ) | ਗੁਰਵਿੰਦਰ ਔਲਖ ਮੁੱਖਦੇਵ ਬਾਗੜੀ (ਖਜਾਨਚੀ) |

ਕੋ-ਆਰਡੀਨੇਟਰ ਕਮੇਟੀ- ਗੁਰਜੀਤ ਸਿੰਘ ਪੁਰੇਵਾਲ, ਰਣਜੀਤ ਸਿੰਘ ਹੇਅਰ, ਸੁੱਚਾ ਸਿੰਘ ਢਿੱਲੋਂ, ਸ਼ਮਸ਼ੇਰ ਸਿੰਘ ਉੱਪਲ, ਕੁਲਵੰਤ ਢੇਸੀ, ਰਣਧੀਰ ਰਾਏ, ਗੁਰਦੇਵ ਸਿੰਘ ਸੰਧੂ, ਚੇਤਨ ਸਿੰਘ ਕੰਦੋਲਾ, ਬੁਟਾ ਸਿੰਘ ਸਿੱਧੂ, ਬਲਵੰਤ ਸਿੰਘ ਹਾਂਸ, ਸੰਤੋਖ ਸਿੰਘ ਢੇਸੀ, ਮਨਜੀਤ ਬਾਸੀ, ਮੇਜਰ ਸਿੰਘ ਸਿੱਧੂ, ਰਣਜੀਤ ਸਿੰਘ ਗਿੱਲ, ਸ਼ਮਿੰਦਰ ਸਿੰਘ ਉੱਪਲ, ਗੁਰਚਰਨ ਸਿੰਘ (ਚੰਨਾ) ਮਾਨ, ਹਰਵਿੰਦਰ ਲਾਲੀ, ਡਾ. ਹਰਜਿੰਦਰ ਜੱਸਲ, ਪਰਮਜੀਤ ਕੈਂਥ, ਦਰਸ਼ਨ ਸਿੰਘ ਮੁੰਡੀ, ਦਰਸ਼ਨ ਸਿੰਘ ਸੰਧੂ, ਰਣਜੀਤ ਸਿੰਘ ਰੰਧਾਵਾ, ਹਰਦੇਵਲ ਸਿੰਘ ਧਾਮੀ

ਕਬੱਡੀ: ਸੰਤੋਖ ਸਿੰਘ ਮੰਡੇਰ, ਸੁਰਜਣ ਸਿੰਘ ਉੱਪਲ, ਰਣਜੀਤ ਗਿੱਲ, ਗੁਰਦੇਵ ਸਿੰਘ ਬਰਾੜ, ਗੁਰਦੇਵ ਸਿੰਘ ਔਜਲਾ, ਗਿਆਨ ਸਿੰਘ ਬਰਿੰਗ, ਕ੍ਰਿਪਾਲ ਸਿੰਘ ਜੌਹਲ, ਦਿਲਬਾਗ ਸਿੰਘ ਬਾਸੀ, ਜਸਪ੍ਰੀਤ ਸਿੰਘ ਤੂਰ, ਗੁਰਕੀਰਤ ਸਿੰਘ ਤੱਖਰ, ਅਮਰਜੀਤ ਲੇਲ, ਮਾਈਕਲ ਗੀਰਾ, ਸੋਢੀ ਡਡਰਾਲ, ਗੁਰਮੇਲ ਰੋਲੀਆ, ਸੰਤੋਖ ਜੱਸਲ, ਸਨੀ ਸਹੋਤਾ, ਪਲਵਿੰਦਰ ਸਿੰਘ ਸੰਧੂ (ਬਿੱਟੂ), ਸ਼ਮਸ਼ੇਰ ਸਿੰਘ ਸਿੱਧੂ, ਅਜੀਤ ਸਿੰਘ ਉੱਪਲ, ਸਰਬਜੀਤ ਸਿੰਘ ਨਾਹਲ, ਤਰਸੇਮ ਸਿੰਘ ਗਿੱਲ, ਵਾਰਿਸ ਸਿੰਘ, ਮੱਖਣ ਸਿੰਘ ਅੱਚਰਵਾਲ।

ਸੌਕਰ: ਸੋਹਣ ਸਿੰਘ ਦਿਓ ਕੋਆਰਡੀਨੇਟਰ: 604-719-6800, ਪੈਪਸੀ ਤੱਖਰ, ਰੌਬ ਸੰਘੇੜਾ: 604-816-1619, ਕੁਲਜੀਤ ਸਿੰਘ ਗਿੱਲ: 778-838-9845, ਗੁਰਦੀਪ ਸਿੰਘ ਹੇਅਰ 604-763-7585, ਝਲਮਣ ਸਿੰਘ ਸਿੱਧੂ 604-671-3786, ਪਾਲਾ ਰਾਏ: 604-551-4144, ਪਾਲ ਸਿੱਧੂ: 604-825-9100, ਗੋਪਾਲ ਲੋਹੀਆ: 778-862-4550, ਜੀਵਨ ਬਸਰਾ 604-341-3533, ਮਨਜੀਤ ਸਿੰਘ ਮੰਡੇਰ 604-606-2740, ਸੁਖਚੈਨ ਸਿੰਘ ਗਿੱਲ 604-720-8854, ਜੋਅ ਕੰਗ, ਮਲਕੀਤ ਸਿੰਘ ਧਾਮੀ, ਸੁਰਜੀਤ ਸਿੰਘ ਸਿੱਧੂ, ਰਿੱਕੀ ਦਿਓ, ਸ਼ਾਨ ਸੰਘਾ, ਬਿਨ ਹੁੰਦਲ, ਟੋਨੀ ਜੌਹਲ।

ਘੋਲ: ਬਲਵੀਰ ਸਿੰਘ ਬੀਸਲਾ 604-657-2559, ਬਲਵੀਰ ਸਿੰਘ ਸੀਰੀ, ਰਵੀ ਗਿੱਲ, ਸਤਨਾਮ ਸਿੰਘ ਜੌਹਲ, ਪਾਲ ਸਿੰਘ ਬੀਸਲਾ, ਮੇਜਰ ਸਿੰਘ ਸਿੱਧੂ, ਅਵਤਾਰ ਸਿੰਘ ਹੇਅਰ, ਸੂਰਤੀ ਹੇਅਰ, ਗੁਰਦੀਪ ਮੋਰਾਂਵਾਲੀ, ਗੁਰਤੇਜ ਸਿੰਘ ਗਿੱਲ

## 1- ਬਾਲ ਕੇਸਰੀ ਦਾ ਪਟਕਾ, ਆਈਟਮ, 2- ਓਪਨ ਦੇ ਘੋਲ ਦਾ ਪਟਕਾ

**ਅਥਲੈਟਿਕਸ:** ਵਾਰਿਸ ਸਿੰਘ, ਹਰਪ੍ਰੀਤ ਸਿੰਘ ਲਾਲੀ, ਮਨਪ੍ਰੀਤ ਸਿੰਘ ਲਾਲੀ, ਰਮਨਜੀਤ ਸਿੰਘ ਹੁੰਦਲ, ਨਵਜੋਤ ਸਿੰਘ ਗਰੇਵਾਲ, ਬੂਟਾ ਸਿੰਘ ਜੌਹਲ, ਜਰਮਨਜੀਤ ਸਿੰਘ ਹੁੰਦਲ, ਮਨਦੀਪ ਸਿੰਘ ਧਾਮੀ, ਕੁਲਬੀਰ ਛੋਕਰ, ਜਰਨੈਲ ਸਿੰਘ।

## 17 ਮਈ 2026, ਦਿਨ ਐਤਵਾਰ ਬਾਦ ਦੁਪਿਹਰ 2:30 ਵਜੇ ਦੌੜਾਂ ਸ਼ੁਰੂ ਹੋਣਗੀਆਂ

ਰੱਸਾਕਸ਼ੀ: ਗੁਰਦੀਪ ਸਿੰਘ ਹੇਅਰ ਮੋਰਾਂਵਾਲੀ

-ਐਡਵਾਈਜ਼ਰੀ ਕਮੇਟੀ-

ਸੋਹਣ ਸਿੰਘ ਦਿਓ, ਸਰਵਣ ਸਿੰਘ ਰੰਧਾਵਾ, ਰਣਜੀਤ ਸਿੰਘ ਹੇਅਰ, ਚੈਨ ਸਿੰਘ ਬਾਠ, ਗੁਰਦੀਪ ਸਿੰਘ ਗਿੱਲ, ਅਵਤਾਰ ਸਿੰਘ ਕੁਲਾਰ, ਹਰਜੀਤ ਸੋਹਪਾਲ, ਬਿਲ ਬਸਰਾ, ਬਲਵੀਰ ਸਿੰਘ ਬੈਂਸ, ਗੋਪਾਲ ਲੋ-ਹੀਆ, ਗੁਰਬਖਸ਼ ਸਿੰਘ ਸੰਘੇੜਾ, ਅਮਰਜੀਤ ਲੀਹਲ, ਸਰਿੰਦਰ ਸਿੰਘ ਤੱਖਰ, ਕੈਪਟਨ ਸੁਰਿੰਦਰ ਸਿੰਘ ਸਿੱਧੂ, ਬਰਜ ਢਾਹਾਂ, ਮਲਕੀਤ ਹੇਅਰ, ਮੇਜਰ ਸਿੰਘ ਚਾਹਲ, ਰਣਵੀਰ ਸਿੰਘ ਥਾਂਦੀ, ਜਰਨੈਲ ਸਿੰਘ ਭੰਡਾਲ, ਮਲਕੀਤ ਸਿੰਘ ਧਾਮੀ, ਸੁਖਦੇਵ ਸਿੰਘ ਝੱਜ, ਰਜਿੰਦਰ ਸਿੰਘ ਢਿੱਲੋਂ (ਰਾਜੂ), ਟੋਨੀ ਜੌਹਲ, ਜਰਨੈਲ ਸਿੰਘ ਧਾਲੀਵਾਲ (ਮਿਸ਼ਨ), ਗੁਰਕੀਰਤ ਤੱਖਰ, ਕਰਤੱਵ ਤੱਖਰ।

### ਲੰਗਰ ਕਮੇਟੀ

ਚੇਅਰਮੈਨ ਚੂਹੜ ਸਿੰਘ ਢਿੱਲੋਂ, ਬਲਜੀਤ ਸਿੰਘ ਸਹੋਤਾ, ਕਰਤਾਰ ਸਿੰਘ ਚੌਹਾਨ, ਬੂਝਾ ਸਿੰਘ ਮਾਂਗਟ, ਸੁਖਦੇਵ ਸਿੰਘ ਸੰਧੂ, ਮਨਪ੍ਰੀਤ ਸਿੰਘ ਢਿੱਲੋਂ, ਸਰਬਜੀਤ ਸਿੰਘ ਭਾਲਰੂ, ਜਰਨੈਲ ਸਿੰਘ ਹੁੰਦਲ, ਭੁਪਿੰਦਰ ਸਿੰਘ ਨਿੱਝਰ, ਅਵਤਾਰ ਸਿੰਘ ਨਿੱਝਰ, ਤਿੰਦੀ ਜੌਹਲ, ਸੁਖਵਿੰਦਰ ਸਿੰਘ ਧਾਲੀਵਾਲ, ਸਾਬੀ ਮੱਲ੍ਹੀ, ਪਾਲ ਪਾਹਲ, ਲੈਂਬਰ, ਕੁਲਦੀਪ ਸਿੰਘ ਜਗਪਾਲ, ਸੱਬਾ ਰਾਏ, ਜਰਨੈਲ ਸਿੰਘ ਹੀਰ (ਸਹੋਤਾ), ਸੰਦੀਪ ਸੰਘੇੜਾ, ਪੀਤਾ ਮਾਹਲ, ਹਰਦੀਪ ਬੈਂਸ, ਅਮਨ ਧੂਤ, ਗੁਰਜੀਤ ਸੰਘਾ, ਹੈਰੀ ਨਾਗਰਾ, ਜਰਨੈਲ ਸਿੰਘ, ਜੀਤਾ ਪਾਹਲ, ਮੱਖਣ ਸਿੰਘ ਅੱਚਰਵਾਲ, ਭੁਪਿੰਦਰ ਸਿੰਘ ਨਿੱਝਰ, ਸੁਰਜੀਤ ਭੱਟੀ, ਤਰਸੇਮ ਬੱਲ, ਰਘਬੀਰ ਸਿੰਘ ਕੁਲਾਰ, ਬਲਜੀਤ ਸਿੰਘ ਢਿੱਲੋਂ, ਕੇਵਲ ਸਿੱਧੂ

### ਸੰਗਤਾਂ ਦੇ ਸੇਵਾਦਾਰ

* ਰਣਜੀਤ ਸਿੰਘ ਹੇਅਰ ਪ੍ਰਧਾਨ
* ਪਾਲ ਸਿੰਘ ਬੀਸਲਾ ਮੀਤ ਪ੍ਰਧਾਨ
* ਜਗਦੀਪ ਸਿੰਘ ਸੰਘੇੜਾ ਮੀਤ ਪ੍ਰਧਾਨ
* ਕਸ਼ਮੀਰ ਸਿੰਘ ਧਾਲੀਵਾਲ ਜਨਰਲ ਸਕੱਤਰ
* ਜਰਨੈਲ ਸਿੰਘ ਭੰਡਾਲ ਸਹਾਇਕ ਜਨਰਲ ਸਕੱਤਰ
* ਜੋਗਿੰਦਰ ਸਿੰਘ ਸੁੰਨੜ ਰਿਕਾਰਡਿੰਗ ਸਕੱਤਰ
* ਸੁਰਜੀਤ ਸਿੰਘ ਭੱਟੀ ਸਹਾਇਕ ਰਿਕਾਰਡਿੰਗ ਸਕੱਤਰ
* ਸੁਖਪਾਲ ਸਿੰਘ ਝੂਟੀ ਖਜ਼ਾਨਚੀ
* ਸੁਖਵਿੰਦਰ ਸਿੰਘ ਗਿੱਲ ਸੀਨੀਅਰ ਸਹਾਇਕ ਖਜਾਨਚੀ
* ਗੁਰਦੀਪ ਸਿੰਘ ਹੇਅਰ ਸਹਾਇਕ ਖਜਾਨਚੀ
* ਕੁਲਵੀਰ ਸਿੰਘ ਛੋਕਰ ਮੈਂਬਰ
* ਸੁਰਜੀਤ ਸਿੰਘ ਢਿੱਲੋਂ ਮੈਂਬਰ ਐਟ ਲਾਰਜ
* ਗੁਰਦਿਆਲ ਸਿੰਘ ਗੈਡੇ ਮੈਂਬਰ ਐਟ ਲਾਰਜ
* ਜਰਨੈਲ ਸਿੰਘ ਮੈਂਬਰ ਐਟ ਲਾਰਜ
* ਇੰਦਰਜੀਤ ਕੌਰ ਉੱਪਲ ਮੈਂਬਰ ਐਟ ਲਾਰਜ
* ਬਿਕਰਮਜੀਤ ਸਿੰਘ ਮੈਂਬਰ ਐਟ ਲਾਰਜ

ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ

ਰਣਜੀਤ ਸਿੰਘ ਹੇਅਰ (778-245-8900), ਸੁਖਵਿੰਦਰ ਸਿੰਘ ਗਿੱਲ ਰਾਣਾ (604-290-3851), ਕਸ਼ਮੀਰ ਸਿੰਘ ਧਾਲੀਵਾਲ (778-881-4216), ਮਲਕੀਤ ਸਿੰਘ ਧਾਮੀ (604-728-8548), ਮੋਹਣ ਸਿੰਘ ਗਿੱਲ 604-322-5610


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
WHOLESALE PRICES AT RETAIL STORE
UNBEATABLE SUPER SUPER SPECIAL
RED ONIONS
Red Onions 25 lb
ਲਾਲ ਗੰਢੇ
$18.98 bag
SUPER SPECIAL
Cilantro
ਧਣੀਆ
2 bunches for / $1.49
SUPER SPECIAL
Indian Style Carrots
ਇੰਡੀਅਨ ਗਾਜਰਾਂ
98¢ lb
Oranges Seedless
ਸੰਗਤਰੇ
( ਬਿਨਾ ਬੀਜ ਤੋਂ )
99¢ lb
UNBEATABLE BOX SALE SPECIAL
Jumbo Carrots 22 lb
ਜੰਬੋ ਗਾਜਰਾਂ
FRESH CARROT
$10.98 box
Indian Style Red Carrots 22 lb
ਇੰਡੀਅਨ ਗਾਜਰਾਂ
$18.99 box
Fine Cane Sugar (Indican) 8 lb
ਗੰਨੇ ਦੀ ਖੰਡ 8lb ਇੰਡੀਕੇਨ
$5.99 bag
Moroccan Clementines
ਮੋਰੱਕੋ ਮੰਡਰੀਨ
$1.99 lb
Fresh Ginger 30 lb
ਤਾਜਾ ਅਦੱਰਕ
$27.99 box
Garlic 22 lb
ਤਾਜਾ ਲਸਣ
$19.99 box
Raw Almonds #1 Large Size
ਵੱਡੇ ਬਦਾਮ
$5.98 lb
Brittania Cake Rusk 550 g
ਬ੍ਰਿਟਾਨੀਆ ਕੇਕ ਰਸਕ 550
$3.99 pkg.
SUPER SPECIAL
Jumbo Carrots
ਜੰਬੋ ਗਾਜਰਾਂ
58¢ lb
SUPER SPECIAL
Red Lentil Split
ਧੋਤੀ ਮਸਰਾਂ ਦੀ ਦਾਲ
88¢ lb
SUPER SPECIAL
Fresh ginger & Fresh Garlic
ਤਾਜਾ ਲਸਣ ਤਾਜਾ ਅਦੱਰਕ
99¢ lb
Roasted Peanuts in Shell Reg.
ਭੁੱਜੀ ਮੂੰਗਫਲੀ
$1.99 lb
Indican Tea 216's
ਇੰਡੀਕੇਨ ਚਾਹ
$5.99 pkg.
SUPER SPECIAL
Fresh Regular Okra
ਭਿੰਡੀ
$3.49 lb
SUPER SPECIAL
Plain Gur 2 lb
ਸਾਦਾ ਗੁੜ
$2.98 shell
Daikon (Moli)
ਮੂਲੀ
99¢ lb
Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$3.98 ea.
Indican Punjabi Biscuits 2.2 lb
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.
Red Lentil Whole, Split & Chickpeas 4 lb Indican
$3.98 bag
English Cucumbers
ਇੰਗਲਿਸ਼ ਖੀਰੇ
2 for / $1.50
Russet Potatoes Snoboy 10 lb
ਆਲੂ ਰਸਟ ਸਨੋਬੁਆਏ
$3.99 bag
Roma Tomatoes
ਰੋਮਾ ਟਮਾਟਰ
$1.49 lb
Indican Basmati Rice 8 lb
ਇੰਡੀਕੇਨ ਬਾਸਮਤੀ ਚੌਲ
$7.99 bag
Fri May 08, 2026 - Wed May 13, 2026
We reserve the right to limit the quantities while they last
Specials valid for Lower Mainland only
25 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Product images may differ from the actual produc..
Disclaimer: We reserve the right to add restrictions on products with a minimum purchase
FRUITICANA KING GEORGE LOCATION NOW OPEN #101-10241 KING GEORGE BLVD, SURREY. 604-503-1149
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ----------------- 236-317-6272
Surrey------------ 10241 King George Blvd ----- 604-503-1149
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
Surrey ----------- 101-1812 152St. -------------- 604-539-5736
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520